New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.



ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 14 February, 2025 C ੩ ਫੱਗਣ ਨਾਨਕਸ਼ਾਹੀ ਸੰਮਤ ੫੫੬
Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4



# ਕੈਨੇਡਾ ਵੱਲੋਂ ਸਾਲ 2022-23 ਦੌਰਾਨ ਵੱਖ ਵੱਖ ਮੁਲਕਾਂ ਨੂੰ ਦਿੱਤੀ ਗਈ 16 ਬਿਲੀਅਨ ਡਾਲਰ ਦੀ ਸਹਾਇਤਾ


## ਯੂਕਰੇਨ ਨੂੰ ਸਭ ਤੋਂ ਵੱਧ 5.437 ਅਰਬ ਡਾਲਰ ਦੀ ਸਹਾਇਤਾ, ਭਾਰਤ ਨੂੰ ਵੀ ਵਿਦਿਆ, ਸਿਹਤ ਅਤੇ ਵਿਕਾਸ ਯੋਜਨਾਵਾਂ ਲਈ ਦਿੱਤੇ 112 ਮਿਲੀਅਨ ਡਾਲਰ

**ਔਟਵਾ (ਸਿਮਰਨਜੀਤ ਸਿੰਘ):** ਕੈਨੇਡਾ ਦੁਨੀਆ ਭਰ ਵਿੱਚ ਵੱਖ-ਵੱਖ ਦੇਸ਼ਾਂ ਨੂੰ ਆਪਣੀ ਅੰਤਰਰਾਸ਼ਟਰੀ ਮੱਦਦ ਰਾਹੀਂ ਆਰਥਿਕ, ਮਾਨਵਤਾ ਅਤੇ ਵਿਕਾਸ ਪਲਾਨਾਂ ਵਿੱਚ ਸਹਿਯੋਗ ਦੇਣ ਲਈ ਵਚਨਬੱਧ ਹੈ। ਤਾਜ਼ਾ ਅੰਕੜਿਆਂ ਮੁਤਾਬਕ, 2024 ਵਿੱਚ ਕੈਨੇਡਾ ਨੇ ਸਭ ਤੋਂ ਵਧੇਰੇ ਮੱਦਦ ਯੂਕਰੇਨ ਨੂੰ ਦਿੱਤੀ, ਜੋ ਕਿ $5.437 ਅਰਬ ਡਾਲਰ ਰਹੀ।

ਯੂਕਰੇਨ ਵਿੱਚ ਚੱਲ ਰਹੇ ਯੁੱਧ ਦੇ ਕਾਰਨ, ਕੈਨੇਡਾ ਨੇ ਇਸ ਨੂੰ ਵਿਦੇਸ਼ੀ ਮੱਦਦ ਦੇਣ ਵਿੱਚ ਸਾਰੀਆਂ ਹੋਰ ਦੇਸ਼ਾਂ ਦੀ ਤੁਲਨਾ ਵਿੱਚ ਕਈ ਗੁਣਾ ਵਧੇਰੇ ਸਹਾਇਤਾ ਉਪਲੱਬਧ ਕਰਵਾਈ। ਇਹ ਮੱਦਦ ਯੁੱਧ-ਪੀੜਤ ਲੋਕਾਂ ਦੀ ਭਲਾਈ, ਪਨਾਹਗਾਹ, ਭੋਜਨ ਅਤੇ ਮੁੜ-ਨਿਰਮਾਣ ਯੋਜਨਾਵਾਂ ਲਈ ਵਰਤੀ ਜਾਵੇਗੀ।

ਯੂਕਰੇਨ ਤੋਂ ਬਾਅਦ, ਨਾਈਜੀਰੀਆ ($277 ਮਿਲੀਅਨ), ਇਥੋਪੀਆ ($251 ਮਿਲੀਅਨ), ਅਤੇ ਬੰਗਲਾਦੇਸ਼ ($234 ਮਿਲੀਅਨ) ਕੈਨੇਡਾ ਦੀ ਵਿਦੇਸ਼ੀ ਮੱਦਦ ਲੈਣ ਵਾਲੇ ਸਭ ਤੋਂ ਵੱਡੇ ਲਾਭਪਾਤਰੀ ਬਣੇ।

ਇਸੇ ਤਰ੍ਹਾਂ ਨਾਈਜੀਰੀਆ ਨੂੰ ਅੱਤਵਾਦ, ਭੁੱਖਮਰੀ ਅਤੇ ਆਰਥਿਕ ਸੰਕਟ ਦਾ ਸ਼ਿਕਾਰ ਹੋਣ ਕਰਕੇ, ਇਸ ਦੇਸ਼ ਨੂੰ ਵਿਦੇਸ਼ੀ ਮੱਦਦ • ਬਾਕੀ ਸਫ਼ਾ 2 ’ਤੇ




# ਚਿੱਤਰ ਕਲਾ ਖੇਤਰ ਦੀ ਸੰਸਾਰ ਪ੍ਰਸਿੱਧ ਸ਼ਖਸੀਅਤ ਸਨ ਸ. ਜਰਨੈਲ ਸਿੰਘ ਆਰਟਿਸਟ

ਸਰੀ, (ਡਾ. ਗੁਰਵਿੰਦਰ ਸਿੰਘ) ਪੰਜਾਬੀ ਕਲਾ ਖਬਰ ਹੈ ਕਿ ਸਰਦਾਰ ਜਰਨੈਲ ਸਿੰਘ ਆਰਟਿਸਟ ਸਨ, ਜਿੱਥੇ ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ ਯਾਤਰਾ ਪੂਰੀ ਕਰ ਗਏ ਹਨ। ਪਰਿਵਾਰਿਕ ਸੂਤਰਾਂ ਚੰਡੀਗੜ੍ਹ ਵਿੱਚ ਦਾਖਲ ਸਨ, ਜਿੱਥੇ 10 ਫਰਵਰੀ ਦੀ ਲੇਵਾ ਸਾਬਤ ਹੋਇਆ। ਇਸ ਤੋਂ ਪਹਿਲਾਂ ਪੀਲੀਏ ਦੀ ਲਿਵਰ ਤੇ ਕਿਡਨੀ 'ਤੇ ਅਸਰ ਸੀ, ਇਲਾਜ ਮਗਰੋਂ ਆ ਗਏ ਸਨ। ਪੰਜਾਬ ਫੇਰੀ ਦੌਰਾਨ ਉਨਾਂ ਦੀ ਸੁਪਤਨੀ ਕੈਨੇਡਾ ਤੋਂ ਪੰਜਾਬ ਰਵਾਨਾ ਹੋ ਰਹੇ ਹਨ। ਉਹਨਾਂ ਦਾ

ਜਰਨੈਲ ਸਿੰਘ ਆਰਟਿਸਟ ਦੀ ਉਮਰ 69 ਸਾਲ ਵੱਡਾ ਸਾਹਿਤਕ ਪਰਿਵਾਰ ਛੱਡ ਗਏ ਹਨ। ਜਰਨੈਲ



ਅਤੇ ਸਾਹਿਤ ਖੇਤਰ ਦੇ ਪ੍ਰੇਮੀਆਂ ਲਈ ਇਹ ਦੁਖਦਾਈ ਵਿਛੋੜਾ ਦੇ ਗਏ ਹਨ। ਉਹ ਇੰਨੀਂ ਦਿਨੀਂ ਪੰਜਾਬ ਗਏ ਹੋਏ ਅਤੇ ਅੱਜ ਇਹ ਦੁਖਦਾਈ ਖਬਰ ਮਿਲੀ ਕਿ ਉਹ ਸੰਸਾਰਕ ਅਨੁਸਾਰ ਉਹ ਪਿਛਲੇ ਕੁਝ ਦਿਨਾਂ ਤੋਂ ਪ੍ਰਾਈਵੇਟ ਹਸਪਤਾਲ ਸਵੇਰ ਨੂੰ ਉਹਨਾਂ ਨੂੰ ਦਿਲ ਦਾ ਦੌਰਾ ਪਿਆ, ਜੋ ਕਿ ਜਾਨ ਸ਼ਿਕਾਇਤ ਕਾਰਨ ਉਹ ਹਸਪਤਾਲ ਦਾਖਲ ਹੋਏ, ਜਿਸ ਦਾ ਉਹਨਾਂ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਸੀ ਅਤੇ ਘਰੇ ਬੀਬੀ ਬਲਜੀਤ ਕੌਰ ਨਾਲ ਸਨ, ਜਦ ਕਿ ਪੁੱਤਰ ਤੇ ਧੀ ਸਸਕਾਰ ਪਰਿਵਾਰ ਵੱਲੋਂ ਚੰਡੀਗੜ੍ਹ ਵਿਖੇ ਕੀਤਾ ਜਾਵੇਗਾ। ਦੀ ਸੀ। ਉਹ ਆਪਣੇ ਪਿੱਛੇ ਸੁਪਤਨੀ, ਪੁੱਤਰ, ਧੀ ਅਤੇ ਸਿੰਘ ਮਹਾਨ • ਬਾਕੀ ਸਫ਼ਾ 2 ’ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY



Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

PEST CONTROL
Rats, Mice
Ant, Fire Brats
House Flies
Termites
Spider | Fleas
Bed Bugs
Cockroaches
Silver Fish
RESIDENTIAL & COMMERCIALS
SAFE EFFECTIVE SOLUTIONS
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655



Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿੱਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC



IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey



ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey



KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

## ਕੈਨੇਡਾ ਵੱਲੋਂ ਸਾਲ 2022-23 ...

ਵਿੱਚ ਵਾਧੂ ਹਿੱਸਾ ਮਿਲਿਆ। ਇਥੋਪੀਆ ਨੂੰ ਗ੍ਰਹਿ-ਯੁੱਧ ਅਤੇ ਭੁੱਖਮਰੀ ਦੇ ਸੰਕਟ ਵਿੱਚ ਘਿਰੇ ਲੋਕਾਂ ਦੀ ਮਦਦ ਲਈ ਇਹ ਰਕਮ ਵਰਤੀ ਜਾਵੇਗੀ। ਬੰਗਲਾਦੇਸ਼ ਨੂੰ ਇਹ ਅਧਿਕ ਤੌਰ 'ਤੇ ਰੋਹਿੰਗਿਆ ਸ਼ਰਨਾਰਥੀ ਸੰਕਟ ਦੇ ਪ੍ਰਬੰਧਨ ਅਤੇ ਆਰਥਿਕ ਵਿਕਾਸ ਯੋਜਨਾਵਾਂ ਲਈ ਹੈ।

ਕੈਨੇਡਾ ਨੇ ਤਾਂਜ਼ਾਨੀਆ ($229 ਮਿਲੀਅਨ), ਕਾਂਗੋ ($207 ਮਿਲੀਅਨ), ਜੋਰਡਨ ($188 ਮਿਲੀਅਨ), ਅਤੇ ਮੋਜ਼ਾਮਬੀਕ ($173 ਮਿਲੀਅਨ) ਵਿੱਚ ਵੀ ਵੱਡੀ ਮੱਦਦ ਭੇਜੀ। ਜੋਰਡਨ ਨੂੰ ਸ਼ਰਨਾਰਥੀਆਂ ਦੀ ਸਥਿਤੀ ਸੰਭਾਲਣ ਲਈ ਇਹ ਮੱਦਦ ਦਿੱਤੀ ਗਈ। ਮੱਧ ਪੂਰਬ ਵਿੱਚ, ਸੀਰੀਆ ($125 ਮਿਲੀਅਨ) ਅਤੇ ਯਮਨ ($120 ਮਿਲੀਅਨ) ਦੀ ਮੱਦਦ ਯੁੱਧ ਕਾਰਨ ਉਬਲੇ ਮਾਨਵਤਾਵਾਦੀ ਸੰਕਟ ਨੂੰ ਸਮਝਣ ਲਈ ਕੀਤੀ ਗਈ।

ਇਸ ਤੋਂ ਇਲਾਵਾ ਭਾਰਤ ਅਤੇ ਇੰਡੋਨੇਸ਼ੀਆ, ਦੋਵੇਂ ਨੂੰ $112 ਮਿਲੀਅਨ ਦੀ ਸਹਾਇਤਾ ਮਿਲੀ, ਜੋ ਕਿ ਵਿਦਿਆ, ਸਿਹਤ ਅਤੇ ਵਿਕਾਸ ਯੋਜਨਾਵਾਂ ਲਈ ਸੀ। ਪਾਕਿਸਤਾਨ ਨੂੰ $153 ਮਿਲੀਅਨ ਮਿਲੇ, ਜਿਸ ਵਿੱਚ ਹੜ੍ਹਾਂ ਪ੍ਰਭਾਵਤ ਇਲਾਕਿਆਂ ਦੀ ਮੁੜ-ਉਤਥਾਨ ਯੋਜਨਾ ਸ਼ਾਮਲ ਹੈ। ਕੈਨੇਡਾ ਨੇ ਆਉਣ ਵਾਲੇ ਸਮਿਆਂ ਵਿੱਚ ਵੀ ਵਿਕਾਸਸ਼ੀਲ ਦੇਸ਼ਾਂ ਵਿੱਚ ਮੱਦਦ ਜਾਰੀ ਰੱਖਣ ਦੀ ਗੱਲ ਕਹੀ ਹੈ, ਜਿਸ ਵਿੱਚ ਜਲਵਾਯੂ ਪਰਿਵਰਤਨ, ਆਰਥਿਕ ਵਿਕਾਸ, ਅਤੇ ਮਹਿਲਾਵਾਂ ਦੇ ਅਧਿਕਾਰਾਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ।

ਸਰਕਾਰ ਦੇ ਪ੍ਰਕਾਸ਼ਨ ਅਨੁਸਾਰ, ਇਹ ਯੋਜਨਾਵਾਂ ਕੈਨੇਡਾ ਦੀ "ਫ਼ੈਮਿਨਿਸਟ ਵਿਦੇਸ਼ੀ ਨੀਤੀ" ਅਧੀਨ ਵੀ ਚੱਲ ਰਹੀਆਂ ਹਨ। ਕੈਨੇਡਾ ਦੀ $5.437 ਅਰਬ ਡਾਲਰ ਦੀ ਵਿਦੇਸ਼ੀ ਮੱਦਦ ਵਿਦੇਸ਼ ਨੀਤੀ ਵਿੱਚ ਇਸ ਦੇ ਸਫ਼ਲ ਅਤੇ ਮਜ਼ਬੂਤ ਭੂਮਿਕਾ ਦਰਸਾਉਂਦੀ ਹੈ। ਇਹ ਯਕੀਨੀ ਬਣਾਉਂਦੀ ਹੈ ਕਿ ਕੈਨੇਡਾ ਵਿਸ਼ਵ ਭਰ ਵਿੱਚ ਮਾਨਵਤਾ, ਆਰਥਿਕਤਾ, ਅਤੇ ਜਲਵਾਯੂ ਪ੍ਰਤੀ ਵਚਨਬੱਧ ਰਹੇਗਾ।

ਸਫ਼ਾ 1 ਦਾ ਬਾਕੀ

## ਚਿੱਤਰ ਕਲਾ ਖੇਤਰ ਦੀ ਸੰਸਾਰ...

ਚਿੱਤਰਕਾਰ ਸਰਦਾਰ ਕਿਰਪਾਲ ਸਿੰਘ ਜੀ ਦੇ ਸਪੁੱਤਰ ਸਨ ਅਤੇ ਉਨਾਂ ਨੇ ਸਮੁੱਚੀ ਜ਼ਿੰਦਗੀ ਸਾਹਿਤ ਅਤੇ ਕਲਾ ਖੇਤਰ ਦੀ ਬੇਮਿਸਾਲ ਸੇਵਾ ਕੀਤੀ। ਆਪ ਦਾ ਜਨਮ ਸੰਨ 1956 ਵਿਖੇ ਜ਼ੀਰਾ ਸ਼ਹਿਰ ਚ ਹੋਇਆ ਅਤੇ ਆਪਣੇ ਪਿਤਾ ਕਿਰਪਾਲ ਸਿੰਘ ਜੀ ਤੋਂ ਪੇਂਟਿੰਗ ਦਾ ਗਿਆਨ ਹਾਸਲ ਕੀਤਾ। ਇਸ ਤੋਂ ਇਲਾਵਾ ਉਚਕੋਟੀ ਦੇ ਵਿਸ਼ਵ ਵਿਦਿਆਲੇ ਤੋਂ ਇਸ ਸਬੰਧੀ ਮੁਹਾਰਤ ਹਾਸਲ ਕੀਤੀ ਅਤੇ ਆਪਣੀ ਯੋਗਤਾ ਨਾਲ ਦੇਸ਼ ਵਿਦੇਸ਼ ਵਿੱਚ ਨਾਮਣਾ ਖੱਟਿਆ। ਆਪਣਾ ਜੀਵਨ ਦੇ 40 ਸਾਲਾਂ ਤੋਂ ਵੱਧ ਸਮਾਂ ਪੰਜਾਬ ਆਰਟ ਖੇਤਰ ਨੂੰ ਸਮਰਪਿਤ ਕੀਤਾ। ਸ. ਜਰਨੈਲ ਸਿੰਘ ਨੇ ਸਾਨੂੰ 2000 ਵਿੱਚ ਪਰਿਵਾਰ ਸਮੇਤ ਪੱਕੇ ਤੌਰ 'ਤੇ ਕੈਨੇਡਾ ਟਿਕਾਣਾ ਕੀਤਾ। ਕੈਨੇਡਾ ਵਿਖੇ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਦੇ ਮੁਢਲੇ ਮੈਂਬਰਾਂ ਵਿੱਚੋਂ ਸਨ ਅਤੇ ਇਸ ਦੇ ਪ੍ਰਧਾਨ ਰਹਿ ਚੁੱਕੇ ਸਨ ਤੇ ਅੱਜ-ਕੱਲ ਜਨਰਲ ਸਕੱਤਰ ਦੇ ਅਹੁਦੇ 'ਤੇ ਸਨ। ਇਸ ਤੋਂ ਇਲਾਵਾ ਪੰਜਾਬੀ ਲੇਖਕ ਮੰਚ, ਵੈਨਕੂਵਰ ਵਿਚਾਰ ਮੰਚ ਸਮੇਤ ਕਈ ਸਾਹਿਤਕ ਸੰਸਥਾਵਾਂ ਦੀ ਵੀ ਆਪ ਅਗਵਾਈ ਕਰਦੀ ਰਹੇ।ਆਪ ਸਰੀ ਤੋਂ ਪ੍ਰਕਾਸ਼ਤ ਹੁੰਦੇ ਹਫਤਾਵਾਰੀ ਪੰਜਾਬੀ ਅਖ਼ਬਾਰ 'ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵੀ ਸਨ, ਅਤੇ ਪਿਛਲੇ ਲੰਮੇ ਸਮੇਂ ਤੋਂ ਅਦਾਰਾ 'ਪੰਜਾਬ ਟਾਈਮਜ਼' ਨਾਲ ਵੀ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ।

ਚਿੱਤਰਕਾਰ ਜਰਨੈਲ ਸਿੰਘ ਨੇ ਸਿੱਖ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਅਨੇਕਾਂ ਚਿੱਤਰ ਬਣਾਏ। ਉਹਨਾਂ ਸਰੀ ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਵਿਖੇ ਗਦਰੀ ਬਾਬਿਆਂ ਦੀਆਂ ਯਾਦਗਾਰੀ ਤਸਵੀਰਾਂ ਬਣਾਈਆਂ, ਜੋ ਪਿੱਛੇ ਜਿਹੇ ਦਰਬਾਰ ਸਾਹਿਬ ਅੰਮ੍ਰਿਤਸਰ ਸਥਿਤ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਕੀਤੀਆਂ ਗਈਆਂ ਸਨ। ਉਹਨਾਂ ਦੀਆਂ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਸਬੰਧੀ ਬਣਾਈਆਂ ਪੇਂਟਿੰਗਾਂ ਦੀ ਕੈਨੇਡਾ ਵਿੱਚ ਥਾਂ ਥਾਂ ਪ੍ਰਦਰਸ਼ਨੀ ਅਤੇ ਉਹਨਾਂ ਨੂੰ ਬੇਹਦ ਸਤਿਕਾਰ ਮਿਲਿਆ। ਆਪ ਦੀਆਂ ਆਖਰੀ ਪੇਂਟਿੰਗਾਂ ਵਿੱਚੋਂ ਇੱਕ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਪੇਂਟਿੰਗ ਸੀ, ਜੋ ਮੂਲ ਨਿਵਾਸੀ ਭਾਈਚਾਰੇ ਦੇ ਦਿਹਾੜੇ 'ਤੇ ਰਿਲੀਜ਼ ਕੀਤੀ ਗਈ। ਆਪਣੇ ਕਈ ਕਿਤਾਬਾਂ ਲਿਖੀਆਂ ਜਿਹਨਾਂ ਵਿੱਚ 'ਏ ਜਰਨੀ ਵਿਦ ਦਾ ਐਂਡਲੈਸ ਆਈ', 'ਵਿਸ਼ਵ ਦੇ ਪ੍ਰਸਿੱਧ ਚਿੱਤਰਕਾਰ ਸ਼ਾਹਕਾਰ' ਅਤੇ 'ਪੰਜਾਬੀ ਪੇਂਟਿੰਗਜ਼' ਆਦਿ ਸ਼ਾਮਿਲ ਹਨ। ਪ੍ਰਸਿੱਧ ਲਿਖਾਰੀ ਹਰਭਜਨ ਸਿੰਘ ਹੁੰਦਲ ਵੱਲੋਂ ਆਪ ਬਾਰੇ ਕਿਤਾਬ 'ਚਿਤਰਕਾਰ ਜਰਨੈਲ ਸਿੰਘ' ਲਿਖੀ ਗਈ

ਸਰੀ ਵਿੱਚ ਜਰਨੈਲ ਸਿੰਘ ਆਰਟਿਸਟ ਦੀ ਜਰਨੈਲ ਆਰਟਸ ਅਕੈਡਮੀ ਸਾਹਿਤਿਕ ਇਕੱਠਾ ਦਾ ਕੇਂਦਰ ਹੁੰਦੀ, ਜਿੱਥੇ ਵੱਖ ਵੱਖ ਸ਼ਖ਼ਸੀਅਤਾਂ ਆਉਂਦੀਆਂ ਅਤੇ ਵਿਚਾਰ ਸਾਂਝੇ ਕਰਦੀਆਂ। ਉਨਾਂ ਦੇ ਮਿਲਾਪੜੇ ਸੁਭਾਅ ਨੇ ਸਾਰਿਆਂ ਦੇ ਦਿਲਾਂ ਨੂੰ ਜੋੜਿਆ ਅਤੇ ਬੇਪਨਾਹ ਮੁਹੱਬਤ ਹਾਸਲ ਕੀਤੀ। ਪੰਜਾਬ ਤੋਂ ਇਲਾਵਾ ਕੈਨੇਡਾ ਵਿੱਚ ਵੀ ਉਨਾਂ ਨੂੰ ਕਲਾ ਖੇਤਰ ਵਿੱਚ ਵੱਡੇ ਸਨਮਾਨ ਮਿਲ ਚੁੱਕੇ ਸਨ ਅਤੇ ਸਭ ਤੋਂ ਵੱਡਾ ਸਨਮਾਨ ਜਰਨੈਲ ਸਿੰਘ ਦਾ ਲੋਕ ਦਿਲਾਂ ਵਿੱਚ ਸਤਿਕਾਰ ਸੀ। ਆਪ ਨੂੰ ਕੈਨੇਡਾ ਸਰਕਾਰ ਵੱਲੋਂ ਕੁਇਨ ਅਲੈਜ਼ਾਬਿਥ ਡਾਇਮੰਡ ਜੁਬਲੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ, ਗਦਰੀ ਬਾਬਿਆਂ ਦੇ ਮੇਲੇ ਅਤੇ ਸਰੀ ਆਰਟਸ ਕੌਂਸਲ ਵੱਲੋਂ ਵੀ ਵਿਸ਼ੇਸ਼ ਅਵਾਰਡ ਦਿੱਤੇ ਗਏ। ਬੀਸੀ ਸਿੱਖ ਕੌਂਸਲ, ਕੈਨੇਡਾ ਵੱਲੋਂ ਸੰਨ 2001 ਵਿੱਚ ਕੌਮਾਂਤਰੀ ਸਿੱਖ ਕਾਨਫਰੰਸ ਮੌਕੇ ਉਹਨਾਂ ਨੂੰ ਵਿਸ਼ੇਸ਼ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਸਰਦਾਰ ਜਰਨੈਲ ਸਿੰਘ ਦਾ ਵਿਛੋੜਾ ਦਰਦਨਾਕ ਹੈ। ਵਾਹਿਗੁਰੂ ਪਰਿਵਾਰ ਅਤੇ ਦੋਸਤਾਂ-ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ!

# ਸਰੀ 'ਚ ਨਸ਼ੀਲੇ ਪਦਾਰਥਾਂ ਕਾਰਨ ਹੋਣ ਵਾਲੀਆਂ ਜ਼ਿਆਦਾਤਰ ਮੌਤਾਂ ਰਿਹਾਇਸ਼ੀ ਇਲਾਕਿਆਂ 'ਚ ਹੋਈਆਂ

ਸਰੀ (ਸਿਮਰਨਜੀਤ ਸਿੰਘ): ਸਰੀ 'ਚ ਗੈਰਕਾਨੂੰਨੀ ਨਸ਼ੀਲੇ ਪਦਾਰਥਾਂ ਨਾਲ ਹੋਣ ਵਾਲੀਆਂ ਜ਼ਿਆਦਾਤਰ ਮੌਤਾਂ ਵਿਅਕਤੀਗਤ ਰਿਹਾਇਸ਼ੀ ਥਾਵਾਂ 'ਤੇ ਹੋ ਰਹੀਆਂ ਹਨ। ਇਹ ਖੁਲਾਸਾ ਇੱਕ ਰਿਪੋਰਟ 'ਚ ਹੋਇਆ, ਜੋ ਫ਼ਰਵਰੀ 12 ਨੂੰ ਸਰੀ ਪੁਲਿਸ ਬੋਰਡ ਅੱਗੇ ਪੇਸ਼ ਕੀਤੀ ਗਈ ਹੈ।

ਇਹ ਰਿਪੋਰਟ 2023 ਅਤੇ 2024 ਵਿੱਚ ਸਰੀ ਪੁਲਿਸ ਸਰਵਿਸ ਅਤੇ ਆਰਸੀਐਮਪੀ ਵੱਲੋਂ ਓਵਰਡੋਜ਼ ਮਾਮਲਿਆਂ ਦੀ ਜਾਂਚ 'ਤੇ ਆਧਾਰਿਤ ਹੈ। 2024 ਵਿੱਚ 160 ਵਾਰ ਨਲੋਕਸੋਨ (ਓਲੋਨੋਣ) ਪਹੁੰਚਾਈ ਗਈ, ਜੋ ਕਿ ਜ਼ਹਿਰੀਲੇ ਨਸ਼ਿਆਂ ਦੀ ਓਵਰਟਡੋਜ਼ ਨਾਲ ਪ੍ਰਭਾਵਿਤ ਵਿਅਕਤੀਆਂ ਨੂੰ ਹੋਸ਼ 'ਚ ਲਿਆਉਣ ਲਈ ਵਰਤੀ ਜਾਂਦੀ ਹੈ।

ਓਵਰਡੋਜ਼ ਤੇ ਮੌਤਾਂ ਦਾ ਅੰਕੜਿਆਂ ਦੀ ਬਾਰੇ ਦੱਸਿਆ ਗਿਆ ਹੈ ਕਿ 2024 ਵਿੱਚ 659 ਓਵਰਡੋਜ਼ ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿੱਚੋਂ 174 ਵਿਅਕਤੀਆਂ ਦੀ ਮੌਤ ਹੋਈ। 2023 ਵਿੱਚ 752 ਓਵਰਡੋਜ਼ ਹੋਏ, ਜਿਨ੍ਹਾਂ ਵਿੱਚ 196 ਵਿਅਕਤੀਆਂ ਨੇ ਜ਼ਿੰਦਗੀ ਗੁਆਈ। ਸਭ ਤੋਂ ਵੱਧ ਓਵਰਡੋਜ਼ ਮਈ ਦੇ ਪਹਿਲੇ ਦੋ ਹਫ਼ਤਿਆਂ 'ਚ (80) ਹੋਏ, ਜਦਕਿ ਜਨਵਰੀ ਅਤੇ ਮਈ ਦੇ ਪਹਿਲੇ ਦੋ ਹਫ਼ਤਿਆਂ 'ਚ ਸਭ ਤੋਂ ਵੱਧ ਮੌਤਾਂ (22) ਦਰਜ ਕੀਤੀਆਂ ਗਈਆਂ। ਸਭ ਤੋਂ ਘੱਟ ਓਵਰਡੋਜ਼ ਅਪਰੈਲ ਅਤੇ ਦਸੰਬਰ ਦੇ ਆਖਰੀ ਦੋ ਹਫ਼ਤਿਆਂ 'ਚ (45) ਹੋਏ, ਜਦਕਿ ਦਸੰਬਰ ਦੇ ਆਖਰੀ ਦੋ ਹਫ਼ਤਿਆਂ 'ਚ ਸਿਰਫ਼ 10 ਮੌਤਾਂ ਹੋਈਆਂ।



2023 'ਚ 118 ਤੇ 2024 'ਚ 100 ਵਿਅਕਤੀਆਂ ਨੇ ਸੰਘਣੀ ਰਿਹਾਇਸ਼ੀ ਥਾਵਾਂ ਜਿਵੇਂ ਕਿ ਘਰ, ਡਰਾਈਵਵੇ, ਗੈਰੇਜ, ਟ੍ਰੇਲਰ ਆਦਿ 'ਚ ਜਾਨ ਗੁਆਈ। 2023 'ਚ 40 ਤੇ 2024 'ਚ 35 ਮੌਤਾਂ ਬਾਹਰਲੇ ਖੁੱਲ੍ਹੇ ਇਲਾਕਿਆਂ ਜਿਵੇਂ ਕਿ ਸੜਕਾਂ, ਪਾਰਕ, ਲਾਟਾਂ, ਜੰਗਲ ਆਦਿ 'ਚ ਹੋਈਆਂ। 2023 'ਚ 21 ਅਤੇ 2024 'ਚ 32 ਮੌਤਾਂ ਹੋਰ ਕਿਸੇ ਰਿਹਾਇਸ਼ੀ ਥਾਂ ਜਿਵੇਂ ਹੋਟਲ, ਮੋਟਲ, ਆਸ਼ਰਮ, ਸਮਾਜਿਕ/ਸਹਾਇਕ ਰਹਾਇਸ਼ ਵਿੱਚ ਹੋਈਆਂ। 2023 'ਚ 7 ਤੇ 2024 'ਚ 2 ਵਿਅਕਤੀ ਨਸ਼ੇ ਕਾਰਨ ਵਪਾਰਕ ਸਥਾਨ 'ਤੇ ਮਾਰੇ ਗਏ। 2023 'ਚ 5 ਤੇ 2024 'ਚ 3 ਵਿਅਕਤੀ ਵਾਹਨਾਂ ਵਿੱਚ ਮਾਰੇ ਗਏ। 2023 'ਚ 4 ਵਿਅਕਤੀ ਜੇਲ੍ਹ ਵਿੱਚ ਮਰੇ, ਪਰ 2024 'ਚ ਅਜਿਹਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ। 2023 'ਚ ਕੋਈ ਵੀ ਨਸ਼ਾ ਪ੍ਰਭਾਵਿਤ ਵਿਅਕਤੀ 'ਇਲਾਜ ਦੌਰਾਨ ਨਹੀਂ ਮਰਿਆ, ਪਰ 2024 'ਚ 1 ਮੌਤ ਉੱਥੇ ਹੋਈ। 2023 'ਚ 1 ਵਿਅਕਤੀ ਦੀ ਮੌਤ ਇੱਕ ਅਣਪਛਾਤੀ ਥਾਂ 'ਤੇ ਹੋਈ।

ਲਿੰਗ ਅਨੁਸਾਰ ਓਵਰਡੋਜ਼ ਨਾਲ ਮਰਨ ਵਾਲੇ ਲੋਕਾਂ ਦੇ ਮਾਮਲੇ 'ਚ 2024 ਅਨੁਸਾਰ 479 ਪੀੜਤ ਪੁਰਸ਼, 154 ਪੀੜਤ ਮਹਿਲਾਵਾਂ, 26 ਵਿਅਕਤੀਆਂ ਦੇ ਲਿੰਗ ਬਾਰੇ ਜਾਣਕਾਰੀ ਨਹੀਂ ਮਿਲੀ।

ਉਮਰ ਅਨੁਸਾਰ ਓਵਰਡੋਜ਼ (2024)

12 - 18 ਸਾਲ ਦੀ ਉਮਰ: 12 ਮਾਮਲੇ, 19 - 29 ਸਾਲ: 95 ਮਾਮਲੇ, 30 - 39 ਸਾਲ: 196 ਮਾਮਲੇ (ਸਭ ਤੋਂ ਵੱਧ), 40 - 49 ਸਾਲ: 137 ਮਾਮਲੇ, 50 - 59 ਸਾਲ: 89 ਮਾਮਲੇ, 60 - 69 ਸਾਲ: 39 ਮਾਮਲੇ, 70 - 79 ਸਾਲ: 4 ਮਾਮਲੇ, 87 ਮਾਮਲਿਆਂ 'ਚ ਉਮਰ ਦੀ ਜਾਣਕਾਰੀ ਨਹੀਂ ਮਿਲੀ।

ਇਹ ਅੰਕੜੇ ਦੱਸਦੇ ਹਨ ਕਿ ਨਸ਼ੀਲੇ ਪਦਾਰਥਾਂ ਕਾਰਨ ਸਰੀ ਵਿੱਚ ਮੌਤਾਂ ਦੀ ਗੰਭੀਰ ਸਥਿਤੀ ਬਣੀ ਹੋਈ ਹੈ, ਜਿੱਥੇ ਨਸ਼ਾ ਉਨ੍ਹਾਂ ਲੋਕਾਂ ਨੂੰ ਵਿਅਕਤੀਗਤ ਰਿਹਾਇਸ਼ੀ ਥਾਵਾਂ 'ਚ ਹੀ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਸਰੀ ਪੁਲਿਸ ਬੋਰਡ ਵੱਲੋਂ ਇਸ ਗੰਭੀਰ ਸਮੱਸਿਆ ਨੂੰ ਲੈ ਕੇ ਇਸ ਮਹੀਨੇ ਆਗਾਮੀ ਮੀਟਿੰਗ 'ਚ ਚਰਚਾ ਹੋਣ ਦੀ ਉਮੀਦ ਹੈ। This report was written by Simranjit Singh as part of the Local Journalism Initiative.

# ਕ੍ਰਿਸਟਿਆ ਫ੍ਰੀਲੈਂਡ ਨੇ ਲਿਬਰਲ ਪਾਰਟੀ ਦੇ ਮੁੱਖ ਆਗੂ ਬਣਨ ਲਈ ਆਪਣੇ ਚੋਣ ਮੈਨੀਫੈਸਟੋ ਦੀ ਕੀਤੀ ਘੋਸ਼ਣਾ

ਔਟਵਾ (ਸਿਮਰਨਜੀਤ ਸਿੰਘ): ਲਿਬਰਲ ਪਾਰਟੀ ਦੇ ਮੁੱਖ ਆਗੂ ਬਣਨਦੀ ਉਮੀਦਵਾਰ ਕ੍ਰਿਸਟਿਆ ਫ੍ਰੀਲੈਂਡ ਨੇ ਮੰਗਲਵਾਰ ਨੂੰ ਆਪਣੇ ਚੋਣ ਮੁਹਿੰਮ ਦੇ ਏਜੰਡੇ ਦੀ ਘੋਸ਼ਣਾ ਕਰਦੇ ਹੋਏ ਕੈਨੇਡਾ ਵਾਸੀਆਂ ਲਈ ਵਿੱਤੀ ਰਾਹਤ ਦੇ ਵਾਅਦੇ ਕੀਤੇ।

ਉਨ੍ਹਾਂ ਨੇ ਆਮਦਨ ਤੇ ਨਵੇਂ ਘਰਾਂ ਉੱਤੇ ਕਰਾਂ ਦੀ ਕਟੌਤੀ, ਕਰੈਡਿਟ ਕਾਰਡਾਂ ਦੀ ਵਿਆਜ਼ ਦਰ 'ਤੇ ਪਾਬੰਦੀ, ਵਧ ਰਹੀਆਂ ਕਰਿਆਨਿਆਂ ਦੀਆਂ ਕੀਮਤਾਂ ਤੇ ਨਿਯੰਤਰਣ ਅਤੇ ਬੱਚਿਆਂ ਦੀ ਦੇਖਭਾਲ ਲਈ ਹੋਰ ਸਥਾਨ ਬਣਾਉਣ ਦੀ ਯੋਜਨਾ ਪੇਸ਼ ਕੀਤੀ।

ਫ੍ਰੀਲੈਂਡ ਨੇ ਦੱਸਿਆ ਕਿ ਉਹ ਮੱਧਵਰਗ ਲਈ ਆਮਦਨ ਕਰ ਘਟ ਕਰਨਗੇ। ਉਹ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੇ ਸਾਲ ਹੀ ਦੂਜੇ ਆਮਦਨ ਕਰ-ਸ਼੍ਰੇਣੀ ਦੀ ਦਰ 20.5% ਤੋਂ ਘਟਾ ਕੇ 19% ਕਰਨਗੇ, ਜਿਸ ਨਾਲ ਇੱਕ ਵਿਅਕਤੀ ਨੂੰ ਸਾਲਾਨਾ 550 ਡਾਲਰ ਅਤੇ ਇਕ ਦੰਪਤੀ ਨੂੰ 1,100 ਡਾਲਰ ਦੀ ਬਚਤ ਹੋਵੇਗੀ।

ਉਨ੍ਹਾਂ ਨੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ 1.5 ਮਿਲੀਅਨ ਡਾਲਰ ਤੱਕ ਦੇ ਨਵੇਂ ਘਰਾਂ 'ਤੇ ਫੈਡਰਲ ਕਰ ਹਟਾਉਣ ਅਤੇ ਜੀ.ਐਸ.ਟੀ. ਸਮਾਪਤ ਕਰਨ ਦੀ ਯੋਜਨਾ ਵੀ ਸ਼ਾਮਲ ਕੀਤੀ।




ਫ੍ਰੀਲੈਂਡ ਨੇ ਆਮ ਲੋਕਾਂ ਨੂੰ ਵਿੱਤੀ ਝਟਕਿਆਂ ਤੋਂ ਬਚਾਉਣ ਲਈ ਕਰੈਡਿਟ ਕਾਰਡ ਵਿਆਜ਼ ਦਰ 'ਤੇ 15% ਦੀ ਸੀਮਾ ਲਗਾਉਣ ਅਤੇ ਇਸਨੂੰ 10% ਤੱਕ ਘਟਾਉਣ ਲਈ ਕੰਮ ਕਰਨ ਦਾ ਵਾਅਦਾ ਕੀਤਾ।

ਕਿਰਿਆਨਾ ਕੀਮਤਾਂ ਵਧਣ ਕਾਰਨ ਲੋਕਾਂ ਨੂੰ ਆ ਰਹੀਆਂ ਮੁਸ਼ਕਿਲਾਂ 'ਤੇ ਗੰਭੀਰ ਹੋਣ ਦਾ ਦਾਅਵਾ ਕਰਦੇ ਹੋਏ, ਉਨ੍ਹਾਂ ਨੇ ਲੋੜੀਂਦੇ ਖਾਣ-ਪੀਣ ਵਾਲਿਆਂ ਆਇਟਮਾਂ ਜਿਵੇਂ ਕਿ ਦੁੱਧ, ਅੰਡੇ, ਫਲ, ਸਬਜ਼ੀਆਂ, ਡੱਬਾ-ਬੰਦ ਆਹਾਰ ਅਤੇ ਬੱਚਿਆਂ ਦੇ ਫਾਰਮੂਲਾ ਦੁੱਧ ਉੱਤੇ ਨਫ਼ੇ ਦੀ ਸੀਮਾ ਨਿਰਧਾਰਤ ਕਰਨ ਦੀ ਯੋਜਨਾ ਬਣਾਈ ਹੈ।

ਫ੍ਰੀਲੈਂਡ ਨੇ ਦੱਸਿਆ ਕਿ ਉਹ ਗਰੋਸਰੀ ਸੈਕਟਰ 'ਚ ਮੁਕਾਬਲੇ ਨੂੰ ਵਧਾਵਣ ਲਈ ਨਵੇਂ ਅਤੇ ਆਜ਼ਾਦ ਗਰੋਸਰਾਂ ਨੂੰ ਘੱਟ-ਦਰ ਦੇ ਕਰਜ਼ੇ ਉਪਲਬਧ ਕਰਵਾਉਣਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਮਰੀਕੀ ਕੰਪਨੀਆਂ ਤੋਂ ਇਲਾਵਾ ਹੋਰ ਵਿਦੇਸ਼ੀ ਗਰੋਸਰੀ ਚੇਨਾਂ ਨੂੰ ਬਾਜ਼ਾਰ ਵਿੱਚ ਆਉਣ ਦੀ ਇਜਾਜ਼ਤ ਦੇਣ 'ਤੇ ਵੀ ਵਿਚਾਰ ਕਰ ਰਹੇ ਹਨ।

ਉਨ੍ਹਾਂ ਨੇ 100,000 ਨਵੇਂ "$10-ਪ੍ਰਤੀ-ਦਿਨ" ਵਾਲੇ ਬੱਚਾ ਸੰਭਾਲ ਸਥਾਨ ਬਣਾਉਣ ਦੀ ਯੋਜਨਾ ਵੀ ਪੇਸ਼ ਕੀਤੀ। ਉਨ੍ਹਾਂ ਦੇ ਮੁਤਾਬਕ, ਨਵੇਂ ਜਾਂ ਨਵੀਨੀਕਰਣ ਕੀਤੇ ਫੈਡਰਲ ਦਫ਼ਤਰਾਂ ਵਿੱਚ ਚਾਈਲਡ ਕੇਅਰ ਸਥਾਪਿਤ ਕੀਤੇ ਜਾਣਗੇ। ਇਹਨਾਂ ਸਥਾਨਾਂ ਨੂੰ ਗੈਰ-ਨਫ਼ਾ ਸਰਕਾਰੀ ਸੰਸਥਾਵਾਂ ਨੂੰ ਮੁਫ਼ਤ ਦਿੱਤਾ ਜਾਵੇਗਾ ਅਤੇ ਕਿਰਾਏ ਨੂੰ 60 ਦਿਨਾਂ ਦੇ ਅੰਦਰ ਹੀ ਨਿਊਨਤਮ ਕੀਤਾ ਜਾਵੇਗਾ। This report was written by Simranjit Singh as part of the Local Journalism Initiative.

# ਸਰੀ ਕੌਂਸਲ ਵਲੋਂ ਨਵੇਂ ਸਾਲ ਤੋਂ ਯੂਟਿਲਿਟੀ ਦਰਾਂ 'ਚ ਵਾਧਾ, ਸਰੀ ਵਾਸੀਆਂ 'ਤੇ ਵਧੇਗਾ ਬੋਝ

## • ਸਿਊਰ ਰੇਟਾਂ ਵਿੱਚ 37.6% ਦਾ ਵਾਧਾ ਕੀਤੇ ਜਾਣ ਦੀ ਸੰਭਾਵਨਾ • 2025 ਵਿੱਚ ਮੀਟਰਡ ਪਾਣੀ ਰੇਟ 5.5% ਵਧਾਏ

**ਸਰੀ, (ਸਿਮਰਨਜੀਤ ਸਿੰਘ):** ਹੁਣ ਸਰੀ ਵਾਸੀਆਂ ਲਈ ਹਰ ਸਾਲ ਯੂਟਿਲਿਟੀ ਰੇਟਾਂ 'ਚ ਵਾਧਾ ਵੀ ਇੱਕ ਅਟੱਲ ਹਕੀਕਤ ਬਣ ਗਈ ਹੈ। ਸਰੀ ਸ਼ਹਿਰ ਦੀ ਮਿਉਂਸਿਪਲ ਕੌਂਸਲ ਨੇ 2025-2029 ਦੀ ਪੰਜ ਸਾਲਾ ਵਿੱਤੀ ਯੋਜਨਾ ਤਹਿਤ ਨਵੀਆਂ ਦਰਾਂ ਦੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਅਧੀਨ ਪਾਣੀ, ਸੀਵਰੇਜ਼, ਨਿਕਾਸੀ, ਕੂੜਾ-ਕਰਕਟ, ਪਾਰਕਿੰਗ ਅਤੇ ਹੋਰ ਯੂਜ਼ਰ-ਪੇਅ ਆਧਾਰਤ ਸਹੂਲਤਾਂ ਦੀਆਂ ਫੀਸਾਂ ਵਿੱਚ ਵਾਧਾ ਕਰਨ ਦਾ ਫੈਸਲਾ ਕੀਤਾ ਹੈ।

ਸਿਊਰ ਦਰਾਂ 'ਚ ਵਾਧੇ ਨੇ ਲੋਕਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। ਇਹ ਵਾਧਾ ਨੌਰਥ ਸ਼ੋਰ ਵੈਸਟਵਾਟਰ ਟਰੀਟਮੈਂਟ ਪਲਾਂਟ ਦੀ ਲਾਗਤ 'ਚ ਆਏ ਵਾਧੇ ਕਰਕੇ ਹੋਇਆ, ਜੋ ਪਿਛਲੇ ਅੰਕੜਿਆਂ ਨਾਲੋਂ $2.86 ਬਿਲੀਅਨ ਵਧ ਗਿਆ ਹੈ। ਸਰੀ ਸਿਊਰ ਦਰਾਂ 2025 ਵਿੱਚ 37.6% ਵਧ ਗਈ ਹੈ, ਜਿਸ ਵਿੱਚੋਂ 76% ਵਾਧਾ ਇਸ ਟਰੀਟਮੈਂਟ ਪਲਾਂਟ ਦੀ ਲਾਗਤ ਪੂਰੀ ਕਰਨ ਲਈ ਹੋਇਆ। ਉਮੀਦ ਹੈ ਕਿ ਅਗਲੇ 4 ਸਾਲਾਂ ਦੌਰਾਨ ਮੈਟ੍ਰੋ ਵੈਨਕੂਵਰ ਸਿਊਰ ਦਰਾਂ ਵਿੱਚ ਹਰੇਕ ਸਾਲ 7.1% ਵਾਧੂ ਹੋਏਗਾ।

ਇਸ ਦੇ ਨਾਲ ਹੀ ਸਰੀ ਵਾਸੀਆਂ 'ਤੇ ਮੀਟਰਡ ਸਿੰਗਲ-ਫੈਮਿਲੀ ਗ੍ਰਾਹਕਾਂ 'ਤੇ ਸਾਲਾਨਾ ਅਸਰ: $174.14, ਮੀਟਰਡ ਵਪਾਰਕ ਗ੍ਰਾਹਕਾਂ ਲਈ: $967.41, ਗੈਰ-ਮੀਟਰਡ ਰਹਾਇਸ਼ੀ ਗ੍ਰਾਹਕਾਂ ਲਈ: $386.96 ਦਾ ਵਾਧੂ ਬੋਝ ਝਲਣਾ ਪਵੇਗਾ।

ਵਿੱਤੀ ਕਮੇਟੀ ਦੀ ਮੀਟਿੰਗ ਦੌਰਾਨ ਲੋਕਾਂ ਨੂੰ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਗਿਆ, ਪਰ ਕੋਈ ਵੀ ਹਾਜ਼ਰ ਨਹੀਂ ਹੋਇਆ। ਬਰੈਂਡਾ ਲੌਕ ਨੇ




ਕਿਹਾ, "ਇਹ ਚਿੰਤਾਜਨਕ ਹੈ, ਪਰ ਇਹ ਵਾਧਾ ਸਾਨੂੰ ਮੈਟ੍ਰੋ ਵੈਨਕੂਵਰ ਵੱਲੋਂ ਲਗਾਇਆ ਗਿਆ ਹੈ।" ਕੌਂਸਲਰ ਲਿੰਡਾ ਐਨਿਸ ਨੇ ਵੀ ਵਾਧੂ 'ਤੇ ਸੰਕਟ ਪ੍ਰਗਟਾਇਆ। "ਇਹ ਵਾਧਾ ਸਧਾਰਨ ਪਰਿਵਾਰਾਂ 'ਤੇ ਵੱਡਾ ਬੋਝ ਪਾਏਗਾ,"

ਸਰੀ ਸ਼ਹਿਰ ਪਿਛਲੇ 25 ਸਾਲਾਂ ਤੋਂ ਪਾਣੀ ਮੀਟਰਿੰਗ ਪ੍ਰੋਗਰਾਮ ਚਲਾ ਰਿਹਾ ਹੈ, ਜਿਸ ਅਧੀਨ 74,000 ਗ੍ਰਾਹਕ ਹਨ। 2025 ਵਿੱਚ ਮੀਟਰਡ ਪਾਣੀ ਰੇਟ 5.5% ਵਧਾਏ ਗਏ ਹਨ, ਜਿਸ ਵਿੱਚੋਂ 95% ਮੈਟ੍ਰੋ ਵੈਨਕੂਵਰ ਵਾਸੀਆਂ ਤੋਂ ਵਸੂਲਿਆ ਜਾਵੇਗਾ।

ਡ੍ਰੇਨੈਜ ਦਰ ਦੀ ਗੱਲ ਕਰੀਏ ਤਾਂ ਰਹਾਇਸ਼ੀ/ਕਿਸਾਨੀ: $247 ਕਰ ਦਿੱਤੀਆਂ ਗਈਆਂ ਜੋ ਕਿ ਸਾਲ 2024 ਵਿੱਚ $246 ਸਨ। ਵਪਾਰਕ/ਉਦਯੋਗਿਕ: $604 ਕਰ ਦਿੱਤੀਆਂ ਗਈਆਂ ਹਨ ਜੋ ਕਿ 2024 ਵਿੱਚ $601 ਸਨ।

ਕੂੜਾ-ਕਰਕਟ ਅਤੇ ਰੀਸਾਈਕਲਿੰਗ ਦਰਾਂ ਸਿੰਗਲ-ਫੈਮਿਲੀ/ਮਲਟੀ-ਫੈਮਿਲੀ: $340 ਕਰ ਦਿੱਤੀਆਂ ਗਈਆਂ ਹਨ ਜੋ ਕਿ 2024 ਵਿੱਚ $337 ਸਨ। ਸੈਕੰਡਰੀ ਸੂਟਸ ਲਈ $170 ਅਤੇ ਅਪਾਰਟਮੈਂਟ/ਟਾਊਨਹਾਊਸਜ਼ ਲਈ ਇਨ੍ਹਾਂ ਦਰਾਂ 'ਚ ਕੋਈ ਵਾਧਾ ਨਹੀਂ ਕੀਤਾ ਗਿਆ।

ਕੌਂਸਲਰ ਡੱਗ ਐਲਫੋਰਡ ਨੇ ਕਿਹਾ ਕਿ ਯੂਟਿਲਿਟੀ ਵਾਧੂ ਬੇਹੱਦ ਜ਼ਰੂਰੀ ਹੈ, ਕਿਉਂਕਿ ਇਹ ਮੁੱਢਲੀ ਸੇਵਾਵਾਂ ਨਾਲ ਸਬੰਧਤ ਹਨ। ਉਨ੍ਹਾਂ ਨੇ ਵਿਅੰਗ ਕਸਦੇ ਹੋਏ ਕਿਹਾ ਕਿ, "ਸਰੀ ਵਿੱਚ ਲੋਕ ਹਰ ਸਾਲ 1.2 ਬਿਲੀਅਨ ਵਾਰ ਟਾਇਲਟ ਫਲੱਸ਼ ਕਰਦੇ ਹਨ! ਇਹਨਾਂ ਸੇਵਾਵਾਂ 'ਤੇ ਧਿਆਨ ਦੇਣਾ ਲਾਜ਼ਮੀ ਹੈ।" ਸਰੀ ਦੀ ਕੌਂਸਲ ਨੇ 2024 ਦੀਆਂ ਯੂਟਿਲਿਟੀ ਦਰਾਂ ਵਿੱਚ ਵੀ ਵਾਧਾ ਕੀਤਾ ਸੀ, ਜਿਸ ਵਿੱਚ ਸਿਊਰ ਦਰਾਂ 14.5% ਵਧੀਆਂ ਸਨ। ਹੁਣ, ਆਉਣ ਵਾਲੇ 4 ਸਾਲਾਂ ਵਿੱਚ, ਹਰੇਕ ਸਾਲ ਯੂਟਿਲਿਟੀ ਰੇਟ ਵਿੱਚ ਹੋਰ ਵਾਧਾ ਕੀਤੇ ਜਾਣ ਦੀ ਸੰਭਾਵਨਾ ਬਣ ਗਈ ਹੈ। ਉਧਰ ਕੌਂਸਲਰ ਲਿੰਡਾ ਐਨਿਸ ਨੇ ਮੈਟਰੋ ਵੈਨਕੂਵਰ ਪ੍ਰਣਾਲੀ ਦੀ ਪੂਰੀ ਸਮੀਖਿਆ ਦੀ ਮੰਗ ਕੀਤੀ ਹੈ, ਤਾਂ ਜੋ ਸਰੀ ਵਾਸੀਆਂ ਉੱਤੇ ਹੋਣ ਵਾਲੇ ਅਤਿਰੀਕਤ ਵਿੱਤੀ ਬੋਝ ਨੂੰ ਘਟਾਇਆ ਜਾ ਸਕੇ। This report was written by Simranjit Singh as part of the Local Journalism Initiative.

# ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਦੀ ਅਦਾਲਤ ਕਾਰਵਾਈ ਅਗਲੇ ਮਹੀਨੇ ਤੱਕ ਟਲੀ

**ਸਰੀ, (ਸਿਮਰਨਜੀਤ ਸਿੰਘ):** ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿੱਚ ਮੁਲਜ਼ਮ ਚਾਰ ਵਿਅਕਤੀਆਂ ਦੇ ਉੱਚ-ਪ੍ਰੋਫ਼ਾਈਲ ਟ੍ਰਾਇਲ ਨੂੰ ਇੱਕ ਵਾਰ ਫਿਰ ਮੁਲਤਵੀ ਕਰ ਦਿੱਤਾ ਗਿਆ ਹੈ।

ਨਵੈਸਟਮਿਨਸਟਰ ਅਦਾਲਤ ਨੇ 11 ਫਰਵਰੀ ਨੂੰ ਹੋਈ ਅਦਾਲਤੀ ਕਾਰਵਾਈ ਦੌਰਾਨ ਮਾਮਲੇ ਨੂੰ ਅਪ੍ਰੈਲ ਤੱਕ ਟਾਲ ਦਿੱਤਾ। ਹੁਣ ਮਾਮਲੇ ਦੀ ਮੈਨੇਜਮੈਂਟ ਸੰਬੰਧੀ ਮੀਟਿੰਗ ਅਪਰੈਲ ਵਿੱਚ ਹੋਵੇਗੀ, ਜਿਸਦੀ ਤਾਰੀਖ਼ ਹਾਲੇ ਤਹਿ ਨਹੀਂ ਹੋਈ। ਇਨ੍ਹਾਂ ਤੋਂ ਇਲਾਵਾ, 23 ਅਪਰੈਲ ਨੂੰ ਨਵੈਸਟਮਿਨਸਟਰ ਵਿੱਚ ਹੋਰ ਸੁਣਵਾਈ ਤਹਿ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਨਿੱਝਰ ਦਾ 18 ਜੂਨ, 2023 ਨੂੰ ਸਕਾਟ ਰੋਡ ਦੇ 7000 ਬਲਾਕ 'ਚ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਲੌਟ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ।

ਇਸ ਮਾਮਲੇ 'ਚ ਅਮਨਦੀਪ ਸਿੰਘ, ਕਰਨ ਬਰਾੜ, ਕਮਲਪ੍ਰੀਤ ਸਿੰਘ ਅਤੇ ਕਰਨਪ੍ਰੀਤ ਸਿੰਘ ਨੂੰ ਪਹਿਲੀ ਦਰਜੇ ਦੇ



ਕਤਲ ਅਤੇ ਕਤਲ ਦੀ ਸਾਜ਼ਿਸ਼ ਕਰਨ ਦੇ ਦੋਸ਼ਾਂ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਨਵੈਸਟਮਿਨਸਟਰ ਅਦਾਲਤ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਉਮੀਦ ਕੀਤੀ ਜਾ ਰਹੀ ਸੀ ਕਿ ਭਾਈ ਨਿੱਝਰ ਦੇ ਸਮਰਥਕ ਵੀ ਵੱਡੀ ਗਿਣਤੀ ਵਿੱਚ ਪਹੁੰਚ ਸਕਦੇ ਹਨ, ਜਿਸ ਲਈ ਇੱਕ ਵਾਧੂ ਕੋਰਟ ਰੂਮ ਵੀ ਉਪਲਬਧ ਕਰਵਾਇਆ ਗਿਆ। ਪਰ, ਵਾਧੂ ਕੋਰਟ ਰੂਮ ਦੀ ਲੋੜ ਨਹੀਂ ਪਈ। ਮੁਲਜ਼ਮਾਂ ਵਿੱਚੋਂ ਤਿੰਨ ਦੇ ਵਕੀਲ ਵੀਡੀਓ ਕਾਨਫਰੰਸ ਰਾਹੀਂ ਪੇਸ਼ ਹੋਏ, ਜਦਕਿ ਚੌਥਾ ਮੁਲਜ਼ਮ ਨਿੱਜੀ ਤੌਰ 'ਤੇ ਅਦਾਲਤ 'ਚ ਪਹੁੰਚਿਆ। ਕ੍ਰਾਊਨ ਪੱਰੋਸੀਕਿਊਟਰ ਲੂਇਸ ਕੇਨਵਰਥੀ ਅਤੇ ਉਨ੍ਹਾਂ ਦੀ ਟੀਮ ਨੇ ਸਿੱਧਾ ਅਦਾਲਤ ਵਿੱਚ ਹਾਜ਼ਰੀ ਭਰੀ। ਅਦਾਲਤ ਨੇ ਮੰਗਲਵਾਰ ਨੂੰ ਹੋਈ ਸੁਣਵਾਈ ਦੌਰਾਨ ਪੇਸ਼ ਕੀਤੀ ਗਈ ਜਾਣਕਾਰੀ 'ਤੇ ਪਬਲਿਕੇਸ਼ਨ ਬੈਨ ਲਗਾ ਦਿੱਤੀ ਹੈ, ਜਿਸ ਕਰਕੇ ਮੀਡੀਆ ਤੇ ਤੱਥਾਂ ਨੂੰ ਪ੍ਰਕਾਸ਼ਿਤ ਕਰਨ 'ਤੇ ਪਾਬੰਦੀ ਫਿਲਹਾਲ ਲੱਗੀ ਰਹੇਗੀ। This report was written by Simranjit Singh as part of the Local Journalism Initiative.

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।



BHUPINDER OBEROI
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit # 105, 12568-72 Ave, Surrey
FREE
SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ



MONEY
BACK LIFE
INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈੱਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.



# ਸ੍ਰੀ ਗੁਰੂ ਰਵਿਦਾਸ ਜੀ
## ਦੇ ਪ੍ਰਕਾਸ਼ ਪੁਰਬ ਦੀਆਂ
## ਆਪ ਸਭ ਨੂੰ
## ਲੱਖ ਲੱਖ ਵਧਾਈਆਂ

Accounting Services Inc.

# ICC ACCOUNTING SERVICES INC.



# Gurnek Bangar (Pasla)

Office: 604-597-0991
Cell : 778-895-7444
Fax : 1-800-732-0519
Email: icc.accounting@yahoo.ca
Web : www.iccaccounting.com
8740 - 140A St, Surrey, BC V3W 0M4



# ਅਮਰੀਕੀ ਟੈਰਿਫ਼ ਖ਼ਤਰੇ ਦਰਮਿਆਨ ਕੈਨੇਡਾ 'ਚ 'ਕੈਨੇਡੀਅਨ ਉਤਪਾਦ ਖਰੀਦੋ' ਦੀ ਲਹਿਰ ਉਠੀ

**ਸਰੀ, (ਸਿਮਰਨਜੀਤ ਸਿੰਘ):** ਅਮਰੀਕਾ ਵੱਲੋਂ ਕੈਨੇਡਾ 'ਤੇ 25 ਫੀਸਦੀ ਟੈਰਿਫ਼ ਲਾਗੂ ਕਰਨ ਦੇ ਖ਼ਤਰੇ ਦਰਮਿਆਨ, ਕੈਨੇਡੀਅਨ ਗ੍ਰੋਸਰੀ ਸਟੋਰਾਂ ਨੇ ਅਮਰੀਕੀ ਉਤਪਾਦਾਂ ਨੂੰ ਮੂੰਹ ਤੋੜ ਜਵਾਬ ਦਿੰਦੇ ਹੋਏ ਦੇਸੀ ਕੈਨੇਡੀਅਨ ਉਤਪਾਦਾਂ ਦੀ ਖਰੀਦਦਾਰੀ ਕਰਨ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਹੈ। 'ਕਨੇਡੀਅਨ ਉਤਪਾਦ ਖਰੀਦੋ' ਲਹਿਰ ਨੂੰ ਹੁਣ ਨਵੇਂ ਉਤਸ਼ਾਹ ਨਾਲ ਅੱਗੇ ਵਧਾਇਆ ਜਾ ਰਿਹਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ 4 ਫ਼ਰਵਰੀ ਨੂੰ 25 ਫੀਸਦੀ ਟੈਰਿਫ਼ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਪਿਛਲੇ ਹਫ਼ਤੇ 30 ਦਿਨ ਦੀ ਢਿੱਲ ਦਿੱਤੀ ਗਈ। ਹਾਲਾਂਕਿ, ਸੋਮਵਾਰ ਨੂੰ ਟਰੰਪ ਨੇ ਸਟੀਲ ਅਤੇ ਐਲਮੀਨੀਅਮ ਉਤਪਾਦਾਂ 'ਤੇ 25 ਫੀਸਦੀ ਟੈਰਿਫ਼ ਲਗਾਉਣ ਦਾ ਹੁਕਮ ਜਾਰੀ ਕਰ ਦਿੱਤਾ। ਨਾਲ ਹੀ, ਉਨ੍ਹਾਂ ਨੇ ਕੈਨੇਡੀਅਨ ਗੱਡੀਆਂ 'ਤੇ 50 ਤੋਂ 100 ਫੀਸਦੀ ਟੈਰਿਫ਼ ਲਗਾਉਣ ਦੀ ਚਿਤਾਵਨੀ ਵੀ ਦਿੱਤੀ।

ਟੈਰਿਫ਼ ਖ਼ਤਰੇ ਨੂੰ ਦੇਖਦਿਆਂ, ਮੈਟ੍ਰੋ, ਸੋਬੇਸ, ਲਾਬਲੌ ਅਤੇ ਲੋਂਗੋ ਵਰਗੀਆਂ ਵੱਡੀਆਂ ਗ੍ਰੋਸਰੀ ਕੰਪਨੀਆਂ ਨੇ ਕੈਨੇਡੀਅਨ ਉਤਪਾਦਾਂ ਨੂੰ ਪ੍ਰਚਾਰ ਕਰਨ ਦੀ ਨਵੀਂ ਯੋਜਨਾ ਬਣਾ ਲਈ ਹੈ।

ਮੈਟ੍ਰੋ ਦੇ ਬੁਲਾਰੇ ਨੇ ਕਿਹਾ, "ਅਸੀਂ ਦੇਸੀ ਉਤਪਾਦਾਂ ਨੂੰ ਹੋਰ ਵਿਖਾਉਣਯੋਗ ਬਣਾਉਣ ਲਈ ਉਨ੍ਹਾਂ ਨੂੰ ਸਟੋਰ, ਔਨਲਾਈਨ ਅਤੇ ਵੈਕਲੀ ਫਲਾਇਰ ਵਿੱਚ ਵੱਧ ਤੋਂ ਵੱਧ




ਉਭਾਰ ਰਹੇ ਹਾਂ।" ਸੋਬੇਸ ਨੇ ਕਿਹਾ, "ਸਾਡੀ ਪਹਿਲ ਹੀ ਇੱਕ ਠੋਸ ਯੋਜਨਾ ਹੈ ਜੋ ਸਟੋਰਾਂ 'ਚ ਦੇਸੀ ਉਤਪਾਦਾਂ ਨੂੰ ਵਧਾਵਾ ਦਿੰਦੀ ਹੈ। ਨਵੀਆਂ ਤਕਰੀਬਾਂ ਨਾਲ ਅਸੀਂ ਕੈਨੇਡੀਅਨ ਉਤਪਾਦਾਂ ਨੂੰ ਹੋਰ ਉਭਾਰਾਂਗੇ। ਜਿੱਥੇ ਅਮਰੀਕੀ ਉਤਪਾਦਾਂ ਦੀ ਘਾਟ ਹੋਵੇਗੀ, ਉਥੇ ਅਸੀਂ ਹੋਰ ਦੇਸ਼ਾਂ, ਜਿਵੇਂ ਕਿ ਸਪੇਨ, ਮੋਰੱਕੋ ਅਤੇ ਮੈਕਸੀਕੋ, ਤੋਂ ਉਤਪਾਦ ਮੰਗਵਾਉਣ ਦੀ ਕੋਸ਼ਿਸ਼ ਕਰਾਂਗੇ।"

ਲੋਂਗੋ ਗ੍ਰੋਸਰੀ ਚੇਨ ਦੇ ਪ੍ਰਧਾਨ, ਡੈਬ ਕਰੈਵਨ ਨੇ ਕਿਹਾ, "ਸਾਡੇ 40 ਸਟੋਰਾਂ 'ਚ 100 ਫੀਸਦੀ ਮਾਸ, ਮੁਰਗਾ, ਦੂਸਰੇ ਮੁਲਕ ਦੇ ਨਹੀਂ ਹਨ, ਸਗੋਂ ਸਿੱਧੇ ਓਂਟਾਰੀਓ ਦੇ ਪਲਾਂਟਾਂ ਤੋਂ ਆਉਂਦੇ ਹਨ।"

ਉਨ੍ਹਾਂ ਕਿਹਾ, "ਅਸੀਂ ਸਟੋਰਾਂ ਵਿੱਚ ਕੈਨੇਡੀਅਨ ਉਤਪਾਦਾਂ ਦੀ ਪਛਾਣ ਵਾਸਤੇ ਨਵੇਂ ਬੋਰਡ ਅਤੇ ਡਿਜ਼ੀਟਲ ਲੇਬਲ ਲਗਾ ਰਹੇ ਹਾਂ, ਤਾਂ ਜੋ ਖਰੀਦਦਾਰ ਆਸਾਨੀ ਨਾਲ ਆਪਣੇ ਪਸੰਦੀਦਾ ਦੇਸੀ ਉਤਪਾਦ ਚੁਣ ਸਕਣ।"

ਅਮਰੀਕਾ ਵੱਲੋਂ ਕੈਨੇਡੀਅਨ ਉਤਪਾਦਾਂ 'ਤੇ ਨਵੇਂ ਟੈਰਿਫ਼ ਲਾਉਣ ਕਾਰਨ, ਦੋਵੇਂ ਦੇਸ਼ਾਂ ਵਿੱਚ ਵਪਾਰ ਉਤੇ ਨਕੁਸਾਨ ਪੈਣ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ।

ਲਾਬਲੌ ਦੇ ਸੀ.ਈ.ਓ. ਪੇਰ ਬੈਂਕ ਨੇ ਚਿਤਾਵਨੀ ਦਿੱਤੀ, "ਵਪਾਰਕ ਜੰਗ ਦੀ ਮਾਰ ਦੋਵੇਂ ਪਾਸਿਆਂ ਦੇ ਗਾਹਕਾਂ 'ਤੇ ਪੈ ਸਕਦੀ ਹੈ। ਅਸੀਂ ਉਨ੍ਹਾਂ ਉਤਪਾਦਾਂ ਨੂੰ ਲੱਭਣ ਲਈ ਨਵੇਂ ਵਿਕਲਪ ਤਲਾਸ਼ ਰਹੇ ਹਾਂ ਜੋ ਪਹਿਲਾਂ ਅਮਰੀਕਾ ਤੋਂ ਆਉਂਦੇ ਸਨ।"

ਉਨ੍ਹਾਂ ਕਿਹਾ, "ਅਸੀਂ ਆਪਣੇ ਪੀ.ਸੀ. ਓਪਟੀਮਮ ਐਪ ਵਿੱਚ ਇੱਕ ਨਵਾਂ ਵਿਸ਼ੇਸ਼ ਵਿਕਲਪ ਸ਼ਾਮਲ ਕੀਤਾ ਹੈ, ਜਿਸ ਰਾਹੀਂ ਗਾਹਕ ਆਪਣੇ ਖਰੀਦਦਾਰੀ ਸੂਚੀ 'ਚੋਂ ਅਮਰੀਕੀ ਉਤਪਾਦਾਂ ਦੀ ਥਾਂ ਕੈਨੇਡੀਅਨ ਉਤਪਾਦ ਚੁਣ ਸਕਣਗੇ।" ਕੈਨੇਡੀਅਨ ਉਤਪਾਦਾਂ ਦੀ ਵਧ ਰਹੀ ਮੰਗ ਦੇ ਨਤੀਜੇ ਵਜੋਂ, ਵਪਾਰਕ ਮਾਹਿਰਾਂ ਦਾ ਮੰਨਣਾ ਹੈ ਕਿ ਕੈਨੇਡਾ ਦੀਆਂ ਖੁਦ ਦੀਆਂ ਉਤਪਾਦਨ ਯੋਜਨਾਵਾਂ ਤੇਜ਼ ਹੋਣਗੀਆਂ। ਨਵੀਆਂ ਉਤਪਾਦਕ ਫੈਕਟਰੀਆਂ 'ਤੇ ਵੀ ਨਿਵੇਸ਼ ਵਧ ਸਕਦਾ ਹੈ।

ਜੇਕਰ ਟਰੰਪ ਵਾਸਤਵ ਵਿੱਚ 25 ਫੀਸਦੀ ਟੈਰਿਫ਼ ਲਗਾਉਂਦੇ ਹਨ, ਤਾਂ ਕੈਨੇਡਾ ਵਲੋਂ ਵੀ ਵਿਰੋਧੀ ਟੈਰਿਫ਼ ਲਗਾਏ ਜਾਣ ਦੀ ਸੰਭਾਵਨਾ ਹੈ। ਇਸ ਨਾਲ ਦੋਵੇਂ ਦੇਸ਼ਾਂ ਵਿਚ ਮਹਿੰਗਾਈ ਵਧਣ ਅਤੇ ਵਪਾਰਕ ਹਾਲਾਤ ਖਰਾਬ ਹੋਣ ਦੀ ਸੰਭਾਵਨਾ ਹੈ। This report was written by Simranjit Singh as part of the Local Journalism Initiative.

## ਪ੍ਰਿੰਸ ਜੋਰਜ ਫਾਰਮੇਸੀ ਦੇ ਬਾਹਰ ਪੁਲਿਸ ਵਲੋਂ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥ ਜ਼ਬਤ

**ਸਰੀ, (ਪਰਮਜੀਤ ਸਿੰਘ):** ਪ੍ਰਿੰਸ ਜੋਰਜ ਵਿਚ ਪੁਲਿਸ ਨੇ ਕਿਹਾ ਹੈ ਕਿ ਅਧਿਕਾਰੀਆਂ ਨੇ ਇੱਕ ਓਪਰੇਸ਼ਨ ਦੌਰਾਨ ਸੈਂਕੜੇ ਨਸ਼ੀਲੀਆਂ ਗੋਲੀਆਂ ਅਤੇ ਹੋਰ ਸ਼ੱਕੀ ਦਵਾਈਆਂ ਜਿਵੇਂ ਕਿ ਫੇਂਟਾਨੀਲ ਅਤੇ ਮੈਥਾਨੋਲ ਜ਼ਬਤ ਕੀਤੀਆਂ ਹਨ।

ਇਹ ਓਪਰੇਸ਼ਨ ਉਸ ਵੇਲੇ ਸ਼ੁਰੂ ਹੋਇਆ ਜਦੋਂ ਪਿਛਲੇ ਹਫਤੇ ਸਿਹਤ ਮੰਤਰੀ ਦੇ ਦਫਤਰ ਤੋਂ ਇੱਕ ਦਸਤਾਵੇਜ਼ ਲੀਕ ਹੋਇਆ ਸੀ ਜਿਸ ਵਿੱਚ ਬੀ.ਸੀ. ਦੀਆਂ ਫਾਰਮਸੀਜ਼ ਦੁਆਰਾ ਜਾਰੀ ਕੀਤੇ ਗਏ ਸੇਫ ਸਪਲਾਈ ਓਪੀਓਇਡਜ਼ ਦੇ ਵਪਾਰ ਬਾਰੇ ਜਾਂਚਾਂ ਦਾ ਖੁਲਾਸਾ ਹੋਇਆ ਸੀ।



ਪ੍ਰਿੰਸ ਜੋਰਜ ਦੇ ਆਰ.ਸੀ.ਐਮ.ਪੀ. ਨੇ ਕਿਹਾ ਕਿ ਜਬਤੀ ਮੰਗਲਵਾਰ ਨੂੰ ਕੀਤੀ ਗਈ ਸੀ ਜਦੋਂ ਅਧਿਕਾਰੀਆਂ ਨੇ ਇੱਕ ਆਦਮੀ ਅਤੇ ਇੱਕ ਔਰਤ ਨੂੰ "ਹੱਥ-ਤੋ-ਹੱਥ" ਲੈਣ-ਦੇਣ ਦੀਆਂ ਕਾਰਵਾਈਆਂ ਕਰਦੇ ਦੇਖਿਆ। ਅਧਿਕਾਰੀਆਂ ਨੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਅਤੇ ਸ਼ੱਕੀ ਫੇਂਟਾਨੀਲ, ਮੈਥਐਮਫੀਟਾਮਾਈਨ ਅਤੇ ਕੋਕੀਨ ਦੇ ਨਾਲ-ਨਾਲ ਹਥਿਆਰ ਅਤੇ ਗੈਰ ਕਾਨੂੰਨੀ ਸਿਗਰਟ ਵੀ ਮਿਲੇ।

ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ 50 ਪੈਕੇਟ ਵੀ ਮਿਲੇ ਜਿਨ੍ਹਾਂ ਵਿੱਚ 700 ਤੋਂ ਵੱਧ ਗੋਲੀਆਂ ਅਤੇ ਦੋ ਬੋਤਲਾਂ ਮੈਥਡੋਨ ਦੀਆਂ ਸ਼ੱਕੀ ਬੋਤਲਾਂ ਸ਼ਾਮਲ ਹਨ।

ਆਰ.ਸੀ.ਐਮ.ਪੀ. ਨੇ ਕਿਹਾ ਕਿ ਸ਼ੱਕੀ ਵਿਅਕਤੀਆਂ ਨੂੰ ਜਾਂਚ ਦੇ ਨਤੀਜੇ ਤੱਕ ਰਿਹਾ ਕਰ ਦਿੱਤਾ ਗਿਆ ਹੈ।

ਸਿਹਤ ਮੰਤਰੀ ਦੇ ਅਨੁਸਾਰ ਇੱਕ ਲੀਕ ਹੋਏ ਬ੍ਰੀਫਿੰਗ ਵਿੱਚ ਕਿਹਾ ਗਿਆ ਸੀ ਕਿ ਸੂਬੇ ਵਿੱਚ ਦਵਾਈਆਂ ਦਿਨ-ਬ-ਦਿਨ ਵਧ ਰਹੀਆਂ ਹਨ ਅਤੇ ਬੀ.ਸੀ. ਫਾਰਮਸੀਜ਼ ਦੁਆਰਾ ਜਾਰੀ ਕੀਤੇ ਗਏ ਓਪੀਓਇਡਜ਼ ਕੈਨੇਡਾ ਅਤੇ ਵਿਦੇਸ਼ ਵਿੱਚ ਗੈਰਕਾਨੂੰਨੀ ਤਰੀਕਿਆਂ ਸਪਲਾਈ ਕੀਤੇ ਜਾ ਰਹੇ ਹਨ।

## ਕੈਨੇਡੀਅਨ ਐਕਸਪੀਰੀਅੰਸ ਕਲਾਸ ਰਾਹੀਂ 4000 ਅਰਜ਼ੀਆਂ ਦੀ ਮੰਗ

ਸਰੀ: ਕੈਨੇਡੀਅਨ ਸਰਕਾਰ ਨੇ ਆਪਣੇ ਕੈਨੇਡੀਅਨ ਤਜ਼ੁਰਬੇਕਾਰ ਕਲਾਸ (CEC) ਪ੍ਰੋਗਰਾਮ ਦੇ ਤਹਿਤ ਵਿਦੇਸ਼ੀ ਨਾਗਰਿਕਾਂ ਲਈ ਸਥਾਈ ਨਿਵਾਸ ਪ੍ਰਾਪਤ ਕਰਨ ਦੇ ਮੌਕੇ ਖੋਲ੍ਹ ਦਿੱਤੇ ਹਨ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (IRCC) ਨੇ ਐਕਸਪ੍ਰੈਸ ਐਂਟਰੀ ਸਿਸਟਮ ਰਾਹੀਂ ਕੈਨੇਡੀਅਨ ਐਕਸਪੀਰੀਅੰਸ ਕਲਾਸ (CEC) ਸ਼੍ਰੇਣੀ ਦੇ ਤਹਿਤ 4000 ਵਿਅਕਤੀਆਂ ਨੂੰ ਸਥਾਈ ਨਿਵਾਸ ਲਈ ਅਰਜ਼ੀ ਦੇਣ ਲਈ ਸੱਦਾ ਦਿੱਤਾ ਹੈ। ਕੈਨੇਡਾ ਵਿੱਚ ਸੈਟਲ ਹੋਣ ਦੇ ਚਾਹਵਾਨ ਵਿਦੇਸ਼ੀ ਨਾਗਰਿਕ CEC ਰਾਹੀਂ ਸਥਾਈ ਨਿਵਾਸੀ ਦਾ ਦਰਜਾ ਹਾਸਲ ਕਰ ਸਕਦੇ ਹਨ, ਜਿਨ੍ਹਾਂ ਉਮੀਦਵਾਰਾਂ ਨੂੰ ਛਓਛ ਤਹਿਤ ਸੱਦਾ ਦਿੱਤਾ ਗਿਆ ਹੈ, ਉਨ੍ਹਾਂ ਕੋਲ ਕੈਨੇਡਾ PR ਲਈ ਅਰਜ਼ੀ ਜਮ੍ਹਾ ਕਰਨ ਲਈ 60 ਦਿਨ ਦਾ ਸਮਾਂ ਹੁੰਦਾ ਹੈ। ਜੇਕਰ ਆਖਰੀ ਮਿਤੀ ਖੁੰਝ ਜਾਂਦੀ ਹੈ ਤਾਂ ਅਰਜ਼ੀ ਵੈਧ ਨਹੀਂ ਹੋਵੇਗੀ। ਕੈਨੇਡੀਅਨ ਐਕਸਪੀਰੀਅੰਸ ਕਲਾਸ (CEC) ਕੈਨੇਡਾ ਦੇ ਐਕਸਪ੍ਰੈਸ ਐਂਟਰੀ ਪ੍ਰੋਗਰਾਮ ਦੇ ਤਹਿਤ ਆਵਾਸ ਕਰਨ ਦੇ ਸਭ ਤੋਂ ਤੇਜ਼ ਤਰੀਕਿਆਂ ਵਿੱਚੋਂ ਇੱਕ ਹੈ। ਇਹ ਉਹਨਾਂ ਕਾਮਿਆਂ ਲਈ ਤਿਆਰ ਕੀਤੀ ਗਈ ਪ੍ਰਕਿਰਿਆ ਹੈ ਜਿਨ੍ਹਾਂ ਕੋਲ ਕੈਨੇਡਾ ਵਿੱਚ ਕੰਮ ਦਾ ਤਜਰਬਾ ਹੈ ਅਤੇ ਉਹ ਕੈਨੇਡਾ ਦੇ ਪੱਕੇ ਨਿਵਾਸੀ ਬਣਨਾ ਚਾਹੁੰਦੇ ਹਨ।'

ਟਰੱਕ ਡਰਾਇਵਰਾਂ ਦੀ ਲੋੜ
8 ਤੋਂ 10 ਹਜ਼ਾਰ ਡਾਲਰ ਕਮਾਓ
TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।
ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ
604-512-5001
We Provide a reliable and Flexible Workforce,
Ready to meet your labor needs anywhere, Ensuring efficient and timely support across various Locations.
» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning
JASVINDER SINGH
CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਸਰੀ ਵਿੱਚ ਕਾਰ ਹਾਦਸੇ ਦੌਰਾਨ ਵਿਅਕਤੀ ਗੰਭੀਰ ਜਖ਼ਮੀ, ਪੁਲਿਸ ਦੀ ਜਾਂਚ ਜਾਰੀ

## 5 ਸਾਲਾਂ 'ਚ ਸਰੀ 'ਚ 50,000 ਤੋਂ ਵੱਧ ਟ੍ਰੈਫਿਕ ਹਾਦਸੇ ਵਾਪਰੇ

ਸਰੀ (ਸਿਮਰਨਜੀਤ ਸਿੰਘ): ਸ਼ਹਿਰ ਦੇ ਸੈਂਟਰਲ ਸਿਟੀ ਮਾਲ ਦੇ ਨੇੜੇ ਬੀਤੇ ਦਿਨੀਂ ਇੱਕ ਵਿਅਕਤੀ ਕਾਰ ਦੀ ਟੱਕਰ ਕਾਰਨ ਗੰਭੀਰ ਜਖ਼ਮੀ ਹੋ ਗਿਆ। ਹਾਦਸੇ ਤੋਂ ਬਾਅਦ ਉਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿੱਥੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।




ਪੁਲਿਸ ਮੁਤਾਬਕ, ਬੀਤੇ ਦਿਨੀਂ ਰਾਤ 9 ਵਜੇ ਦੇ ਕਰੀਬ ਕਿੰਗ ਜਾਰਜ ਬੁਲੇਵਾਰਡ ਅਤੇ 100 ਐਵਨਿਊ 'ਤੇ ਇੱਕ ਵਾਹਨ ਨੇ ਪੈਦਲ ਯਾਤਰੀ ਨੂੰ ਟੱਕਰ ਮਾਰੀ।

ਸਰੀ ਪੁਲਿਸ ਸਰਵਿਸ (ਐਸ.ਪੀ.ਐਸ.) ਨੇ ਦੱਸਿਆ ਕਿ ਇਹ ਹਾਦਸੇ ਤੋਂ ਬਾਅਦ, ਪੁਲਿਸ ਤੁਰੰਤ ਘਟਨਾ ਸਥਲ 'ਤੇ ਪਹੁੰਚੀ। ਵਾਹਨ ਚਾਲਕ ਨੇ ਮੌਕੇ 'ਤੇ ਹੀ ਸੀ ਅਤੇ ਉਸ ਨੇ ਪੁਲਿਸ ਨਾਲ ਪੂਰਾ ਸਹਿਯੋਗ ਦਿੱਤਾ।

ਜਿਸ ਵਿਅਕਤੀ ਨੂੰ ਟੱਕਰ ਲੱਗੀ, ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰ ਉਨ੍ਹਾਂ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਰੀ ਪੁਲਿਸ ਹਾਲੇ ਵੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਹਾਦਸੇ ਦਾ ਕਾਰਨ ਕੀ ਸੀ। ਪੁਲਿਸ ਨੇ ਲੋਕਾਂ ਨੂੰ ਸਹਿਯੋਗ ਲਈ ਬੇਨਤੀ ਕੀਤੀ ਹੈ।

ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੇ ਇਹ ਹਾਦਸਾ ਦੇਖਿਆ ਜਾਂ ਕਿਸੇ ਕੋਲ 'ਡੈਸ਼ਕੈਮ ਫੁਟੇਜ' ਹੈ, ਤਾਂ ਉਹ ਤੁਰੰਤ ਪੁਲਿਸ ਨਾਲ 604-599-0502 'ਤੇ ਸੰਪਰਕ ਕਰਨ।

ਜ਼ਿਕਰਯੋਗ ਹੈ ਕਿ ਸਰੀ ਸ਼ਹਿਰ 'ਚ ਟ੍ਰੈਫਿਕ ਹਾਦਸਿਆਂ ਦੀ ਗਿਣਤੀ ਪਿਛਲੇ ਕੁਝ ਸਾਲਾਂ 'ਚ ਵਧੀ ਹੈ। ਕਿੰਗ ਜਾਰਜ ਬੁਲੇਵਾਰਡ ਅਤੇ 100 ਐਵਨਿਊ ਵਰਗੇ ਵਿਅਸਤ ਇਲਾਕੇ ਪੈਦਲ ਯਾਤਰੀਆਂ ਅਤੇ ਵਾਹਨਾਂ ਲਈ ਖ਼ਤਰਨਾਕ ਸਾਬਤ ਹੋ ਰਹੇ ਹਨ। ਇੱਕ ਸਰਵੇ ਮੁਤਾਬਕ ਪਿਛਲੇ 5 ਸਾਲਾਂ 'ਚ ਸਰੀ 'ਚ 50,000+ ਟ੍ਰੈਫਿਕ ਹਾਦਸੇ ਹੋਏ ਹਨ। ਕਈ ਹਾਦਸਿਆਂ ਵਿੱਚ ਪੈਦਲ ਯਾਤਰੀ, ਸਾਈਕਲ ਚਾਲਕ ਅਤੇ ਮੋਟਰਸਾਈਕਲ ਸਵਾਰ ਸ਼ਾਮਲ ਰਹੇ ਹਨ। ਪੈਦਲ ਯਾਤਰੀ ਹਾਦਸਿਆਂ 'ਚ 30% ਤੋਂ ਵੱਧ ਮਾਮਲਿਆਂ ਵਿੱਚ ਗੰਭੀਰ ਜ਼ਖਮੀ ਹੁੰਦੇ ਹਨ। ਇਸ ਸਮੱਸਿਆ ਦੇ ਹੱਲ ਲਈ ਲੋਕਾਂ ਵਲੋਂ ਟ੍ਰੈਫਿਕ ਸੁਰੱਖਿਆ ਲਈ ਨਵੇਂ ਉਪਾਇਆ ਦੀ ਜ਼ਰੂਰਤ ਅਤੇ ਸਰੀ ਸ਼ਹਿਰ ਵਿੱਚ ਟ੍ਰੈਫਿਕ ਸੁਰੱਖਿਆ ਉੱਤੇ ਜ਼ਿਆਦਾ ਧਿਆਨ ਦੇਣ ਸਬੰਧੀ ਅਪੀਲ ਕੀਤੀ ਗਈ ਹੈ। This report was written by Simranjit Singh as part of the Local Journalism Initiative.


Guru Nanak's Free Kitchen

LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170


ਮਾਰਕ ਕਾਰਨੀ ਵਲੋਂ ਸਸਕੈਚਵਿਨ 'ਚ ਦਾ ਦੌਰਾਨ

# ਲਿਬਰਲ ਪਾਰਟੀ ਨੂੰ ਦੇਵਾਂਗੇ ਨਵੀਂ ਦਿਸ਼ਾ ਅਤੇ ਕੈਨੇਡਾ ਬਣੇਗਾ ਮਜ਼ਬੂਤ ਅਰਥਚਾਰਾ : ਮਾਰਕ ਕਾਰਨੀ

ਸਰੀ, (ਸਿਮਰਨਜੀਤ ਸਿੰਘ): ਲਿਬਰਲ ਆਗੂ ਉਮੀਦਵਾਰ ਮਾਰਕ ਕਾਰਨੀ ਮੰਗਲਵਾਰ ਨੂੰ ਸਸਕੈਚਵਿਨ ਗਏ, ਜਿੱਥੇ ਉਨ੍ਹਾਂ ਨੇ ਲਿਬਰਲ ਪਾਰਟੀ ਨੂੰ ਨਵੀਂ ਦਿਸ਼ਾ ਦੇਣ ਅਤੇ ਪੱਛਮੀ ਕੈਨੇਡਾ 'ਚ ਉਸਦੀ ਮੌਜੂਦਗੀ ਨੂੰ ਮਜ਼ਬੂਤ ਕਰਨ ਦੀ ਗੱਲ ਕੀਤੀ। ਕਾਰਨੀ ਨੇ ਰੀਜੀਨਾ ਵਿੱਚ ਪ੍ਰੋ ਮੈਟਲ ਇੰਡਸਟਰੀਜ਼ 'ਚ ਦੌਰੇ ਦੌਰਾਨ ਕਿਹਾ "ਜਦ ਤੁਸੀਂ ਪ੍ਰਧਾਨ ਮੰਤਰੀ ਬਣੋ, ਤਾਂ ਤੁਹਾਨੂੰ ਹਰ ਕੈਨੇਡੀਅਨ ਦੀ ਸੇਵਾ ਕਰਨੀ ਪੈਂਦੀ ਹੈ," ਕੈਨੇਡਾ ਦੇ ਸਾਬਕਾ ਬੈਂਕ ਆਫ ਕੈਨੇਡਾ ਦੇ ਗਵਰਨਰ ਮਾਰਕ ਕਾਰਨੀ ਨੇ ਆਪਣੇ ਭਵਿੱਖ ਬਾਰੇ ਮਹੀਨਿਆਂ ਤੱਕ ਚਰਚਾ ਹੋਣ ਤੋਂ ਬਾਅਦ ਜਸਟਿਨ ਟਰੂਡੋ ਦੀ ਥਾਂ ਲਿਬਰਲ ਪਾਰਟੀ ਦੇ ਨੇਤਾ ਬਣਨ ਲਈ ਆਪਣਾ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ। ਕਾਰਨੀ ਨੇ ਆਪਣੀ ਪ੍ਰਚਾਰ ਯਾਤਰਾ ਦੌਰਾਨ ਪ੍ਰਤਿਬੱਧਤਾ ਦਿਖਾਈ ਦਿੱਤੀ ਉਨ੍ਹਾਂ ਕਿਹਾ ਕਿ ਜੇ ਉਹ ਚੁਣੇ ਜਾਂਦੇ ਹਨ ਤਾਂ ਉਹ ਜੀ-7 ਦੇ ਸਭ ਤੋਂ ਤੇਜ਼ ਵਧਦੇ ਹੋਏ ਅਰਥਵਿਵਸਥਾ ਦਾ ਨਿਰਮਾਣ ਕਰਨਗੇ। ਕਾਰਨੀ ਨੇ ਕਿਹਾ ਕਿ ਉਨ੍ਹਾਂ ਕੋਲ ਉਹ ਆਰਥਿਕ ਤਜਰਬਾ ਹੈ ਜਿਸ ਨਾਲ ਕੈਨੇਡਾ ਨੂੰ ਸੰਕਟਾਂ ਦੇ ਇਸ ਸਮੇਂ ਵਿੱਚ ਸਹੀ ਦਿਸ਼ਾ ਦੇ ਸਕਦੇ ਹਨ, ਜਦੋਂ ਦੇਸ਼ ਅਮਰੀਕੀ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਅਤੇ ਉਨ੍ਹਾਂ ਦੀਆਂ ਭਾਰੀ ਟੈਰੀਫ਼ ਧਮਕੀਆਂ ਦਾ ਸਾਹਮਣਾ ਕਰ ਰਿਹਾ ਹੈ।




ਉਧਰ ਫ੍ਰੀਲੈਂਡ ਨੂੰ ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੇ ਵਿੱਤ ਮੰਤਰੀ ਹੋਣ ਦੇ ਨਾਤੇ ਇਹ ਉਪਾਅ ਪਹਿਲਾਂ ਕਿਉਂ ਨਹੀਂ ਲਾਗੂ ਕੀਤੇ ਜੋ ਉਨ੍ਹਾਂ ਚੋਣ ਮੈਨੀਫੈਸਟੋ 'ਚ ਐਲਾਨੇ ਹਨ ਤਾਂ ਉਨ੍ਹਾਂ ਨੇ ਹੱਸਦੇ ਹੋਏ ਜਵਾਬ ਦਿੱਤਾ, "ਕਿਉਂਕਿ ਮੈਂ ਉਦੋਂ ਪ੍ਰਧਾਨ ਮੰਤਰੀ ਨਹੀਂ ਸੀ।" "ਅਤੇ ਹੁਣ ਇਹੀ ਕੰਮ ਹੈ, ਜਿਸ ਲਈ ਮੈਂ ਚੋਣ ਲੜ ਰਹੀ ਹਾਂ,"

ਕਾਰਨੀ ਨੇ ਕਿਹਾ ਕਿ ਟਰੂਡੋ ਦੀ ਅਧਿਕਾਰਸ਼ੀਲਤਾ ਹੇਠ ਅਰਥਵਿਵਸਥਾ ਨੇ ਆਪਣੀ ਪੂਰੀ ਸਮਰਥਾ ਨਾਲ ਕਾਮਯਾਬੀ ਨਹੀਂ ਹਾਸਲ ਕੀਤੀ। ਉਨ੍ਹਾਂ ਦੇ ਅਨੁਸਾਰ, ਅਰਥਵਿਵਸਥਾ ਦਾ ਵਾਧਾ ਥੋੜ੍ਹਾ ਰਿਹਾ ਅਤੇ ਮਜ਼ਦੂਰਾਂ ਦੀ ਤਨਖ਼ਾਹ ਮਹਿੰਗਾਈ ਨਾਲ ਕਦਮ-ਦਰ-ਕਦਮ ਨਹੀਂ ਚੱਲੀ।

ਕਾਰਨੀ ਨੇ ਕਿਹਾ, "ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਟੀਮ ਨੇ ਅਰਥਵਿਵਸਥਾ ਤੋਂ ਬਹੁਤ ਵਾਰ ਆਪਣਾ ਧਿਆਨ ਹਟਾਇਆ ਹੈ," ਅਤੇ ਪ੍ਰਚਾਰ ਦੀ ਸ਼ੁਰੂਆਤ ਵਿੱਚ ਉਨ੍ਹਾਂ ਨੇ ਵੀ ਕਿਹਾ, "ਮੈਂ ਕਦੇ ਵੀ ਧਿਆਨ ਨਹੀਂ ਹਟਾਉਂਦਾ।" "ਜੇ ਤੁਸੀਂ ਮੇਰੀਆਂ ਗੱਲਾਂ ਵਿੱਚ ਇੱਕ ਗੱਲ ਯਾਦ ਰੱਖੋ, ਤਾਂ ਉਹ ਇਹ ਹੈ ਕਿ ਮੈਂ ਆਪਣੇ ਅਰਥਵਿਵਸਥਾ ਨੂੰ ਦੁਬਾਰਾ ਠੀਕ ਕਰਨ ਲਈ ਪੂਰੀ ਤਰ੍ਹਾਂ ਕੇਂਦ੍ਰਿਤ ਹੋਵਾਂਗਾ।"

ਜ਼ਿਕਰਯੋਗ ਹੈ ਕਿ ਕਾਰਨੀ ਨੇ ਦੋ ਜੀ-7 ਅਰਥਵਿਵਸਥਾਵਾਂ ਵਿੱਚ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਹਾਰਵਰਡ ਅਤੇ ਫਿਰ ਆਕਸਫੋਰਡ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨ ਤੋਂ ਬਾਅਦ, ਕਾਰਨੀ ਨੇ ਆਪਣਾ ਕਰੀਅਰ ਨਿਊ ਯਾਰਕ ਦੇ ਗੋਲਡਮੈਨ ਸਾਚਜ਼ ਵਿੱਚ ਇੱਕ ਨਿਵੇਸ਼ ਬੈਂਕਰ ਵਜੋਂ ਸ਼ੁਰੂ ਕੀਤਾ ਅਤੇ ਫਿਰ ਕੈਨੇਡਾ ਵਾਪਸ ਆ ਕੇ ਫੈਡਰਲ ਵਿੱਤ ਮੰਤਰਾਲੇ ਵਿੱਚ ਇੱਕ ਸੀਨੀਅਰ ਸਰਕਾਰੀ ਅਧਿਕਾਰੀ ਵਜੋਂ ਕੰਮ ਕੀਤਾ। 2008 ਵਿੱਚ, ਉਹ ਬੈਂਕ ਆਫ ਕੈਨੇਡਾ ਦੇ ਗਵਰਨਰ ਵਜੋਂ ਨਿਯੁਕਤ ਹੋਏ, ਜੋ ਕਿ ਕੁਝ ਦੇਸ਼ਾਂ ਵਿੱਚ ਹੈਰਾਨੀ ਦਾ ਕਾਰਨ ਮੰਨਿਆ ਗਿਆ ਸੀ, ਅਤੇ ਇਸ ਮੁੱਖ ਅਹੁਦੇ 'ਤੇ ਰਹਿੰਦਿਆਂ ਉਹ ਨੇ ਅਰਥਵਿਵਸਥਾ ਦੇ ਸੰਕਟ ਦੇ ਸਮੇਂ ਵਿੱਚ ਮੁੱਖ ਭੂਮਿਕਾ ਨਿਭਾਈ। This report was written by Simranjit Singh as part of the Local Journalism Initiative.

# ਸਰੀ ਵਿਦਿਆਰਥੀਆਂ ਨੇ ਸਰੀ ਲਰਨਿੰਗ ਸੈਂਟਰਾਂ ਨੂੰ ਬਚਾਉਣ ਲਈ ਕੱਢੀ ਰੈਲੀ

ਸਰੀ, (ਸਿਮਰਨਜੀਤ ਸਿੰਘ): ਸਾਊਥ ਸਰੀ ਵਾਈਟ ਰੌਕ ਲਰਨਿੰਗ ਸੈਂਟਰ ਇਸ ਗਰਮੀਆਂ ਸੈਸ਼ਨ ਦੌਰਾਨ ਸਥਾਈ ਤੌਰ 'ਤੇ ਬੰਦ ਹੋਣ ਜਾ ਰਿਹਾ ਹੈ, ਅਤੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਇਸ ਗੱਲ ਦੀ ਚਰਚਾ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ।




ਵਿਦਿਆਰਥੀਆਂ ਦਾ ਕਹਿਣਾ ਹੈ ਕਿ ਸਰੀ ਸਕੂਲ ਬੋਰਦ ਦਾ ਇਹ ਫੈਸਲਾ ਉਨ੍ਹਾਂ ਲਈ ਹੈਰਾਨੀਜਨਕ ਹੈ।

ਇੱਕ ਵਿਦਿਆਰਥਣ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਇਹ ਬਿਲਕੁਲ ਗਲਤ ਹੈ ਕਿ ਇਨ੍ਹਾਂ ਕਿਸਮ ਦੇ ਸਕੂਲਾਂ ਨੂੰ ਬੰਦ ਕੀਤਾ ਜਾ ਰਿਹਾ ਹੈ ਜਦੋਂ ਕਿ ਇਹ ਬਿਲਕੁਲ ਵੀ ਮਹਿੰਗੇ ਨਹੀਂ ਹਨ।"

"ਸਾਨੂੰ ਇਹ ਫੈਸਲਾ ਲੈਣ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ, ਉਹ ਸਾਡੇ ਨਾਲ ਨਹੀਂ ਪੁੱਛਦੇ ਕਿ ਇਸ ਬਾਰੇ ਸਾਡੇ ਕੀ ਵਿਚਾਰ ਹਨ।"

ਵਰਤਮਾਨ ਅਤੇ ਪਿਛਲੇ ਵਿਦਿਆਰਥੀ, ਅਤੇ ਮਾਪੇ ਇਸ ਬੰਦੀ ਸੈਂਟਰ ਨੂੰ ਬਚਾਉਣ ਦੇ ਲਈ ਸਰੀ ਸਕੂਲ ਬੋਰਡ ਨੂੰ ਬੁਧਵਾਰ ਰਾਤ ਨੂੰ ਇੱਕ ਆਖਰੀ ਕੋਸ਼ਿਸ਼ ਕਰਨ ਜਾ ਰਹੇ ਹਨ। ਇਹ ਪਹਿਲੀ ਵਾਰ ਹੈ ਜਦੋਂ ਜ਼ਿਲ੍ਹਾ ਉਹਨਾਂ ਤੋਂ ਸਿੱਧਾ ਸੁਣੇਗਾ ਜੋ ਇਸ ਬੰਦ ਕੀਤੀ ਜਾ ਰਹੀ ਸਹੂਲਤ ਤੋਂ ਸਿੱਧਾ ਪ੍ਰਭਾਵਿਤ ਹਨ।

ਜ਼ਿਲ੍ਹਾ ਅਨੁਸਾਰ, ਸੈਂਟਰ ਦੀ ਲੀਜ਼ ਜੂਨ ਵਿੱਚ ਖਤਮ ਹੋ ਰਹੀ ਹੈ ਅਤੇ ਇਮਾਰਤ ਨੂੰ ਰੇਨੋਵੇਸ਼ਨ ਦੀ ਲੋੜ ਹੈ ਪਰ ਇਮਾਰਤ ਦੀ ਮੁਰੰਮਤ ਜਾਂ ਵਧੇਰੇ ਕਿਰਾਏ ਦਾ ਭੁਗਤਾਨ ਕਰਨ ਲਈ ਬਜਟ ਵਿੱਚ ਪੈਸਾ ਨਹੀਂ ਹੈ। ਜੇਮਸ ਜੌਨਸਨ, ਜੋ ਕਿ ਅੱਠ ਸਾਲਾਂ ਤੱਕ ਇਸ ਸਕੂਲ ਵਿੱਚ ਅਧਿਆਪਕ ਰਹੇ ਹਨ, ਕਹਿੰਦੇ ਹਨ ਕਿ ਇਸ ਸੈਂਟਰ ਨੂੰ ਖੁੱਲਾ ਰੱਖਣਾ ਕਮਿਊਨਿਟੀ ਲਈ ਦੂਰਦਰਸ਼ੀ ਤੌਰ 'ਤੇ ਪੈਸਾ ਬਚਾਏਗਾ।

"ਸੈਂਕੜੇ ਲੋਕਾਂ ਦੇ ਗਵਾਹੀਆਂ ਹਨ ਜਿਨ੍ਹਾਂ ਨੇ ਕਿਹਾ ਕਿ ਇਸ ਨੇ ਉਨ੍ਹਾਂ ਦੀ ਜਿੰਦਗੀ ਬਚਾਈ, ਇਹਨਾਂ ਦੀ ਜਿੰਦਗੀ ਨੂੰ ਸੁਧਾਰਿਆ। ਇਹਨਾਂ ਨੂੰ ਮਾਨਸਿਕ ਸਿਹਤ, ਨਸ਼ਾ ਅਤੇ ਜੁਰਮ ਨਾਲ ਜੂਝ ਰਹੇ ਲੋਕਾਂ ਦੀਆਂ ਮਦਦਾਂ ਮਿਲੀਆਂ।" "ਇਹਨਾਂ ਨੂੰ ਹਾਲਾਤ ਸਧਾਰਨ ਕਰਨ ਲਈ ਇੱਕ ਮੁੱਖ ਹਿੱਸਾ ਮਿਲਿਆ।" This report was written by Simranjit Singh as part of the Local Journalism Initiative.

# ਟਰੰਪ ਨੇ ਕੈਨੇਡਾ ਬਣੀਆਂ ਕਾਰਾਂ ‘ਤੇ 50% ਤੋਂ 100% ਤੱਕ ਨਵਾਂ ਟੈਰਿਫ਼ ਲਾਉਣ ਦੀ ਚਿਤਾਵਨੀ ਦਿੱਤੀ

**ਸਰੀ, (ਸਿਮਰਨਜੀਤ ਸਿੰਘ):** ਅਮਰੀਕਾ ਵੱਲੋਂ 25% ਟੈਰਿਫ਼ ਲਾਗੂ ਕੀਤੇ ਜਾਣ ਤੋਂ ਬਾਅਦ ਕੈਨੇਡਾ ਦੀ ਸਟੀਲ ਅਤੇ ਐਲਮੀਨੀਅਮ ਉਦਯੋਗ ‘ਤੇ ਮਾੜਾ ਅਸਰ ਪਿਆ ਹੈ। ਹੁਣ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਬਣੀਆਂ ਕਾਰਾਂ ‘ਤੇ 50% ਤੋਂ 100% ਤੱਕ ਨਵਾਂ ਟੈਰਿਫ਼ ਲਾਉਣ ਦੀ ਚਿਤਾਵਨੀ ਦਿੱਤੀ ਹੈ।

ਫੌਕਸ ਨਿਊਜ਼ ਨੂੰ ਦਿੱਤੇ ਇੰਟਰਵਿਊ ‘ਚ ਟਰੰਪ ਨੇ ਕੈਨੇਡਾ ‘ਤੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਅਮਰੀਕਾ ਤੋਂ ਕਾਰ ਉਦਯੋਗ ‘ਚੋਰੀ ਕਰ ਲਿਆ। ਉਨ੍ਹਾਂ ਕਿਹਾ, “ਕੈਨੇਡਾ ਨੇ ਸਾਡਾ ਆਟੋਮੋਬਾਈਲ ਉਦਯੋਗ ਲੈ ਲਿਆ, ਕਿਉਂਕਿ ਸਾਡੇ ਲੋਕ ਸੌਣ ਦੀ ਹਾਲਤ ‘ਚ ਸਨ।”

ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਕੈਨੇਡਾ ਨਾਲ ਸੌਦਾ ਨਾ ਹੋਇਆ, ਤਾਂ ਕਾਰਾਂ ‘ਤੇ ਵੱਡਾ ਟੈਰਿਫ਼ ਲਾਇਆ ਜਾਵੇਗਾ। ਉਨ੍ਹਾਂ ਨੇ ਕਿਹਾ, “ਅਸੀਂ ਚਾਹੁੰਦੇ ਹਾਂ ਕਿ ਕਾਰਾਂ ਡੈਟਰਾਇਟ ਵਿੱਚ ਬਣਨ, ਨਾ ਕਿ ਕੈਨੇਡਾ ਵਿੱਚ।”

ਜ਼ਿਗਰਯੋਗ ਹੈ ਕਿ 1965 ਵਿੱਚ, ਲੈਸਟਰ ਬੀ. ਪੀਅਰਸਨ (ਕੈਨੇਡਾ) ਅਤੇ ਲਿੰਡਨ ਬੀ. ਜੌਨਸਨ (ਅਮਰੀਕਾ) ਨੇ ‘ਆਟੋ ਪੈਕਟ’ (Auto Pact) ‘ਤੇ ਹਸਤਾਖਰ ਕੀਤੇ, ਜਿਸ ਅਧੀਨ ਦੋਵਾਂ ਦੇਸ਼ਾਂ ਵਿੱਚ ਕਾਰ ਅਤੇ ਉਨ੍ਹਾਂ ਦੇ ਪੁਰਜ਼ੇ ਬਿਨਾਂ ਟੈਰਿਫ਼ ਦੇ ਆਉਣ-ਜਾਣ ਲੱਗੇ।

1994 ਵਿੱਚ, ਨਾਫਟਾ (NAFTA) ਤਹਿਤ ਇਹ ਸੌਦਾ ਹੋਰ ਵਿਅਪਕ ਹੋ ਗਿਆ, ਅਤੇ 2018 ਵਿੱਚ ਇਸ ਦੀ ਜਗ੍ਹਾ ਕੈਨੇਡਾ-ਅਮਰੀਕਾ-ਮੈਕਸੀਕੋ ਸਮਝੌਤਾ




(CUSMA) ਨੇ ਲੈ ਲਈ।

ਆਟੋਮੋਬਾਈਲ ਉਤਪਾਦਕਾਂ ਅਤੇ ਸਪਲਾਇਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਟੈਰਿਫ਼ ਪੂਰੇ ਉੱਤਰੀ ਅਮਰੀਕਾ ਦੇ ਆਟੋ ਉਦਯੋਗ ਨੂੰ ਤਬਾਅ ਸਕਦਾ ਹੈ।

ਆਟੋਮੋਟਿਵ ਪਾਰਟਸ ਮੈਨੂਫੈਕਚਰਿੰਗ ਐਸੋਸੀਏਸ਼ਨ ਦੇ ਪ੍ਰਧਾਨ ਫਲਾਵੀਓ ਵੋਲਪੇ ਨੇ ਕਿਹਾ, "ਜੇਕਰ ਇਹ 25% ਟੈਰਿਫ਼ ਕਾਰਾਂ ‘ਤੇ ਵੀ ਲਾਗੂ ਹੋਇਆ, ਤਾਂ ਇੱਕ ਹਫ਼ਤੇ ਵਿੱਚ ਹੀ ਉਦਯੋਗ ਠੱਪ ਹੋ ਜਾਵੇਗਾ।"

ਕੈਨੇਡੀਆਈ ਵਾਹਨ ਨਿਰਮਾਤਾ ਐਸੋਸੀਏਸ਼ਨ ਦੇ ਪ੍ਰਧਾਨ ਬਰਾਇਨ ਕਿੰਗਸਟਨ ਨੇ ਕਿਹਾ, "ਜੇ ਅਮਰੀਕਾ ਨੇ ਇਹ ਟੈਰਿਫ਼ ਲਗਾ ਦਿੱਤਾ, ਤਾਂ ਉਤਪਾਦਨ ਰੁਕ ਸਕਦਾ ਹੈ, ਨੌਕਰੀਆਂ ਜਾ ਸਕਦੀਆਂ ਹਨ, ਅਤੇ ਅਮਰੀਕੀ ਗਾਹਕਾਂ ਲਈ ਵਾਹਨਾਂ ਦੀ ਕੀਮਤ $6,500 ਜਾਂ ਇਸ ਤੋਂ ਵੱਧ ਵੀ ਵਧ ਸਕਦੀ ਹੈ।"

ਫਲਾਵੀਓ ਵੋਲਪੇ ਨੇ ਟਰੰਪ ਦੇ ਦਾਅਵੇ ਨੂੰ “ਝੂਠ” ਕਰਾਰ ਦਿੱਤਾ। ਉਨ੍ਹਾਂ ਕਿਹਾ, "ਫੋਰਡ ਨੇ 1904 ਵਿੱਚ ਕੈਨੇਡਾ ‘ਚ ਕਾਰ ਉਦਯੋਗ ਸ਼ੁਰੂ ਕੀਤਾ ਸੀ, ਜਦਕਿ ਜਨਰਲ ਮੋਟਰਜ਼ 1908 ਵਿੱਚ ਔਟਵਾ ਵਿੱਚ ਆਈ। ਅਸੀਂ ਇਹ ਉਦਯੋਗ ਮਿਲ ਕੇ ਬਣਾਇਆ, ਅਤੇ ਇਹ ਡੈਟਰਾਇਟ ਲਈ ਵੀ ਲਾਭਦਾਇਕ ਰਿਹਾ।"

ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ "ਉੱਤਰੀ ਅਮਰੀਕਾ ਦਾ ਆਟੋ ਉਦਯੋਗ ਇੰਨਾ ਜ਼ਿਆਦਾ ਜੁੜਿਆ ਹੋਇਆ ਹੈ ਕਿ ਇੱਕ ਗੱਡੀ ਦੇ ਪੁਰਜ਼ੇ 8 ਵਾਰ ਸੀਮਾ ਪਾਰ ਕਰਦੇ ਹਨ।

ਉਨ੍ਹਾਂ ਇਹ ਵੀ ਕਿਹਾ ਕਿ "ਜੇਕਰ ਟਰੰਪ ਕੈਨੇਡਾ ਤੋਂ ਕਾਰਾਂ ਦੀ ਸਪਲਾਈ ਰੋਕਣਾ ਚਾਹੁੰਦੇ ਹਨ, ਤਾਂ ਅਮਰੀਕਾ ਨੂੰ 50 ਅਰਬ ਡਾਲਰ ਅਤੇ 10 ਸਾਲ ਚਾਹੀਦੇ ਹੋਣਗੇ ਨਵੀਆਂ ਫੈਕਟਰੀਆਂ ਬਣਾਉਣ ਲਈ।"

ਕੈਨੇਡਾ ਦੇ ਵਿੱਤ ਮੰਤਰੀ ਡੋਮਿਨਿਕ ਲੇਬਲਾਂਕ ਵਾਸ਼ਿੰਗਟਨ ਪਹੁੰਚ ਰਹੇ ਹਨ, ਜਿੱਥੇ ਉਹ ਅਮਰੀਕਾ ਦੇ ਵਪਾਰ ਮੰਤਰੀ ਹੋਵਰਡ ਲੁਟਨਿਕ ਨਾਲ ਮੁਲਾਕਾਤ ਕਰਨਗੇ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ, "ਅਸੀਂ ਟਰੰਪ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਟੈਰਿਫ਼ ਦੋਵਾਂ ਦੇਸ਼ਾਂ ਨੂੰ ਨੁਕਸਾਨ ਪਹੁੰਚਾਏਗਾ।"

ਜੇਕਰ ਇਹ ਨਵਾਂ ਟੈਰਿਫ਼ ਲਾਗੂ ਹੋਇਆ, ਤਾਂ ਇਹ ਉੱਤਰੀ ਅਮਰੀਕਾ ਦੀ ਆਟੋ ਉਦਯੋਗਕ ਸਪਲਾਈ ਚੇਨ ਨੂੰ ਖ਼ਤਮ ਕਰ ਸਕਦਾ ਹੈ, ਨੌਕਰੀਆਂ ਤੇਜ਼ੀ ਨਾਲ ਘੱਟ ਸਕਦੀਆਂ ਹਨ, ਅਤੇ ਗਾਹਕਾਂ ਨੂੰ ਵਧੀਆ ਗੱਡੀਆਂ ਮਿਲਣਾ ਔਖਾ ਹੋ ਸਕਦਾ ਹੈ। This report was written by Simranjit Singh as part of the Local Journalism Initiative.

# ਬ੍ਰਿਟਿਸ਼ ਕੋਲੰਬੀਆ ’ਚ ਬਰਫ਼ਬਾਰੀ ਘਟ ਹੋਣ ਕਾਰਨ ਮੌਸਮ ਖੁਸ਼ਕ ਰਹਿਣ ਦੀ ਚਿਤਾਵਨੀ

ਵੈਨਕੂਵਰ (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਤਾਜ਼ਾ ਅੰਕੜਿਆਂ ਮੁਤਾਬਕ, ਸੂਬੇ ਵਿੱਚ ਘਟ ਬਰਫ਼ਬਾਰੀ ਦੀ ਕਾਰਨ ਆਉਣ ਵਾਲੇ ਮਹੀਨਿਆਂ ਵਿੱਚ ਸੋਕੇ ਦੀ ਚਿਤਾਵਨੀ ਜਾਰੀ ਕੀਤੀ ਜਾ ਰਹੀ ਹੈ। ਬੀ.ਸੀ. ਰਿਵਰ ਫੋਰਕਾਸਟ ਸੈਂਟਰ ਵੱਲੋਂ ਜਾਰੀ ਕੀਤੀ ਗਈ ਰਿਪੋਰਟ ‘ਚ ਦੱਸਿਆ ਗਿਆ ਕਿ ਜਨਵਰੀ ਮਹੀਨਾ ਆਮ ਤੌਰ ‘ਤੇ ਕਾਫ਼ੀ ਸੁੱਕਾ ਰਿਹਾ, ਜਿਸ ਕਰਕੇ ਸੂਬੇ ਵਿੱਚ ਬਰਫ਼ ਦੀ ਔਸਤ ਮਾਤਰਾ ਵਧਣ ਦੀ ਬਜਾਇ ਘਟ ਗਈ। ਬੀ.ਸੀ. ਰਿਵਰ ਫੋਰਕਾਸਟ ਸੈਂਟਰ ਦੇ ਹਾਈਡ੍ਰੋਲੋਜਿਸਟ ਜੋਨਾਥਨ ਬੋਇਡ ਨੇ ਦੱਸਿਆ ਕਿ "ਸੂਬੇ ਦੀ ਔਸਤ ਬਰਫ਼ 1 ਜਨਵਰੀ ਨੂੰ ਆਮ ਮਿਆਰ ਦਾ 87 ਫੀਸਦੀ ਸੀ, ਪਰ 1 ਫ਼ਰਵਰੀ ਤੱਕ ਇਹ ਘੱਟ ਕੇ 72 ਫੀਸਦੀ ਰਹਿ ਗਈ। ਇਹ ਇੱਕ ਵੱਡੀ



ਗਿਰਾਵਟ ਹੈ।" ਉਨ੍ਹਾਂ ਕਿਹਾ ਕਿ, "ਇਹ ਬੀਤੇ 30 ਸਾਲਾਂ ‘ਚ ਸਭ ਤੋਂ ਘੱਟ ਬਰਫ਼ ਜਮ੍ਹਾਂ ਹੋਣ ਦੀ ਦਰ ਨਾਲ ਮਿਲਦੀ-ਜੁਲਦੀ ਹੈ।" ਉਨ੍ਹਾਂ ਕਿਹਾ ਕਿ "ਜੇਕਰ ਫ਼ਰਵਰੀ ਅਤੇ ਮਾਰਚ ਦੇ ਮਹੀਨੇ ਬਹੁਤ ਜ਼ਿਆਦਾ ਬਰਫ਼ ਪਵੇ - ਤਾਂ ਹੀ ਅਸੀਂ ਆਮ ਮਿਆਰ ਤੱਕ ਵਾਪਸ ਆ ਸਕਦੇ ਹਾਂ।" ਬਰਫ਼ ਦੀ ਘੱਟ ਮਾਤਰਾ ਸੰਭਾਵੀ ਹੜ੍ਹ ਦੇ ਜੋਖਮ ਨੂੰ ਘਟਾਉਂਦੀ ਹੈ, ਪਰ ਇਹ ਗਰਮੀਆਂ ਵਿੱਚ ਸੋਕੇ ਦਾ ਸੰਕਟ ਵਧਾ ਸਕਦੀ ਹੈ। ਬੋਇਡ ਨੇ ਕਿਹਾ, "ਬਰਫ਼ ਦੀ ਔਸਤ ਮਾਤਰਾ ਘੱਟ ਹੋਣ ਦਾ ਇਹ ਮਤਲਬ ਨਹੀਂ ਕਿ ਪਾਣੀ ਦੀ ਘਾਟ ਹੋਣੀ ਹੀ ਹੋਣੀ ਹੈ, ਪਰ ਇਹ ਇੱਕ ਸਾਵਧਾਨੀ ਭਰਿਆ ਸੰਕੇਤ ਹੈ।" This report was written by Simranjit Singh as part of the Local Journalism Initiative.












# ਜਰਨੈਲ ਆਰਟਿਸਟ ਦੇ ਦੇਹਾਂਤ ’ਤੇ ਭਾਈਚਾਰੇ ’ਚ ਸੋਗ ਦੀ ਲਹਿਰ

**ਸਿੱਖ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਬਾਰੇ ਬਣਾਏ ਅਨੇਕ ਚਿੱਤਰ**

ਸ. ਜਰਨੈਲ ਸਿੰਘ ਅਰਟਿਸਟ ਜੋ ਪੰਜਾਬ ਅਤੇ ਕੈਨੇਡਾ ‘ਚ ਸਭ ਦੇ ਦਿਲਾਂ ਦੇ ਬਹੁਤ ਨੇੜੇ ਸਨ, ਹੁਣ ਸਾਡੇ ਵਿਚ ਨਹੀਂ ਰਹੇ। ਜਾਣਕਾਰੀ ਅਨੁਸਾਰ, ਉਨ੍ਹਾਂ ਨੂੰ ਬਲੱਡ ਪ੍ਰੈਸ਼ਰ ਕਾਬੂ ਨਾ ਹੋਣ ਕਰਕੇ ਕੱਲ੍ਹ ਰਾਤ ਫੋਟਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।

ਹਸਪਤਾਲ ਵਿੱਚ ਕਈ ਘੰਟਿਆਂ ਦੀ ਇਲਾਜ ਦੇ ਬਾਅਦ, ਜਰਨੈਲ ਸਿੰਘ ਜੀ ਨੇ ਪੰਜਾਬ ਦੇ ਸਮੇਂ ਮੁਤਾਬਿਕ ਰਾਤੇ 7 ਵਜੇ ਆਪਣਾ ਆਖਰੀ ਸਾਹ ਲਿਆ। ਇਹ ਖ਼ਬਰ ਸੁਣ ਕੇ ਪਰਿਵਾਰ ਅਤੇ ਦੋਸਤਾਂ ਵਿੱਚ ਗਹਿਰੀ ਲਹਿਰ ਦੌੜ ਗਈ ਹੈ।

ਉਨ੍ਹਾਂ ਦੀ ਭੈਣ ਬਲਜੀਤ ਕੌਰ ਨੇ ਦੱਸਿਆ ਕਿ ਇਹ ਸਾਡੇ ਪਰਿਵਾਰ ਲਈ ਅਤੇ ਉਨ੍ਹਾਂ ਨੂੰ ਚਾਹੁਣ ਵਾਲਿਆਂ ਲਈ ਬਹੁਤ ਦੁਖਦਾਈ ਖ਼ਬਰ ਹੈ।

ਸਾਰੇ ਦੋਸਤ ਅਤੇ ਸੱਜਣ ਮਿੱਤਰ ਸ. ਜਰਨੈਲ ਸਿੰਘ ਲਈ ਪ੍ਰਮਾਤਮਾ ਅੱਗੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰ ਰਹੇ ਹਨ। ਜਰਨੈਲ ਸਿੰਘ ਦੀ ਯਾਦ ਸਦਾ ਸਾਡੇ ਦਿਲਾਂ ਵਿੱਚ ਬਸੀ ਰਹੇਗੀ, ਉਹ ਪਿਛਲੇ ਲੰਮੇ ਸਮੇਂ ਤੋਂ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਨਾਲ ਵੀ ਜੁੜੇ ਹੋਏ ਸਨ ਅਤੇ ਅਣ-ਥੱਕ ਸੇਵਾਵਾਂ ਨਿਭਾਉਂਦੇ ਆ ਰਹੇ ਸਨ। ਉਨ੍ਹਾਂ ਦਾ ਸਾਡੇ ਲਈ ਸੱਜੀ ਬਾਂਹ ਬਣ ਕੇ ਰਹਿਣ ਦਾ ਯੋਗਦਾਨ ਕਦੇ ਭੁਲਾਇਆ ਨਹੀਂ ਜਾ ਸਕੇਗਾ। ਪਰਮਾਤਮਾ ਉਨ੍ਹਾਂ ਦੇ ਪਰਿਵਾਰ ਭਾਣਾ ਮੰਨਣ ਦਾ ਬਲ ਬਖ਼ਸੇ।

**ਲੇਖਕ : ਸਰਬਮੀਤ ਸਿੰਘ**

ਜੇਕਰ ਤੁਸੀਂ ਪੇਂਟਿੰਗਜ਼ ਅਤੇ ਕੰਧ ਚਿੱਤਰਾਂ ਵੱਲ ਧਿਆਨ ਨਹੀਂ ਵੀ ਦਿੰਦੇ ਤਾਂ ਵੀ ਸ਼ਾਇਦ ਤੁਸੀਂ ਆਪਣੇ ਘਰ ਵਿੱਚ ਟੰਗੇ ਕੈਲੰਡਰ ਜਾਂ ਕਿਸੇ ਅਖ਼ਬਾਰ ਵਿੱਚ ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕਰਦੀ ਕੋਈ ਤਸਵੀਰ ਦੇਖੀ ਹੋਵੇ।

ਪੰਜਾਬੀ ਸੱਭਿਆਚਾਰ ਅਤੇ ਸਿੱਖ ਜਗਤ ਦੀਆਂ ਸ਼ਾਹਕਾਰ ਪੇਂਟਿੰਗਜ਼ ਨੂੰ ਬਣਾਉਣ ਵਾਲੇ ਜਰਨੈਲ ਸਿੰਘ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ।

ਸਰੀ ਸ਼ਹਿਰ ਵਿੱਚ ਵਸਦੇ ਜਰਨੈਲ ਸਿੰਘ ਨੇ 10 ਫ਼ਰਵਰੀ ਨੂੰ ਚੰਡੀਗੜ੍ਹ ਵਿੱਚ ਆਖ਼ਰੀ ਸਾਹ ਲਿਆ। ਪੰਜਾਬ ਦੇ ਫਿਰੋਜ਼ਪੁਰ ਜ਼ਿਲੇ ਦੇ ਕਸਬੇ ਜ਼ੀਰੇ ਨਾਲ ਸੰਬੰਧਿਤ ਜਰਨੈਲ ਸਿੰਘ ਕਰੀਬ 69 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ ਪਤਨੀ, ਇਕ ਪੁੱਤਰ ਅਤੇ ਇਕ ਧੀ ਛੱਡ ਗਏ ਹਨ।

ਚਿਤਰਕਾਰ ਜਰਨੈਲ ਸਿੰਘ ਦੇ ਦੇਹਾਂਤ 'ਤੇ ਭਾਈਚਾਰੇ ਦੀਆਂ ਵੱਖ ਵੱਖ ਸ਼ਖਸ਼ੀਅਤਾਂ ਵੱਲੋਂ ਅਫ਼ਸੋਸ ਪ੍ਰਗਟ ਕੀਤਾ ਜਾ ਰਿਹਾ ਹੈ।

ਗੱਲਬਾਤ ਦੌਰਾਨ ਫ਼ਿਲਮਕਾਰ ਨਵਲਪ੍ਰੀਤ ਰੰਗੀ ਨੇ ਕਿਹਾ ਕਿ ਜਰਨੈਲ ਸਿੰਘ ਦੇ ਦੇਹਾਂਤ ਨਾਲ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ।

ਰੰਗੀ ਮੁਤਾਬਿਕ ਪੀਲੀਏ ਕਾਰਨ ਜਰਨੈਲ ਸਿੰਘ ਨੂੰ ਹਸਪਤਾਲ ਦਾਖ਼ਲ ਕਰਵਾਉਣਾ ਪਿਆ ਸੀ ਅਤੇ ਉਹਨਾਂ ਨੇ ਹੁਣ ਕੈਨੇਡਾ ਵਾਪਿਸ ਆਉਣਾ ਸੀ ਪਰ ਬਿਮਾਰੀ ਕਾਰਨ ਟਿਕਟ ਨੂੰ ਅੱਗੇ ਕਰਨਾ ਪਿਆ।

ਨਵਲਪ੍ਰੀਤ ਰੰਗੀ ਨੇ ਕਿਹਾ "ਜਰਨੈਲ ਸਿੰਘ ਇਕ ਵੱਡੇ ਆਰਟਿਸਟ ਹੋਣ ਦੇ ਬਾਵਜੂਦ ਨਵੇਂ ਕਲਾਕਾਰਾਂ ਨੂੰ ਬਹੁਤ ਤਪਾਕ ਨਾਲ ਮਿਲਦੇ ਸਨ ਅਤੇ ਉਤਸ਼ਾਹਿਤ ਕਰਦੇ ਸਨ। "

**ਪਰਿਵਾਰ 'ਚੋਂ ਮਿਲੀ ਚਿਣਗ**

ਜਰਨੈਲ ਸਿੰਘ ਨੂੰ ਚਿੱਤਰਕਾਰੀ ਦੀ ਚਿਣਗ ਆਪਣੇ ਪਰਿਵਾਰ 'ਚੋਂ ਮਿਲੀ। ਜਰਨੈਲ ਸਿੰਘ ਦੇ ਪਿਤਾ , ਕਿਰਪਾਲ ਸਿੰਘ ਵੀ ਚਿਤਰਕਾਰ ਸਨ , ਜਿੰਨ੍ਹਾਂ ਤੋਂ ਜਰਨੈਲ ਸਿੰਘ ਨੇ ਚਿਤਰਕਲਾ ਦੀਆਂ ਬਾਰੀਕੀਆਂ ਨੂੰ ਸਿੱਖਿਆ।

ਕਿਰਪਾਲ ਸਿੰਘ ਦੀਆਂ ਸਿੱਖ ਇਤਿਹਾਸ ਬਾਰੇ ਬਣਾਈਆਂ ਪੇਂਟਿੰਗਜ਼ ਅੰਮ੍ਰਿਤਸਰ ਦੇ ਸਿੱਖ ਅਜਾਇਬਘਰ ਵਿੱਚ ਲੱਗੀਆਂ ਹੋਈਆਂ ਹਨ। ਜਰਨੈਲ ਸਿੰਘ ਨੇ ਆਪਣੇ ਪਿਤਾ ਦੀਆਂ ਪੇਂਟਿੰਗਜ਼ ਨੂੰ ਦੇਖ ਕੇ ਡਰਾਇੰਗ ਕਰਨੀ ਸ਼ੁਰੂ ਕੀਤੀ।

ਜਰਨੈਲ ਸਿੰਘ ਨੇ 70 ਵਿਆਂ ਦੌਰਾਨ ਪੰਜਾਬ ਕਲਾ ਅਕੈਡਮੀ ਅਤੇ ਹੋਰ ਅਦਾਰਿਆਂ ਲਈ ਕਈ ਤਰ੍ਹਾਂ ਦੇ ਚਿਤਰ ਬਣਾਏ। ਉਨ੍ਹਾਂ ਨੇ ਪੰਜਾਬ ਲਲਿਤ ਅਕੈਡਮੀ ਦੇ ਕਈ ਇਨਾਮ ਜਿੱਤੇ। ਜਰਨੈਲ ਸਿੰਘ ਨੂੰ ਕੈਨੇਡੀਅਨ ਇੰਸਟੀਚਿਊਟ ਆਫ ਪੋਰਟਰੇਟ ਆਰਟਿਸਟਸ , ਸਿਟੀ ਆਫ਼ ਸਰੀ ਅਤੇ ਸਰੀ ਆਰਟਸ ਕੌਂਸਲ ਵੱਲੋਂ ਸਨਮਾਨਿਤ ਕੀਤਾ ਗਿਆ।

**ਸਿੱਖ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਦੀ ਚਿੱਤਰਕਾਰੀ**

ਜਰਨੈਲ ਸਿੰਘ ਨੇ ਸਿੱਖ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਅਨੇਕਾਂ ਚਿੱਤਰ ਬਣਾਏ , ਜਿੰਨ੍ਹਾਂ ਨੂੰ ਜਨਤਾ ਵੱਲੋਂ ਬਹੁਤ ਪਿਆਰ ਦਿੱਤਾ ਗਿਆ।

2000 ਵਿੱਚ ਉਹ ਕੈਨੇਡਾ ਆ ਗਏ ਅਤੇ ਸਰੀ ਵਿੱਚ ਸਿਟੀ ਆਫ਼ ਸਰੀ ਲਈ ਕਈ ਪ੍ਰੋਜੈਕਟਸ 'ਤੇ ਕੰਮ ਕਰਨ ਤੋਂ ਇਲਾਵਾ ਸਿੰਘ ਸਭਾ ਗੁਰਦੁਆਰੇ ਲਈ ਕੰਧ ਚਿਤਰ ਬਣਾਏ। ਜਰਨੈਲ ਸਿੰਘ ਨੇ ਸਰੀ ਵਿੱਚ ਆਪਣੀ ਆਰਟ ਗੈਲਰੀ ਸਥਾਪਿਤ ਕੀਤੀ।

ਜਰਨੈਲ ਸਿੰਘ ਵੱਲੋਂ ਕਾਮਾਗਾਟਾਮਾਰੂ ਸਬੰਧੀ ਬਣਾਈਆਂ ਪੇਂਟਿੰਗਾਂ ਨੂੰ ਬਹੁਤ ਪਸੰਦ ਕੀਤਾ ਗਿਆ।



ਜਰਨੈਲ ਸਿੰਘ ਨੇ ਖੂਹਾਂ , ਬਲਦਾਂ , ਤ੍ਰਿੰਝਣਾਂ , ਰੁੱਖਾਂ ਆਦਿ ਦੀਆਂ ਤਸਵੀਰਾਂ ਬਣਾ ਕੇ ਪੰਜਾਬੀ ਸੱਭਿਆਚਾਰ ਨੂੰ ਦੁਨੀਆ ਦੇ ਕੋਨੇ ਕੋਨੇ ਵਿੱਚ ਪੁੱਜਦਾ ਕੀਤਾ।

ਬ੍ਰਿਟਿਸ਼ ਕੋਲੰਬੀਆ ਦੇ ਮਾਈਨਿੰਗ ਮਨਿਸਟਰ ਜਗਰੂਪ ਬਰਾੜ ਵੱਲੋਂ ਜਰਨੈਲ ਸਿੰਘ ਨੂੰ ਇਕ ਨੇਕ ਰੂਹ ਵਜੋਂ ਯਾਦ ਕੀਤਾ ਜਾ ਰਿਹਾ ਹੈ।

ਗੱਲਬਾਤ ਦੌਰਾਨ ਜਗਰੂਪ ਬਰਾੜ ਨੇ ਜਰਨੈਲ ਸਿੰਘ ਦੁਆਰਾ ਆਪਣੇ ਪਿਤਾ ਕਾਕਾ ਸਿੰਘ ਬਰਾੜ ਦੀ ਬਣਾਈ ਪੇਂਟਿੰਗ ਦਾ ਜ਼ਿਕਰ ਕੀਤਾ।

ਕਾਕਾ ਸਿੰਘ ਬਰਾੜ ਨੇ 1947 ਦੀ ਵੰਡ ਦੌਰਾਨ ਮੁਸਲਿਮ ਭਾਈਚਾਰੇ ਦੇ ਲੋਕਾਂ ਦੀ ਜਾਨ ਬਚਾਉਣ ਦਾ ਕੰਮ ਕੀਤੀ ਜਗਰੂਪ ਬਰਾੜ ਨੇ ਕਿਹਾ "ਜਰਨੈਲ ਸਿੰਘ , ਮੇਰੇ ਪਿਤਾ ਦਾ ਚਿੱਤਰ ਬਣਾਉਣ ਮੌਕੇ ਮੇਰੀ ਮਾਤਾ ਅਤੇ ਮੇਰੇ ਭਰਾ ਦੇ ਲਗਾਤਾਰ ਸੰਪਰਕ ਵਿੱਚ ਰਹੇ ਅਤੇ ਨਿੱਕੀਆਂ ਨਿੱਕੀਆਂ ਬਾਰੀਕੀਆਂ 'ਤੇ ਕੰਮ ਕੀਤਾ। "

ਗੱਲਬਾਤ ਦੌਰਾਨ ਓਨਟੇਰੀਓ ਵਸਦੇ ਚਿਤਰਕਾਰ ਅਤੇ ਅੱਖਰਕਾਰ ਪ੍ਰਤੀਕ ਸਿੰਘ ਨੇ ਕਿਹਾ ਕਿ ਜਰਨੈਲ ਸਿੰਘ ਦੇ ਦੇਹਾਂਤ ਨਾਲ ਕਲਾ ਖ਼ੇਤਰ ਨੂੰ ਵੱਡਾ ਘਾਟਾ ਪਿਆ ਹੈ।

ਪ੍ਰਤੀਕ ਸਿੰਘ ਨੇ ਕਿਹਾ "ਜਰਨੈਲ ਸਿੰਘ ਨੇ ਪੰਜਾਬੀ ਸੱਭਿਆਚਾਰ ਅਤੇ ਸਿੱਖ ਇਤਿਹਾਸ ਬਾਬਤ ਕੰਮ ਕਰਕੇ ਪੰਜਾਬੀ ਵਿੱਚ ਹੀ ਨਹੀਂ ਸਗੋਂ ਹੋਰਨਾਂ ਭਾਈਚਾਰਿਆਂ ਵਿੱਚ ਵੀ ਆਪਣਾ ਨਾਮ ਬਣਾਇਆ। "

**ਕਿਤਾਬਾਂ ਰਾਹੀਂ ਯੋਗਦਾਨ**

ਜਰਨੈਲ ਸਿੰਘ ਨੇ ਆਪਣੀਆਂ ਕਿਤਾਬਾਂ ਰਾਹੀਂ ਵੀ ਸਾਹਿਤ ਅਤੇ ਕਲਾ ਦੇ ਖ਼ੇਤਰ ਵਿੱਚ ਆਪਣਾ ਯੋਗਦਾਨ ਪਾਇਆ। ਜਰਨੈਲ ਸਿੰਘ ਨੇ 1990 ਦੌਰਾਨ ਪੰਜਾਬੀ ਚਿੱਤਰਕਾਰ ਨਾਮੀ ਕਿਤਾਬ ਵਿੱਚ ਪੰਜਾਬ ਦੇ ਚਿੱਤਰਕਾਰਾਂ ਬਾਰੇ ਲਿਖਿਆ।

2011 ਦੌਰਾਨ ਜਰਨੈਲ ਸਿੰਘ ਨੇ ਵਿਸ਼ਵ ਦੇ ਪ੍ਰਸਿੱਧ ਚਿੱਤਰਕਾਰ ਸ਼ਾਹਕਾਰ ਨਾਮ ਦੀ ਕਿਤਾਬ ਪਾਠਕਾਂ ਦੀ ਝੋਲੀ ਪਾਈ। ਕਾਮਾਗਾਟਾਮਾਰੂ ਬਾਰੇ ਜਰਨੈਲ ਸਿੰਘ ਨੇ ਅਜਮੇਰ ਰੋਡੇ ਦੇ ਨਾਲ ਮਿਲ ਕੇ ਏ ਜਰਨੀ ਵਿਦ ਦਾ ਐਂਡਲੈਸ ਆਈ ਨਾਮ ਦੀ ਕਿਤਾਬ ਲਿਖੀ।

ਜਰਨੈਲ ਸਿੰਘ ਸਰੀ ਤੋਂ ਪ੍ਰਕਾਸ਼ਤ ਹੁੰਦੇ ਹਫਤਾਵਾਰੀ ਪੰਜਾਬੀ ਅਖਬਾਰ 'ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਅਤੇ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਦੇ ਮੁਢਲੇ ਮੈਂਬਰਾਂ ਵਿੱਚੋਂ ਸਨ। ਉਹਨਾਂ ਨੇ ਵੱਖ ਵੱਖ ਅਖ਼ਬਾਰਾਂ ਲਈ ਵੱਡੀ ਗਿਣਤੀ ਵਿੱਚ ਲੇਖ ਲਿਖੇ।

ਲੇਖਕ ਅਜਮੇਰ ਰੋਡੇ ਦਾ ਕਹਿਣਾ ਹੈ ਕਿ ਜਰਨੈਲ ਸਿੰਘ ਕਲਾਕਾਰਾਂ ਅਤੇ ਲੇਖਕਾਂ ਦਰਮਿਆਨ ਇਕ ਪੁਲ ਸੀ ਅਤੇ ਜਰਨੈਲ ਸਿੰਘ ਦੇ ਸਟੂਡੀਓ ਵਿੱਚ ਲੇਖਕ ਇਕੱਠੇ ਹੋ ਕੇ ਵਿਚਾਰ ਵਟਾਂਦਰੇ ਕਰਦੇ ਸਨ।

ਹਰਭਜਨ ਸਿੰਘ ਹੁੰਦਲ ਵੱਲੋਂ ਜਰਨੈਲ ਸਿੰਘ ਬਾਰੇ ਕਿਤਾਬ , ਚਿਤਰਕਾਰ ਜਰਨੈਲ ਸਿੰਘ ਲਿਖੀ ਗਈ ਹੈ।

**ਸਿਆਸੀ ਅਤੇ ਹੋਰਨਾਂ ਸ਼ਖਸ਼ੀਅਤਾਂ ਵੱਲੋਂ ਦੁੱਖ ਜ਼ਾਹਰ**

ਜਰਨੈਲ ਸਿੰਘ ਦੇ ਦੇਹਾਂਤ 'ਤੇ ਦੁਨੀਆ ਭਰ ਵਿੱਚ ਬੈਠੇ ਪੰਜਾਬੀ ਕਲਾਕਾਰਾਂ , ਲੇਖਕਾਂ ਸਮੇਤ ਸਿਆਸੀ ਸ਼ਖਸ਼ੀਅਤਾਂ ਵੱਲੋਂ ਦੁੱਖ ਜ਼ਾਹਰ ਕੀਤਾ ਜਾ ਰਿਹਾ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਰਨੈਲ ਸਿੰਘ ਦੀ ਮੌਤ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ "ਚਿੱਤਰਕਾਰੀ ਦੇ ਖੇਤਰ 'ਚ ਇੱਕ ਯੁੱਗ ਦਾ ਅੰਤ ਹੋਇਆ ਹੈ, ਇਹ ਘਾਟਾ ਨਾ ਪੂਰਨ ਯੋਗ ਹੈ। ਉਹਨਾਂ ਵੱਲੋਂ ਚਿੱਤਰਕਾਰੀ ਦੇ ਨਾਲ ਸਿੱਖ ਵਿਰਾਸਤ ਅਤੇ ਸੱਭਿਆਚਾਰ ਲਈ ਪਾਏ ਯੋਗਦਾਨ ਨੂੰ ਰਹਿੰਦੀ ਦੁਨੀਆ ਤੱਕ ਯਾਦ ਕੀਤਾ ਜਾਵੇਗਾ।"

ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਵੀ ਜਰਨੈਲ ਸਿੰਘ ਦੀ ਮੌਤ 'ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਨਵਲਪ੍ਰੀਤ ਰੰਗੀ ਨੇ ਦੱਸਿਆ ਕਿ 23 ਫ਼ਰਵਰੀ ਨੂੰ ਮਾਂ ਬੋਲੀ ਦਿਵਸ ਦੇ ਮੌਕੇ 'ਤੇ ਉਹ ਜਰਨੈਲ ਸਿੰਘ ਬਾਬਤ ਸਮਾਗਮ ਰੱਖਣਗੇ। ਸਰੀ ਦੇ ਪੰਜਾਬੀ ਭਵਨ ਅਦਾਰੇ ਵੱਲੋਂ 14 ਫ਼ਰਵਰੀ ਨੂੰ ਜਰਨੈਲ ਸਿੰਘ ਨਮਿਤ ਸ਼ਰਧਾਂਜਲੀ ਸਮਾਰੋਹ ਉਲੀਕਿਆ ਗਿਆ ਹੈ।

SINCE : 2007
ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- **Brar Bhagta Bhai Ka**
  604-751-1113
- **Karamjit Singh Buttar**
  Journalist
- **Simranjit Singh**
  Journalist
- **Dr. Puran Singh**
  Writer
- **Gora Sandhu Khurd**
  News Reporter (Punjab)
- **Paramjit Singh**
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ ’ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਫੈਡਰਲ ਨਿਆਂ ਮੰਤਰੀ ਆਰਿਫ਼ ਵਿਰਾਨੀ ਅਗਲੀਆਂ ਫ਼ੈਡਰਲ ਚੋਣਾਂ ਨਾ ਲੜਨ ਦਾ ਕੀਤਾ ਫੈਸਲਾ

ਟੋਰਾਂਟੋ: ਕੈਨੇਡਾ ਦੇ ਨਿਆਂ ਮੰਤਰੀ ਆਰਿਫ਼ ਵਿਰਾਨੀ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਉਹ ਅਗਲੀਆਂ ਫ਼ੈਡਰਲ ਚੋਣਾਂ ਨਹੀਂ ਲੜਣਗੇ। ਇਹ ਫ਼ੈਸਲਾ ਉਨ੍ਹਾਂ ਵਲੋਂ ਕਈ ਹਫ਼ਤਿਆਂ ਦੇ ਵਿਚਾਰ-ਵਿਮਰਸ਼ ਮਗਰੋਂ ਲਿਆ ਗਿਆ ਹੈ।

ਵਿਰਾਨੀ, ਜੋ 2015 ਤੋਂ ਲਗਾਤਾਰ ਪਾਰਕਡੇਲ-ਹਾਈ ਪਾਰਕ ਤੋਂ ਸੰਸਦ ਮੈਂਬਰ ਰਹੇ ਹਨ, ਨੇ ਕਿਹਾ, "ਇਸ ਹਲਕੇ ਦੀ ਤਿੰਨ ਵਾਰ ਨੁਮਾਇੰਦਗੀ ਕਰਨਾ ਮੇਰੇ ਜੀਵਨ ਦਾ ਮਾਣ ਹੈ। ਭਾਵੇਂ ਇਹ ਫ਼ੈਸਲਾ ਭਰੇ ਦਿਲ ਨਾਲ ਲਿਆ ਗਿਆ ਹੈ, ਪਰ ਹੁਣ ਮੇਰੇ ਲਈ ਅੱਗੇ ਵਧਣ ਦਾ ਸਮਾਂ ਆ ਗਿਆ ਹੈ।"ਉਨ੍ਹਾਂ ਇਹ ਵੀ ਕਿਹਾ ਕਿ ਚੋਣਾਂ ਤੱਕ ਉਹ ਸੰਸਦ ਮੈਂਬਰ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਰਹਿਣਗੇ ਅਤੇ ਆਪਣੇ ਪਦ 'ਤੇ ਕੰਮ ਕਰਦੇ ਰਹਿਣਗੇ।

ਵਿਰਾਨੀ, ਜੋ ਦਸੰਬਰ 2023 ਵਿਚ ਨਿਆਂ ਮੰਤਰੀ ਬਣੇ ਸਨ, ਪੰਜਵੇਂ ਕੈਬਿਨੇਟ ਮੰਤਰੀ ਹਨ ਜਿਨ੍ਹਾਂ ਨੇ 2025 ਦੀਆਂ ਚੋਣਾਂ ਨਾ ਲੜਨ ਦਾ ਐਲਾਨ ਕੀਤਾ ਹੈ। ਉਹਨਾਂ ਤੋਂ ਪਹਿਲਾਂ ਟ੍ਰਾਂਸਪੋਰਟ ਮੰਤਰੀ ਅਨੀਤਾ ਅਨੰਦ, ਰੂਰਲ ਡਿਵੈਲਪਮੈਂਟ ਮੰਤਰੀ ਗੁਡੀ ਹਚਿੰਗਜ਼, ਐਮਰਜੈਂਸੀ ਪ੍ਰੀਪੇਅਰਡਨੈੱਸ ਮੰਤਰੀ ਹਰਜੀਤ ਸੱਜਣ ਅਤੇ ਸਾਬਕਾ ਟੂਰਿਜ਼ਮ ਮੰਤਰੀ ਸੋਰਾਯਾ ਮਾਰਟੀਨੇਜ਼ ਫ਼ੈਰਾਡਾ ਵੀ ਅਜੇਹੀ ਹੀ ਘੋਸ਼ਣਾ ਕਰ ਚੁੱਕੇ ਹਨ।



ਟਰੂਡੋ ਸਰਕਾਰ ਵਿਚ ਇਹ ਰੁਝਾਨ ਇੱਕ ਵੱਡੀ ਤਬਦੀਲੀ ਵਜੋਂ ਦੇਖਿਆ ਜਾ ਰਿਹਾ ਹੈ, ਕਿਉਂਕਿ ਬਹੁਤੇ ਮੰਤਰੀ ਜਾਂ ਵਿਧਾਇਕ ਸੰਸਦ ਤੋਂ ਵਿਦਾ ਲੈ ਰਹੇ ਹਨ। ਜੇਕਰ ਪ੍ਰਧਾਨ ਮੰਤਰੀ ਜਸਟਿਨ ਟ੍ਰੂਡੋ ਨੂੰ ਵੀ ਇਸ ਗਿਣਤੀ ਵਿੱਚ ਸ਼ਾਮਲ ਕੀਤਾ ਜਾਵੇ, ਤਾਂ ਵਿਰਾਨੀ ਛੇਵੇਂ ਐਸੇ ਮੰਤਰੀ ਹੋਣਗੇ, ਜੋ ਚੋਣਾਂ ਤੋਂ ਪਿੱਛੇ ਹਟ ਰਹੇ ਹਨ। ਵਿਰਾਨੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਦਾ ਇਹ ਫ਼ੈਸਲਾ ਨਿੱਜੀ ਕਾਰਨਾਂ ਕਰਕੇ ਹੈ। "ਮੈਂ ਹਮੇਸ਼ਾ ਲੋਕ-ਸੇਵਾ ਨੂੰ ਆਪਣੀ ਜ਼ਿੰਦੀ ਦਾ ਮਕਸਦ ਬਣਾਇਆ, ਪਰ ਇਹ ਕਾਰਜਕਾਲ ਮੇਰੇ ਪਰਿਵਾਰ ਤੋਂ ਦੂਰ ਰਹਿਣ ਨਾਲ ਭਰਿਆ ਹੋਇਆ ਰਿਹਾ। ਮੇਰੇ ਦੋ ਪੁੱਤਰ ਹਨ, ਜੋ ਅੱਜ ਤੱਕ ਮੈਨੂੰ ਸਿਰਫ਼ ਰਾਜਨੀਤਿਕ ਨੇਤਾ ਵਜੋਂ ਹੀ ਜਾਣਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਮੈਂ ਇੱਕ ਪਿਤਾ ਵਜੋਂ ਉਨ੍ਹਾਂ ਦੇ ਨਾਲ ਹੋਮ।" ਉਨ੍ਹਾਂ ਕਿਹਾ ਕਿ "ਲੋਕ ਇਸਨੂੰ ਜਨਤਕ ਸੇਵਾ ਦੀ ਕੀਮਤ ਕਹਿੰਦੇ ਹਨ, ਪਰ ਜਦ ਤੱਕ ਕੋਈ ਵਿਅਕਤੀ ਖੁਦ ਇਹ ਤਿਆਗ ਨਹੀਂ ਕਰਦਾ, ਉਹ ਇਸਦੇ ਅਸਲ ਅਰਥ ਨਹੀਂ ਸਮਝ ਸਕਦਾ।"

ਵਿਰਾਨੀ 2015 ਦੀ ਚੋਣ ਵਿੱਚ ਪਹਿਲੀ ਵਾਰ ਸੰਸਦ ਲਈ ਚੁਣੇ ਗਏ ਸਨ। 2019 ਅਤੇ 2021 ਵਿੱਚ ਵੀ ਉਹ ਪਾਰਕਡੇਲ-ਹਾਈ ਪਾਰਕ ਤੋਂ ਸੰਸਦ ਮੈਂਬਰ ਬਣੇ। ਆਪਣੀ ਰਾਜਨੀਤਿਕ ਜ਼ਿੰਦਗੀ ਦੌਰਾਨ ਉਨ੍ਹਾਂ ਨੇ ਇਮੀਗ੍ਰੇਸ਼ਨ, ਹੈਰੀਟੇਜ, ਨਿਆਂ ਅਤੇ ਅੰਤਰਰਾਸ਼ਟਰੀ ਵਪਾਰ ਵਰਗੇ ਕਈ ਮਹੱਤਵਪੂਰਨ ਵਿਭਾਗਾਂ ਵਿੱਚ ਪਾਰਲੀਮਾਨੀ ਸਕੱਤਰ ਵਜੋਂ ਸੇਵਾ ਨਿਭਾਈ।

ਦਸੰਬਰ 2023 ਵਿੱਚ, ਉਨ੍ਹਾਂ ਨੂੰ ਕੈਨੇਡਾ ਦਾ ਨਿਆਂ ਮੰਤਰੀ ਬਣਾਇਆ ਗਿਆ, ਜੋ ਕਿ ਉਨ੍ਹਾਂ ਲਈ ਇੱਕ ਵੱਡੀ ਉਪਰਾਧੀ ਸੀ। ਇਸ ਦੌਰਾਨ, ਉਨ੍ਹਾਂ ਨੇ ਨਿਆਂ ਪ੍ਰਣਾਲੀ ਵਿੱਚ ਸੁਧਾਰ ਲਿਆਉਣ ਅਤੇ ਵਿਅਕਤਗਤ ਅਜ਼ਾਦੀਆਂ ਦੀ ਰਾਖੀ ਕਰਨ ਲਈ ਕਈ ਉਪਕਰਮ ਕੀਤੇ।

ਉਨ੍ਹਾਂ ਦੇ ਇਸ ਫ਼ੈਸਲੇ ਤੋਂ ਬਾਅਦ ਲਿਬਰਲ ਪਾਰਟੀ ਲਈ ਨਵਾਂ ਉਮੀਦਵਾਰ ਲੱਭਣਾ ਚੁਣੌਤੀਪੂਰਨ ਹੋ ਸਕਦਾ ਹੈ। ਉੱਥੇ ਹੀ, ਸਾਵਕਾ ਮੰਤਰੀ ਫ਼ੈਰਾਡਾ ਨੇ ਪਿਛਲੇ ਹਫ਼ਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ, ਕਿਉਂਕਿ ਉਹ ਮੌਂਟਰੀਅਲ ਦੀ ਮੇਅਰ ਦੀ ਚੋਣ ਲੜਣਗੇ।

ਹਾਲਾਂਕਿ, ਹੋਰ ਮੰਤਰੀ, ਜਿਵੇਂ ਕਿ ਹਰਜੀਤ ਸੱਜਣ, ਅਨੀਤਾ ਅਨੰਦ ਅਤੇ ਗੁਡੀ ਹਚਿੰਗਜ਼, ਹਾਲੇ ਵੀ ਆਪਣੇ ਕੈਬਿਨੇਟ ਅਹੁਦੇ 'ਤੇ ਕਾਇਮ ਹਨ, ਪਰ ਉਨ੍ਹਾਂ ਨੇ ਵੀ ਚੋਣਾਂ ਤੋਂ ਬਾਅਦ ਆਪਣੀ ਸਿਆਸੀ ਭਵਿੱਖ ਬਾਰੇ ਅਣਸੁਣੀ ਕੀਤੀ ਹੈ।

# ਦੁਨੀਆ ਦੇ ਸਭ ਤੋਂ 10 ਸ਼ਕਤੀਸ਼ਾਲੀ ਦੇਸ਼ਾਂ ਦੀ ਨਵੀਂ ਸੂਚੀ ਵਿਚ ਅਮਰੀਕਾ ਸਭ ਤੋਂ ਉੱਪਰ, ਭਾਰਤ ਬਾਹਰ

ਵਾਸ਼ਿੰਗਟਨ : ਭਾਰਤ ਨੂੰ ਫੋਰਬਸ ਦੀ ਦੁਨੀਆ ਦੇ 10 ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ। 2025 ਦੀ ਇਸ ਨਵੀਂ ਸੂਚੀ ਵਿੱਚ, ਅਮਰੀਕਾ ਚੋਟੀ ਦੇ 10 ਵਿੱਚੋਂ ਸਭ ਤੋਂ ਉੱਪਰ ਹੈ। ਜਦੋਂ ਕਿ ਇਜ਼ਰਾਈਲ 10ਵੇਂ ਨੰਬਰ 'ਤੇ ਹੈ। ਫੋਰਬਸ ਖੁਦ ਦਾਅਵਾ ਕਰਦਾ ਹੈ ਕਿ ਉਹ ਰੈਂਕਿੰਗ ਜਾਰੀ ਕਰਦੇ ਸਮੇਂ ਕਈ ਮਾਪਦੰਡਾਂ 'ਤੇ ਵਿਚਾਰ ਕਰਦਾ ਹੈ, ਹਾਲਾਂਕਿ, ਭਾਰਤ ਦੇ ਰਖਿਆ ਮਾਹਿਰਾਂ ਅਨੁਸਾਰ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ, ਚੌਥੀ ਸਭ ਤੋਂ ਵੱਡੀ ਫੌਜੀ ਸ਼ਕਤੀ ਅਤੇ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਾਲੇ ਦੇਸ਼ ਭਾਰਚ ਨੂੰ ਚੋਟੀ ਦੇ 10 ਵਿੱਚੋਂ ਬਾਹਰ ਰੱਖਣ ਦਾ ਕੋਈ ਜਾਇਜ਼ ਨਹੀਂ ਜਾਪਦਾ।



ਫੋਰਬਸ ਦੀ ਰਿਪੋਰਟ ਅਨੁਸਾਰ, ਇਹ ਸੂਚੀ ਯੂਐਸ ਨਿਊਜ਼ ਦੁਆਰਾ ਤਿਆਰ ਕੀਤੀ ਗਈ ਸੀ ਅਤੇ ਦਰਜਾਬੰਦੀ ਲਈ ਪੰਜ ਮੁੱਖ ਮਾਪਦੰਡ ਵਰਤੇ ਗਏ ਸਨ। ਇਹ ਸੂਚੀ ਕਿਸੇ ਵੀ ਦੇਸ਼ ਦੇ ਨੇਤਾ, ਆਰਥਿਕ ਪ੍ਰਭਾਵ, ਰਾਜਨੀਤਿਕ ਪ੍ਰਭਾਵ, ਮਜ਼ਬੂਤ ਅੰਤਰਰਾਸ਼ਟਰੀ ਗੱਠਜੋੜ ਅਤੇ ਮਜ਼ਬੂਤ ਫੌਜ ਦੇ ਆਧਾਰ 'ਤੇ ਤਿਆਰ ਕੀਤੀ ਜਾਂਦੀ ਹੈ।

1- ਅਮਰੀਕਾ 30.34 ਟ੍ਰਿਲੀਅਨ ਡਾਲਰ 345 ਕਰੋੜ
2. ਚੀਨ 19.53 ਟ੍ਰਿਲੀਅਨ ਡਾਲਰ 141.9 ਕਰੋੜ
3. ਰੂਸ 2.2 ਟ੍ਰਿਲੀਅਨ ਡਾਲਰ144.4 ਕਰੋੜ
4. ਯੂਨਾਈਟਿਡ ਕਿੰਗਡਮ 3.73 ਟ੍ਰਿਲੀਅਨ ਡਾਲਰ 69.1 ਕਰੋੜ
5. ਜਰਮਨੀ 4.92 ਟ੍ਰਿਲੀਅਨ ਡਾਲਰ 84.5 ਮਿਲੀਅਨ ਕਰੋੜ
6. ਦੱਖਣੀ ਕੋਰੀਆ 1.95 ਟ੍ਰਿਲੀਅਨ ਡਾਲਰ 51.7 ਕਰੋੜ ਏਸ਼ੀਆ
7. ਫਰਾਂਸ $3.28 ਟ੍ਰਿਲੀਅਨ $66.5 ਕਰੋੜ ਯੂਰਪ
8. ਜਪਾਨ 4.39 ਟ੍ਰਿਲੀਅਨ ਡਾਲਰ 123.7 ਕਰੋੜ
9. ਸਾਊਦੀ ਅਰਬ 1.14 ਟ੍ਰਿਲੀਅਨ ਡਾਲਰ 33.9 ਕਰੋੜ
10 ਇਜ਼ਰਾਈਲ 550.91 ਬਿਲੀਅਨ ਡਾਲਰ 93.8 ਲਖ

ਇਸ ਤੋਂ ਇਲਾਵਾ, ਰੈਂਕਿੰਗ ਮਾਡਲ ਬੀਏਵੀ ਗਰੁੱਪ ਦੁਆਰਾ ਤਿਆਰ ਕੀਤਾ ਗਿਆ ਹੈ। ਇਹ ਇਕ ਗਲੋਬਲ ਮਾਰਕੀਟਿੰਗ ਸੰਚਾਰ ਕੰਪਨੀ ਡਬਲਯੂਪੀਪੀ ਦੀ ਇੱਕ ਇਕਾਈ ਹੈ, । ਇਹ ਦਰਜਾਬੰਦੀ ਤਿਆਰ ਕਰਨ ਵਾਲੀ ਖੋਜ ਟੀਮ ਦੀ ਅਗਵਾਈ ਪੈਨਸਿਲਵੇਨੀਆ ਯੂਨੀਵਰਸਿਟੀ ਦੇ ਵਾਰਟਨ ਸਕੂਲ ਦੇ ਪ੍ਰੋਫੈਸਰ ਡੇਵਿਡ ਰੀਬਸਟਾਈਨ ਨੇ ਕੀਤੀ









# ਵਿਦੇਸ਼ਾਂ 'ਚ ਪੜ੍ਹਨ ਵਾਲੇ ਪੰਜਾਬੀ ਵਿਦਿਆਰਥੀਆਂ 'ਤੇ ਮੰਡਰਾ ਰਿਹਾ ਡਿਪੋਰਟ ਹੋਣ ਦਾ ਖ਼ਤਰਾ

## ਕੈਨੇਡਾ 'ਚ ਵੀਜ਼ੇ ਦੀ ਮਿਆਦ ਖ਼ਤਮ ਹੋਣ ਕਾਰਣ ਪੰਜਾਬੀ ਵਿਦਿਆਰਥੀ ਚਿੰਤਤ, ਕੈਨੇਡਾ ਤੋਂ10 ਲੱਖ ਤੋਂ ਵੱਧ ਵਿਦਿਆਰਥੀ ਪੰਜਾਬ ਵਿਚ ਵਾਪਸ ਪਰਤਣ ਲਈ ਹੋਣਗੇ ਮਜ਼ਬੂਰ



ਵਾਸ਼ਿੰਗਟਨ : ਅਮਰੀਕਾ-ਕੈਨੇਡਾ ਦੇ ਸੂਬਿਆਂ ਅੰਦਰ ਵਗ ਰਹੇ ਨੀਸ਼ਆਂ ਦੇ 6ਵੇਂ ਦਰਿਆ ਤੇ ਬੇਰੁਜ਼ਗਾਰੀ ਦੀ ਝੰਬੀ ਪੰਜਾਬ ਦੀ ਨੌਜਵਾਨੀ ਵਲੋਂ ਪਿਛਲੇ 2 ਦਹਾਕਿਆਂ ਤੋਂ ਆਪਣੀ ਜਨਮ ਭੂਮੀ ਛੱਡ ਕੇ ਕੈਨੇਡਾ ਅਤੇ ਅਮਰੀਕਾ ਵਿਚ ਵੱਖ-ਵੱਖ ਤਰ੍ਹਾਂ ਦੇ ਵੀਜ਼ੇ ਰਾਹੀਂ ਪਹੁੰਚਣ ਦੀ ਲੱਗੀ ਹੋੜ ਨਾਲ ਪੰਜਾਬ ਦੇ 25 ਲੱਖ ਤੋਂ ਵੱਧ ਨੌਜਵਾਨਾਂ ਵਜੋਂ ਸਟੱਡੀ ਵੀਜ਼ੇ, ਵਰਕ ਵੀਜ਼ੇ ਲਗਵਾ ਕੇ ਆਪਣੀ ਜਨਮ ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵਿਚ ਆਪਣੇ ਉੱਜਵਲ ਭਵਿੱਖ ਲਈ ਸਖ਼ਤ ਮਿਹਨਤਾਂ ਕਰਕੇ ਤਰਲੋਮੱਛੀ ਹੋ ਰਹੇ ਹਨ ।ਇਸ ਦੇ ਨਾਲ ਲੱਖ ਦੀ ਗਿਣਤੀ ਵਿਚ ਪੜ੍ਹਾਈ ਵਿਚ ਥੋੜੇ ਪੱਛੜਨ ਵਾਲੇ ਨੌਜਵਾਨਾਂ ਨੂੰ ਠੱਗਣ ਵਾਲੇ ਏਜੰਟਾਂ ਵਲੋਂ ਅਜਿਹੇ ਸੁਪਨੇ ਵਿਖਾ ਕੇ ਗੈਰ-ਕਾਨੂੰਨੀ ਤਰੀਕੇ ਨਾਲ ਡੌਂਕੀ ਲਗਵਾ ਕੇ ਵਿਦੇਸ਼ਾਂ ਵਿਚ ਭੇਜਿਆ ਗਿਆ, ਜਿਨ੍ਹਾਂ ਵਿਚ ਅਮਰੀਕਾ ਵਿਚ ਪਹੁੰਚਣ ਲਈ ਲੱਖਾਂ ਨੌਜਵਾਨਾਂ ਵਲੋਂ 30 ਲੱਖ ਤੋਂ 70 ਲੱਖ ਰੁਪਏ ਆਪਣੀਆਂ ਜ਼ਮੀਨਾਂ ਜਾਇਦਾਦਾਂ ਅਤੇ ਹੋਰ ਸੰਪਤੀ ਵੇਚ ਕੇ ਖ਼ਰਚ ਕੀਤੇ ਗਏ ।

ਅਮਰੀਕਾ ਵਿਚ ਸੱਤਾ ਪਲਟੀ ਤੇ ਡੋਨਾਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਵਲੋਂ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ ਵਿਚ ਗੈਰ-ਕਾਨੂੰਨੀ ਰਹਿ ਰਹੇ ਲੋਕਾਂ ਦੀਆਂ ਸੂਚੀਆਂ ਬਣਵਾਉਣੀਆਂ ਸ਼ੁਰੂ ਕਰ ਦਿੱਤੀਆਂ । ਮੀਡੀਆ ਰਿਪੋਰਟਾਂ ਦੀ ਜਾਣਕਾਰੀ ਅਨੁਸਾਰ ਅਮਰੀਕਾ ਵਿਚ 15 ਲੱਖ ਤੋਂ ਵੱਧ ਲੋਕ ਗੈਰ-ਕਾਨੂੰਨੀ ਰਹਿ ਰਹੇ ਹਨ, ਜਿਨ੍ਹਾਂ ਵਿਚੋਂ ਮੈਕਸੀਕੋ ਦੇ 2 ਲੱਖ 50 ਹਜ਼ਾਰ, ਬ੍ਰਾਜ਼ੀਲ ਦੇ 38677, ਚੀਨ ਦੇ 37908, ਭਾਰਤ ਦੇ 17940, ਪਾਕਿਸਤਾਨ ਦੇ 7760, ਈਰਾਨ ਦੇ 2618, ਬੰਗਲਾਦੇਸ਼ ਦੇ 4837 ਲੋਕਾਂ ਦੀਆਂ ਸੂਚੀਆਂ ਬਣ ਚੁੱਕੀਆਂ ਹਨ ।ਭਾਰਤ ਦੇ 17,940 ਲੋਕਾਂ ਵਿਚੋਂ ਵੱਡੀ ਗਿਣਤੀ ਪੰਜਾਬੀਆਂ ਦੀ ਦੱਸੀ ਜਾ ਰਹੀ ਹੈ ।ਅਮਰੀਕਾ ਸਰਕਾਰ ਦੀ ਸਖ਼ਤੀ ਤੋਂ ਬਾਅਦ ਇਨ੍ਹਾਂ ਲੋਕਾਂ ਨੂੰ ਆਪਣੇ ਦੇਸ਼ 'ਚ ਵਾਪਸ ਭੇਜਣਾ ਸ਼ੁਰੂ ਕਰ ਦਿੱਤਾ ਹੈ . ਜਿਨ੍ਹਾਂ ਵਿਚ ਪਿਛਲੇ ਹਫ਼ਤੇ 104 ਭਾਰਤੀਆਂ ਨੂੰ ਅਮਰੀਕਾ ਦੇ ਫ਼ੌਜੀ ਜਹਾਜ਼ ਰਾਹੀਂ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਾਰਿਆ ਗਿਆ ਹੈ। ਇਨ੍ਹਾਂ ਵਿਚ 30 ਪੰਜਾਬੀ ਸਨ।ਅਮਰੀਕਾ ਨੇ ਹੁਣ 487 ਹੋਰ ਭਾਰਤੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕਰ ਲਈ ਹੈ। ਇਸ ਵਿਚਕਾਰ ਭਾਰਤ ਨੇ ਗੈਰ-ਕਾਨੂੰਨੀ ਭਾਰਤੀਆਂ ਦੇ ਨਾਲ ਕਿਸੇ ਵੀ ਤਰ੍ਹਾਂ ਦੇ ਦੁਰਵਿਵਹਾਰ ਦੀ ਸੰਭਾਵਨਾ ਨੂੰ ਲੈ ਕੇ ਚਿੰਤਾ ਜਤਾਈ ਹੈ।

ਭਾਰਤ ਸਰਕਾਰ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਤੋਂ ਬਾਅਦ ਗੰਭੀਰ ਚਿਤਾਵਨੀ ਜਾਰੀ ਕੀਤੀ ਗਈ ਹੈ। ਅਮਰੀਕਾ ਸਮੇਤ 20 ਦੇਸ਼ਾਂ 'ਚ ਇਨ੍ਹਾਂ ਪ੍ਰਵਾਸੀਆਂ ਨੂੰ ਹੁਣ ਵੈਧ ਦਸਤਾਵੇਜ਼ਾਂ 'ਤੇ ਵੀ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਇਨ੍ਹਾਂ ਸਾਰਿਆਂ ਦੇ ਬਾਇਓਮੈਟ੍ਰਿਕ ਸਕੈਨ ਲਏ ਗਏ ਹਨ ਅਤੇ ਭਵਿੱਖ ਵਿੱਚ ਜੇਕਰ ਇਹ ਵਿਅਕਤੀ ਕਿਸੇ ਵੀ ਦੇਸ਼ ਦਾ ਵੀਜ਼ਾ ਅਪਲਾਈ ਕਰਦੇ ਹਨ ਤਾਂ ਉਨ੍ਹਾਂ ਨੂੰ ਰੱਦ ਕਰ ਦਿੱਤਾ ਜਾਵੇਗਾ। ਜਕਿਰਯੋਗ ਹੈ ਕਿ ਇਹ ਦੇਸ਼ ਅਮਰੀਕਾ ਦੀਆਂ ਵੀਜ਼ਾ ਨੀਤੀ ਦੀ ਪਾਲਣਾ ਕਰਦੇ ਹਨ, ਜਿਸ ਵਿੱਚ ਕੈਨੇਡਾ, ਨਿਊਜ਼ੀਲੈਂਡ, ਆਸਟ੍ਰੇਲੀਆ, ਯੂ.ਕੇ ਅਤੇ ਹੋਰ ਦੇਸ਼ ਸ਼ਾਮਲ ਹਨ।

ਪੰਜਾਬ ਦੇ ਦੋ ਦਹਾਕਿਆ ਤੋਂ ਪੰਜਾਬ ਦੀ ਤੀਜੀ ਪੀੜ੍ਹੀ ਦੇ ਮਾਪਿਆਂ ਵਲੋਂ ਨਸਿਆਂ ਦੀ ਦਲ-ਦਲ ਵਿਚ ਫਸਣ ਤੋਂ ਬਚਾਉਣ ਲਈ ਆਪਣੀਆਂ ਜ਼ਮੀਨਾਂ, ਜਾਇਦਾਦਾਂ ਅਤੇ ਗਹਿਣੇ ਵਗ਼ੈਰਾ ਵੇਚ ਕੇ ਆਪਣੇ ਕੱਚੀ ਉਮਰ ਦੇ ਬੱਚਿਆਂ ਨੂੰ 12ਵੀਂ ਪਾਸ ਕਰਵਾ ਕੇ ਵਿਦੇਸ਼ਾਂ ਵਿਚ ਪੜ੍ਹਨ ਲਈ ਭੇਜਣ ਲਈ ਮਜਬੂਰ ਹੋਣ ਪਿਆ ਸੀ ।

ਕੈਨੇਡਾ ਦੀ ਟਰੂਡੋ ਸਰਕਾਰ ਵਲੋਂ ਆਪਣੀਆਂ ਇਮੀਗਰੇਸ਼ਨ ਨੀਤੀਆਂ ਵਿਚ ਇਕ ਦਮ ਅਜਿਹਾ ਬਦਲਾਅ ਲਿਆਂਦਾ ਜਿਸ ਨਾਲ ਵਿਦੇਸ਼ਾਂ ਵਿਚ ਪੜ੍ਹਾਈ ਪੂਰੀ ਕਰਕੇ ਪੱਕਾ ਹੋਣ ਦੇ ਸੁਪਨੇ ਸਮੋਈ ਬੈਠੇ ਪੰਜਾਬ ਦੇ 10 ਲੱਖ ਤੋਂ ਵੱਧ ਵਿਦਿਆਰਥੀਆਂ ਦੇ ਸੁਪਨੇ ਚੂਰ-ਚੂਰ ਹੋ ਗਏ ।ਇਮੀਗ੍ਰੇਸ਼ਨ, ਰਿਫਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ) ਅਨੁਸਾਰ ਲਗਪਗ ਸਾਰੀ ਦੁਨੀਆ ਤੋਂ ਕਰੀਬ 50,000 ਹਜ਼ਾਰ ਤੇ 19,582 ਭਾਰਤੀ ਮੂਲ ਦੇ ਵਿਦਿਆਰਥੀ ਕੈਨੇਡਾ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਤੋਂ ਲਾਪਤਾ ਹੋ ਗਏ ਹਨ। ਇਹ ਵਿਦਿਆਰਥੀ ਕਾਫੀ ਸਮੇਂ ਤੋਂ ਕਾਲਜ ਜਾਂ ਯੂਨੀਵਰਸਿਟੀਆਂ 'ਚ ਨਜ਼ਰ ਨਹੀਂ ਆਏ। ਯਾਦ ਰਹੇ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਸਰਕਾਰ ਵੱਲੋਂ ਰੀਫਿਊਜੀ ਕਲੇਮ ਕਰਨ ਵਾਲਿਆਂ ਦੀਆਂ ਅਰਜ਼ੀਆਂ ਲੈਣੀਆਂ ਵੀ ਬੰਦ ਕਰ ਦਿੱਤੀਆਂ ਹਨ।

ਦੱਸਣਯੋਗ ਹੈ ਕਿ 2025 ਦੇ ਅਖੀਰ ਤੱਕ ਕੈਨੇਡਾ ਵਿਚ ਪੜ੍ਹਨ ਵਾਲੇ 10 ਲੱਖ ਤੋਂ ਵੱਧ ਵਿਦਿਆਰਥੀਆਂ ਦੇ ਵਰਕ ਵੀਜ਼ੇ ਖ਼ਤਮ ਹੋਣ ਜਾ ਰਹੇ ਹਨ, ਜਿਨ੍ਹਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਸਤਾਉਣ ਲੱਗੀ ਹੈ, ਜਿਸ ਨਾਲ ਵੱਡੀ ਗਿਣਤੀ ਵਿਦਿਆਰਥੀ ਡਿਪਰੈਸ਼ਨ ਵਿਚ ਚੱਲ ਰਹੇ ਵਿਦਿਆਰਥੀਆਂ ਦੀ ਅਜਿਹੀ ਸਥਿਤੀ ਨੇ ਕੈਨੇਡਾ ਵਿਚ ਵੀ ਵਿਦਿਆਰਥੀਆਂ ਨੂੰ ਨਸਿਆਂ ਦਾ ਸਹਾਰਾ ਲੈਣਾ ਪੈ ਰਿਹਾ । ਵਿਦਿਆਰਥੀਆਂ ਨੂੰ ਕੈਨੇਡਾ ਸਰਕਾਰ ਦੀਆਂ ਸਖ਼ਤ ਨੀਤੀਆਂ ਨੇ ਅਜਿਹਾ ਡਰਾਉਣਾ ਮਾਹੌਲ ਪੈਦਾ ਕਰ ਦਿੱਤਾ ਹੈ ਕਿ ਕੈਨੇਡਾ ਵਿਚ ਵੱਡੀ ਗਿਣਤੀ ਵਿਚ ਤਣਾਅ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦੀ ਦਿਲ ਦਾ ਦੌਰ ਪੈਣ ਨਾਲ ਮੌਤਾਂ ਹੋਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ ।

ਹਾਲ ਦੀ ਘੜੀ ਇਹ ਸਿਰਫ਼ ਅੰਦਾਜ਼ੇ ਹਨ ਕਿ ਉੱਥੋਂ ਦੀ ਸਰਕਾਰ ਕਿੰਨੇ ਵਿਦਿਆਰਥੀਆਂ ਨੂੰ ਡਿਪੋਰਟ ਕਰ ਸਕਦੀ ਹੈ। ਜਿਨ੍ਹਾਂ ਦਾ ਵਰਕ ਪਰਮਿਟ ਖ਼ਤਮ ਹੋ ਚੁੱਕਿਆ ਹੈ, ਅੱਗੇ ਵਰਕ ਪਰਮਿਟ ਮਿਲਣ ਦੀ ਕੋਈ ਉਮੀਦ ਨਹੀਂ ਹੈ। ਹਾਲ ਦੀ ਘੜੀ ਸਿਰਫ਼ ਬਾਰ੍ਹਵੀਂ ਕਲਾਸ ਵਾਲਿਆਂ ਦਾ ਸਟੱਡੀ ਵੀਜ਼ਾ ਬੰਦ ਕੀਤਾ ਗਿਆ ਹੈ।

ਬੈਚਲਰਜ਼, ਮਾਸਟਰਜ਼ ਡਿਗਰੀਆਂ ਅਤੇ ਪੀਐੱਚ.ਡੀ. ਵਾਲਿਆਂ ਲਈ ਇਹ ਵੀਜ਼ੇ ਖੁੱਲੇ ਹਨ। ਪੀਐੱਚਡੀ ਅਤੇ ਮਾਸਟਰ ਡਿਗਰੀ ਵਾਲਿਆਂ ਨੂੰ ਵਰਕ ਪਰਮਿਟ ਵੀ ਮਿਲ ਰਹੇ ਹਨ। ਉਨ੍ਹਾਂ ਨੂੰ ਹਾਲ ਦੀ ਘੜੀ ਥੋੜ੍ਹੇ ਸਮੇਂ ਲਈ ਸ਼ਾਇਦ ਵੋਟਾਂ ਕਰਕੇ ਰੋਕ ਜ਼ਰੂਰ ਲਗਾਈ ਗਈ ਹੈ, ਪਰ ਉਨ੍ਹਾਂ ਲੋਕਾਂ ਨੂੰ ਵਰਕ ਪਰਮਿਟ ਮਿਲਣ ਦੀ ਉਮੀਦ ਜ਼ਰੂਰ ਹੈ। ਨਿਯਮਾਂ ਮੁਤਾਬਿਕ ਚੱਲਣ ਵਾਲੇ ਵਿਦਿਆਰਥੀਆਂ ਨੂੰ ਪੀਆਰ ਵੀ ਮਿਲ ਰਹੀ ਹੈ, ਪਰ ਕਲਾਸਾਂ ਨਾ ਲਾਉਣ ਵਾਲੇ ਵਿਦਿਆਰਥੀਆਂ ਲਈ ਖ਼ਤਰਾ ਹੈ ਜਾਂ ਵਰਕ ਪਰਮਿਟ ਖ਼ਤਮ ਹੋਣ ਦੀ ਸੂਰਤ ਵਿੱਚ ਦੁਬਾਰਾ ਵਰਕ ਪਰਮਿਟ ਮਿਲਣ ਦੀ ਉਮੀਦ ਨਹੀਂ ਹੈ। ਕਈ ਵਿਦਿਆਰਥੀਆਂ ਨੇ ਹੁਣ ਰਫਿਊਜੀ ਕੇਸ ਵੀ ਲਾਏ ਹਨ। ਇਹ ਸੋਚਣਾ ਗ਼ਲਤ ਹੈ ਕਿ ਅਗਲੇ ਸਾਲ ਕੈਨੇਡਾ ਦੀਆਂ ਫੈਡਰਲ ਚੋਣਾਂ ਮਗਰੋਂ ਇਮੀਗ੍ਰੇਸ਼ਨ ਨਿਯਮਾਂ ਵਿੱਚ ਢਿੱਲ ਆ ਜਾਵੇਗੀ। ਇਸ ਲਿਬਰਲ ਸਰਕਾਰ ਨੇ ਹੀ ਅਜਿਹੇ ਨਿਯਮ ਬਣਾ ਦੇਣੇ ਹਨ ਤੇ 2027 ਤੱਕ ਇਸ ਤਰ੍ਹਾਂ ਹੀ ਚੱਲ ਸਕਦਾ ਹੈ। ਜਿਨ੍ਹਾਂ ਲੋਕਾਂ ਕੋਲ ਹਾਲੇ 2027 ਤੱਕ ਦਾ ਵਰਕ ਪਰਮਿਟ ਜਾਂ ਕੋਈ ਖ਼ਾਸ ਹੁਨਰ ਹੈ ਤਾਂ ਉਨ੍ਹਾਂ ਲਈ ਕੋਈ ਖ਼ਤਰਾ ਨਹੀਂ ਹੈ।

2025 ਤੋਂ ਬਾਅਦ ਕੈਨੇਡਾ ਸਰਕਾਰ ਵੀ ਜੇਕਰ ਅਮਰੀਕਾ ਵਰਗਾ ਰੁਖ਼ ਅਪਣਾਉਂਦੀ ਹੈ ਤਾਂ ਪੰਜਾਬ ਦੇ ਕੈਨੇਡਾ ਵਿਚ ਪੜ੍ਹਨ ਵਾਲੇ 10 ਲੱਖ ਤੋਂ ਵੱਧ ਵਿਦਿਆਰਥੀ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਸੂਬੇ ਵਿਚ ਵਾਪਸ ਆਉਣ ਲਈ ਮਜਬੂਰ ਹੋ ਜਾਣਗੇ, ਜਿਸ ਨਾਲ ਸੂਬੇ ਦੀ ਇਸ ਤੀਜੀ ਸਭ ਤੋਂ ਹੋਣਹਾਰ ਪੀੜ੍ਹੀ ਦਾ ਭਵਿੱਖ ਤਬਾਹ ਹੋ ਸਕਦਾ ਹੈ, ਜਿਸ ਨਾਲ ਸੂਬੇ ਅੰਦਰ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਇੰਨੀ ਵੱਧ ਜਾਵੇਗੀ ਕਿ ਇਸ ਸਥਿਤੀ ਨੂੰ ਸੰਭਾਲਣਾ ਸੂਬਾ ਸਰਕਾਰ ਦੇ ਵੱਸ ਤੋਂ ਬਾਹਰ ਹੋਣ ਨਾਲ ਪੰਜਾਬ ਅੰਦਰ ਭਿਆਨਕ ਸਥਿਤੀ ਬਣ ਸਕਦੀ ਹੈ । ਅਜਿਹੀ ਸਥਿਤੀ ਬਣਨ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਸੰਸਦ ਮੈਂਬਰਾਂ ਵਲੋਂ ਵਿਦੇਸ਼ ਮੰਤਰਾਲੇ ਨਾਲ ਮੀਟਿੰਗ ਕਰਕੇ ਇਸ ਸਥਿਤੀ ਨਾਲ ਨਜਿੱਠਣ ਲਈ ਅਗਾਊਂ ਪ੍ਰਬੰਧਾਂ ਬਾਰੇ ਵਿਚਾਰ ਚਰਚਾ ਕਰਨ ਦੀ ਵੱਡੀ ਲੋੜ ਹੈ।

ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੇ ਹਾਲਾਤ ਬਹੁਤ ਮਾੜੇ ਹਨ ਤੇ ਇਹ ਹਾਲੇ ਦੋ ਕੁ ਸਾਲ ਏਦਾਂ ਹੀ ਚੱਲਣੇ ਹਨ। ਹੁਣ ਆਉਣ ਦੀ ਸੋਚਣ ਵਾਲੇ ਦੋ ਕੁ ਸਾਲ ਰੁਕ ਜਾਣ ਅਤੇ ਪੰਜਾਬ ਰਹਿ ਕੇ ਹੀ ਕੋਈ ਡਿਗਰੀ ਜਾਂ ਕਿੱਤਾਮੁਖੀ ਕੋਰਸ ਕਰ ਲੈਣ ਤਾਂ ਬਿਹਤਰ ਹੋਵੇਗਾ। 25-30 ਲੱਖ ਲਗਾ ਕੇ ਬਿਨਾਂ ਕਿਸੇ ਨਿਸ਼ਾਨੇ ਤੋਂ ਵਿਦਿਆਰਥੀ ਕੈਨੇਡਾ ਨਾ ਜਾਣ। ਸਿਸਟਮ ਏਆਈ ਦਾ ਆ ਰਿਹਾ ਹੈ ਅਤੇ ਅਨਪੜ੍ਹ/ਅੱਧਪੜ੍ਹ ਦਾ ਇੱਥੇ ਕੋਈ ਭਵਿੱਖ ਨਹੀਂ। ਹਾਂ, ਜੇ ਕੋਈ ਕੰਮ ਵਿੱਚ ਨਿਪੁੰਨ ਹੈ, ਤਜਰਬਾ ਹੈ ਤੇ ਅੰਗਰੇਜ਼ੀ ਵਿੱਚ ਮੁਹਾਰਤ ਹੈ ਜਾਂ ਚੰਗੇ ਪੈਸੇ ਪਿੱਛੋਂ ਨਾਲ ਲਿਆ ਸਕਦਾ ਹੈ ਤਾਂ ਫਿਰ ਕੋਈ ਦਿੱਕਤ ਨਹੀਂ।

SINCE : 2007

ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES

ਪਾਠਕਾਂ ਦੇ ਵਿਸ਼ਵਾਸ਼ ਦਾ
18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310


# ਪ੍ਰਵਾਸੀਆਂ ਵਿਰੁੱਧ ਟਰੰਪ ਦੀ ਜੰਗ ਅਤੇ ਇਸ ਨਾਲ ਜੁੜੇ ਮਨੁੱਖੀ ਸਰੋਕਾਰ

**ਲੇਖਕ : ਬੂਟਾ ਸਿੰਘ ਮਹਿਮੂਦਪੁਰ**

ਅਮਰੀਕਾ ਦੇ ਦੂਜੀ ਵਾਰ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਰਕਾਰ ਵੱਲੋਂ 104 ਭਾਰਤੀਆਂ ਨੂੰ ਬੇਹੱਦ ਖ਼ਤਰਨਾਕ ਮੁਜਰਮਾਂ ਵਾਂਗ ਹੱਥਕੜੀਆਂ ਅਤੇ ਬੇੜੀਆਂ 'ਚ ਨੂੜ ਕੇ ਵਾਪਸ ਭਾਰਤ ਭੇਜੇ ਜਾਣ ਨਾਲ 'ਗ਼ੈਰਕਾਨੂੰਨੀ ਪ੍ਰਵਾਸ' ਇਕ ਵਾਰ ਫਿਰ ਮੀਡੀਆ 'ਚ ਸੁਰਖ਼ੀਆਂ ਬਣ ਗਿਆ ਹੈ। ਜਾਗਦੀ ਜ਼ਮੀਰ ਵਾਲੇ ਭਾਰਤੀ ਲੋਕ ਟਰੰਪ ਦੀ ਇਸ ਜ਼ਲੀਲ ਕਰਨ ਵਾਲੀ ਕਰਤੂਤ ਦਾ ਆਪੋ ਆਪਣੇ ਤਰੀਕੇ ਨਾਲ ਵਿਰੋਧ ਕਰਦੇ ਹੋਏ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨਾਲ ਹਮਦਰਦੀ ਜ਼ਾਹਰ ਕਰ ਰਹੇ ਹਨ। ਇਸਦੇ ਉਲਟ, ਮੋਦੀ ਸਰਕਾਰ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ ਜੈ ਸ਼ੰਕਰ ਨੇ ਪਹਿਲਾਂ ਤਾਂ ਟਰੰਪ ਸਰਕਾਰ ਦੇ ਘਿਣਾਉਣੇ ਸਲੂਕ ਨੂੰ ਇਹ ਕਹਿ ਕੇ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਕਿ ਅਮਰੀਕੀ ਡੀਪੋਰਟੇਸ਼ਨ ਦੀ ਵਿਧੀ ਡੀਪੋਰਟ ਕੀਤੇ ਜਾਣ ਵਾਲਿਆਂ ਨੂੰ ਬੰਨ੍ਹ ਕੇ ਰੱਖਣ ਦੀ ਇਜਾਜ਼ਤ ਦਿੰਦੀ ਹੈ। ਫਿਰ ਉਸਨੇ ਸੰਸਦ ਵਿਚ ਇਹ ਝੂਠ ਬੋਲਿਆ ਕਿ ਔਰਤਾਂ ਤੇ ਬੱਚਿਆਂ ਨੂੰ ਹੱਥਕੜੀਆਂ-ਬੇੜੀਆਂ ਨਹੀਂ ਲਾਈਆਂ ਗਈਆਂ, ਅਤੇ ਇਹ ਵੀ ਕਿ ਅਮਰੀਕੀ ਅਧਿਕਾਰੀਆਂ ਵੱਲੋਂ ਉਸ ਨੂੰ ਅਜਿਹਾ ਭਰੋਸਾ ਦਿਵਾਇਆ ਗਿਆ ਸੀ। ਇਸ ਨਾਲ ਕੇਂਦਰ ਸਰਕਾਰ ਦੀ ਮਿਲੀਭੁਗਤ ਹੀ ਨਹੀਂ, ਇਨ੍ਹਾਂ ਦੀ ਕੌਮਾਂਤਰੀ ਹੈਸੀਅਤ ਵੀ ਜੱਗ ਜ਼ਾਹਰ ਹੋ ਗਈ। ਪਰ ਤਿੱਖੇ ਸਵਾਲਾਂ 'ਚ ਘਿਰ ਜਾਣ 'ਤੇ ਬੇਸ਼ਰਮ ਸਰਕਾਰ ਨੂੰ ਇਹ ਭਰੋਸਾ ਦਿਵਾਉਣਾ ਪਿਆ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਇਹ ਮੁੱਦਾ ਟਰੰਪ ਕੋਲ ਉਠਾਇਆ ਜਾਵੇਗਾ। ਕਿਸੇ ਵੀ ਸਰਕਾਰ ਨੂੰ ਆਪਣੇ ਮੁਲਕ ਵਿਚ ਰਹਿ ਰਹੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਵਾਪਸ ਭੇਜਣ ਦਾ ਅਧਿਕਾਰ ਹੈ ਪਰ ਕੌਮਾਂਤਰੀ ਅਹਿਦਨਾਮਿਆਂ ਤਹਿਤ ਸਰਕਾਰਾਂ ਇਨ੍ਹਾਂ 'ਗ਼ੈਰਕਾਨੂੰਨੀ ਪ੍ਰਵਾਸੀਆਂ' ਦੇ ਮਨੁੱਖੀ ਹੱਕਾਂ ਦਾ ਸਨਮਾਨ ਕਰਨ ਦੀਆਂ ਪਾਬੰਦ ਵੀ ਹਨ। ਇਸੇ ਤਰ੍ਹਾਂ, ਆਪਣੇ ਇਨ੍ਹਾਂ ਲੋਕਾਂ ਨਾਲ ਹਮਦਰਦੀ ਨਾਲ ਪੇਸ਼ ਆਉਣ ਦੇ ਨਾਲ-ਨਾਲ ਉਨ੍ਹਾਂ ਦੇ ਮਨੁੱਖੀ ਹੱਕ ਯਕੀਨੀ ਬਣਾਉਣਾ ਵੀ ਹਰ ਸਰਕਾਰ ਦੀ ਜ਼ਿੰਮੇਵਾਰੀ ਹੈ। ਇਹ ਬਿਲਕੁਲ ਸਪਸ਼ਟ ਹੈ ਕਿ ਟਰੰਪ ਵੱਲੋਂ ਸੱਤਾ ਵਿਚ ਆ ਕੇ 'ਗ਼ੈਰਕਾਨੂੰਨੀ' ਪ੍ਰਵਾਸੀਆਂ ਨੂੰ ਕੱਢਣ ਦੇ ਚੋਣ ਵਾਅਦੇ ਅਨੁਸਾਰ ਹਮਲਾਵਰ ਮੁਹਿੰਮ ਵਿੱਢ ਦਿੱਤੀ ਗਈ ਹੈ। ਇਸ ਮੁਹਿੰਮ ਤਹਿਤ ਅਮਰੀਕੀ ਸਰਕਾਰ ਵੱਲੋਂ ਵੱਖਵੱਖ ਸਰਕਾਰਾਂ ਨੂੰ ਸਰਕਾਰੀ ਪੱਧਰ 'ਤੇ ਬਾਕਾਇਦਾ ਸੰਪਰਕ ਕਰਕੇ ਹੁਕਮ ਸੁਣਾ ਦਿੱਤਾ ਗਿਆ ਕਿ ਅਮਰੀਕੀ ਫ਼ੌਜੀ ਜਹਾਜ਼ 'ਗ਼ੈਰਕਾਨੂੰਨੀ' ਪ੍ਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਮੁਲਕ ਦੇ ਏਅਰਪੋਰਟਾਂ ਉੱਪਰ ਉੱਥੋਂ ਦੀਆਂ ਸਰਕਾਰਾਂ ਦੇ ਹਵਾਲੇ ਕਰਨ ਲਈ ਆ ਰਹੇ ਹਨ। ਨਿੱਕੇ ਜਹੇ ਮੁਲਕ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੇਤਰੋ ਨੇ ਆਪਣੇ ਮੁਲਕ ਦੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਮੁਜਰਮਾਂ ਵਾਂਗ ਜੰਗੀ ਜਹਾਜ਼ ਰਾਹੀਂ ਵਾਪਸ ਭੇਜਣ ਵਿਰੁੱਧ ਸਟੈਂਡ ਲੈਂਦਿਆਂ ਦੋ ਅਮਰੀਕਨ ਜੰਗੀ ਜਹਾਜ਼ਾਂ ਨੂੰ ਆਪਣੀ ਜ਼ਮੀਨ 'ਤੇ ਉਤਰਨ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ (ਇਹ ਗੱਲ ਵੱਖਰੀ ਹੈ ਕਿ ਬਾਅਦ ਵਿਚ ਗੁਸਤਾਵੋ ਸਰਕਾਰ ਸਖ਼ਤ ਟੈਰਿਫ ਥੋਪੇ ਜਾਣ ਸਮੇਤ ਕੋਲੰਬੀਆ ਵਿਰੁੱਧ ਕਈ ਤਰ੍ਹਾਂ ਦੀਆਂ ਸਖ਼ਤ ਪਾਬੰਦੀਆਂ ਲਾਉਣ ਦੀਆਂ ਟਰੰਪ ਦੀਆਂ ਧਮਕੀਆਂ ਅੱਗੇ ਝੁਕ ਗਈ) ਪਰ ਮੋਦੀ ਜੋ ਟਰੰਪ ਨੂੰ ਆਪਣਾ ਲੰਗੋਟੀਆ ਯਾਰ ਦੱਸਦਾ ਹੈ, ਉਸਦੀ ਤਾਂ ਇਹ ਹਿੰਮਤ ਵੀ ਨਹੀਂ ਪਈ ਕਿ ਟਰੰਪ ਦੀ ਇਸ ਬੇਹੂਦਾ ਕਾਰਵਾਈ ਦਾ ਵਿਰੋਧ ਕਰ ਸਕੇ। ਬੇਸ਼ੱਕ ਮੈਕਸੀਕੋ ਅਮਰੀਕਾ ਦੇ ਮੁੱਖ ਗ਼ੈਰ-ਨਾਟੋ ਸੰਗੀਆਂ 'ਚੋਂ ਇਕ ਹੈ ਅਤੇ ਦੱਖਣੀ ਅਮਰੀਕਾ ਵਿਚ ਇਸਦਾ ਸਭ ਤੋਂ ਨਜ਼ਦੀਕੀ ਭਾਈਵਾਲ ਚਲਿਆ ਆ ਰਿਹਾ ਹੈ, ਪਰ ਉੱਥੋਂ ਦੀ ਰਾਸ਼ਟਰਪਤੀ ਕਲਾਦੀਆ ਸ਼ੇਨਬੌਮ ਨੇ ਮੈਕਸੀਕੋ ਦੀ ਖਾੜੀ ਦਾ ਨਾਂ ਬਦਲ ਕੇ 'ਗਲਫ ਆਫ ਅਮੈਰਿਕਾ' ਕਰਨ ਦੇ ਟਰੰਪ ਦੇ ਫ਼ਰਮਾਨ ਅਤੇ ਹੋਰ ਧੌਂਸਬਾਜ਼ੀ ਵਿਰੁੱਧ ਸਖ਼ਤ ਸਟੈਂਡ ਲਿਆ ਹੈ। ਇਸਦੇ ਮੁਕਾਬਲੇ ਭਾਰਤ ਦੀ ਭਗਵਾ ਹਕੂਮਤ ਦੀ ਖ਼ਸਲਤ ਹੀ ਇਹ ਹੈ ਕਿ ਇਹ ਅਮਰੀਕਨ ਹੁਕਮਰਾਨ ਜਮਾਤ ਦੇ ਸਭ ਪਿਛਾਖੜੀ ਹਿੱਸੇ ਦੀ ਪਿਛਲੱਗ ਬਣਨਾ ਪਸੰਦ ਕਰਦੀ ਹੈ। ਇਨ੍ਹਾਂ ਅਭਾਗੇ ਲੋਕਾਂ ਨੂੰ ਆਮ ਪੈਸੰਜਰ ਫਲਾਈਟ ਦੀ ਬਜਾਏ ਵਿਸ਼ੇਸ਼ ਜੰਗੀ ਜਹਾਜ਼ ਦੁਆਰਾ ਭੇਜਣ ਪਿੱਛੇ ਟਰੰਪ ਸਰਕਾਰ ਦੀ ਮਨਸ਼ਾ ਮੋਦੀ ਸਰਕਾਰ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਉਹ ਜੋ ਚਾਹੇ ਕਰ ਸਕਦੇ ਹਨ, ਕਿਸੇ ਦੀ ਕੀ ਮਜ਼ਾਲ ਹੈ ਉਸ ਅੱਗੇ ਅੜ ਸਕੇ। 'ਗ਼ੈਰਕਾਨੂੰਨੀ' ਪ੍ਰਵਾਸੀਆਂ ਨੂੰ ਉਪਰੋਕਤ ਜ਼ਲੀਲ ਕਰੂ ਢੰਗ ਨਾਲ ਭੇਜਿਆ ਜਾਣਾ ਤੈਅਸ਼ੁਦਾ ਸੀ। ਦਿੱਲੀ ਚੋਣਾਂ ਦੇ ਭਖੇ ਹੋਏ ਮਾਹੌਲ ਦੌਰਾਨ ਜੇਕਰ ਇਹ ਭਾਰਤੀ, ਜਿਨ੍ਹਾਂ ਵਿਚ ਜ਼ਿਆਦਾਤਰ ਪੰਜਾਬ ਤੋਂ ਬਾਹਰਲੇ ਸਨ, ਦਿੱਲੀ ਏਅਰ ਪੋਰਟ ਉੱਪਰ ਉਤਾਰੇ ਜਾਂਦੇ ਤਾਂ ਇਸ ਨੇ ਵੱਡਾ ਰਾਜਨੀਤਕ ਮੁੱਦਾ ਬਣ ਜਾਣਾ ਸੀ। ਇਸ 'ਤੋਂ ਬਚਣ ਲਈ ਚਲਾਕੀ ਨਾਲ ਇਨ੍ਹਾਂ ਪ੍ਰਵਾਸੀਆਂ ਨੂੰ ਅੰਮ੍ਰਿਤਸਰ ਏਅਰ ਪੋਰਟ ਉੱਪਰ ਉਤਾਰਿਆ ਗਿਆ ਤਾਂ ਜੋ ਇਹ ਪ੍ਰਭਾਵ ਜਾਵੇ ਕਿ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਦੀ ਕੋਸ਼ਿਸ਼ ਕਰਨ ਵਾਲੇ ਸਾਰੇ ਲੋਕ ਪੰਜਾਬੀ ਸਨ। ਅਮਰੀਕੀ ਬਾਰਡਰ ਪੈਟਰੋਲ ਚੀਫ਼ ਮਿਸ਼ੇਲ ਬੈਂਕਸ ਵੱਲੋਂ ਭਾਰਤੀ ਨਾਗਰਿਕਾਂ ਨੂੰ ਹੱਥਕੜੀਆਂਬੇੜੀਆਂ 'ਚ ਨੂੜ ਕੇ ਅਮਰੀਕੀ ਫ਼ੌਜੀ ਜਹਾਜ਼ ਵਿਚ ਸਵਾਰ ਹੋਣ ਲਈ ਜਾਂਦਿਆਂ ਦੀ ਵੀਡੀਓ ਇਸ ਟਿੱਪਣੀ ਸਹਿਤ ਪੋਸਟ ਕੀਤੀ ਗਈ ਕਿ ਇਹ 'ਫ਼ੌਜੀ ਟਰਾਂਸਪੋਰਟ ਦੀ ਵਰਤੋਂ ਕਰਦਿਆਂ ਹੁਣ ਤੱਕ ਦੀ ਸਭ ਤੋਂ ਲੰਮੀ ਦੂਰੀ ਵਾਲੀ ਡੀਪੋਰਟੇਸ਼ਨ ਫਲਾਈਟ ਹੈ'। ਔਰਤਾਂ ਸਮੇਤ ਸਾਰੇ ਭਾਰਤੀਆਂ ਨੂੰ 40 ਘੰਟੇ ਬੇੜੀਆਂ 'ਚ ਜਕੜ ਕੇ ਰੱਖਿਆ ਗਿਆ। ਇਨ੍ਹਾਂ ਸਬੂਤਾਂ ਨੇ ਬਦੇਸ਼ ਮੰਤਰੀ ਜੈ ਸ਼ੰਕਰ ਦੇ ਝੂਠ ਦਾ ਭਾਂਡਾ ਚੁਰਾਹੇ 'ਚ ਭੰਨ ਦਿੱਤਾ। ਇਸ ਘਟਨਾਕ੍ਰਮ ਨਾਲ ਕੁਲ ਦੁਨੀਆ ਨੇ ਦੇਖ ਲਿਆ ਕਿ 'ਵਿਸ਼ਵ-ਗੁਰੂ' ਬਣਨ ਦੇ ਦਾਅਵੇ ਕਰਨ ਵਾਲੇ ਮੋਦੀ ਨੂੰ ਟਰੰਪ ਕਿੰਨਾ ਕੁ ਮਹੱਤਵ ਦਿੰਦਾ ਹੈ ਜਿਸ ਦੇ ਸਵਾਗਤ ਲਈ ਵਿਸ਼ੇਸ਼ ਇੰਤਜ਼ਾਮਾਂ ਉੱਪਰ ਇਹ ਬੇਹਯਾ ਸਰਕਾਰ ਸਰਕਾਰੀ ਖ਼ਜ਼ਾਨਾ ਪਾਣੀ ਵਾਂਗ ਰੋੜ੍ਹਦੀ ਰਹੀ ਹੈ। ਮੋਦੀ ਤਾਂ ਅਮਰੀਕਾ ਵਿਚ ਜਾ ਕੇ ਟਰੰਪ ਲਈ ਚੋਣ ਪ੍ਰਚਾਰ ਕਰਦਿਆਂ 'ਅਬ ਕੀ ਵਾਰ, ਟਰੰਪ ਸਰਕਾਰ' ਵਰਗੀਆਂ ਵਿਸ਼ੇਸ਼ ਮੁਹਿੰਮਾਂ ਵੀ ਚਲਾਉਂਦਾ ਰਿਹਾ ਹੈ ਜਿਨ੍ਹਾਂ ਵਿਚ ਉੱਥੇ ਸਥਾਪਤ ਹਿੰਦੂਤਵੀ ਜਥੇਬੰਦੀਆਂ ਦੇ ਨਾਲ-ਨਾਲ ਪ੍ਰਵਾਸੀ ਭਾਰਤੀ ਕਾਰੋਬਾਰੀਆਂ ਦਾ ਇਕ ਵੱਡਾ ਹਿੱਸਾ ਵੀ ਸ਼ਾਮਲ ਹੋਣ 'ਚ ਮਾਣ ਮਹਿਸੂਸ ਕਰਦਾ ਰਿਹਾ ਹੈ। 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਪਹਿਲਾਂ ਵੀ ਵਾਪਸ ਭੇਜਿਆ ਜਾਂਦਾ ਰਿਹਾ ਹੈ ਪਰ ਇਸ ਵਾਰ ਟਰੰਪ ਸਰਕਾਰ ਵੱਲੋਂ ਜਾਣ-ਬੁੱਝ ਕੇ ਜ਼ਲੀਲ ਕਰਨ ਵਾਲਾ ਵਤੀਰਾ ਅਖ਼ਤਿਆਰ ਕਰਨ ਕਰਕੇ ਇਸ ਮੁੱਦੇ ਨੇ ਜ਼ਿਆਦਾ ਧਿਆਨ ਖਿੱਚਿਆ ਹੈ। ਅਮਰੀਕਾ ਵਿਚ 'ਗ਼ੈਰਕਾਨੂੰਨੀ ਪ੍ਰਵਾਸੀ' ਭਾਰਤੀਆਂ ਦੀ ਗਿਣਤੀ ਬਾਰੇ ਵੱਖ-ਵੱਖ ਅੰਦਾਜ਼ੇ ਹਨ। ਇਹ ਗਿਣਤੀ ਸਵਾ ਸੱਤ ਲੱਖ ਤੱਕ ਦੱਸੀ ਜਾ ਰਹੀ ਹੈ। ਇਨ੍ਹਾਂ ਵਿੱਚੋਂ ਇਕ ਛੋਟੇ ਜਿਹੇ ਹਿੱਸੇ ਦੀ ਵਾਪਸੀ ਹੀ ਭਾਰਤ ਵਰਗੇ ਮੁਲਕਾਂ ਲਈ ਵੱਡੀ ਸਿਰਦਰਦੀ ਬਣ ਜਾਵੇਗੀ। ਗਿਣਤੀ ਨਾਲੋਂ ਵੀ ਵਧੇਰੇ ਮਹੱਤਵਪੂਰਨ ਸਵਾਲ ਇਹ ਹੈ ਕਿ ਆਪਣੀ ਜਾਨਾਂ ਅਤੇ ਆਰਥਕ ਵਸੀਲਿਆਂ ਨੂੰ ਦਾਅ 'ਤੇ ਲਾ ਕੇ ਧੜਾਧੜ 'ਗ਼ੈਰਕਾਨੂੰਨੀ' ਪ੍ਰਵਾਸ ਕਰਨ ਵਾਲਿਆਂ ਲਈ ਸਰਕਾਰਾਂ ਕੀ ਕਰ ਰਹੀਆਂ ਹਨ। ਟਰੈਵਲ ਏਜੰਟਾਂ ਵੱਲੋਂ ਡੌਂਕੀ ਰੂਟ ਦੁਆਰਾ ਜਾਂ ਹੋਰ ਤਰੀਕਿਆਂ ਨਾਲ ਨੌਜਵਾਨਾਂ ਨੂੰ ਬਾਹਰ ਭੇਜਣ ਸਮੇਂ ਬੇਹੱਦ ਅਣਮਨੁੱਖੀ ਹਾਲਾਤਾਂ 'ਚ ਭੁੱਖੇ-ਤਿਹਾਏ ਰਹਿਣ ਲਈ ਮਜਬੂਰ ਕਰਨ, ਗੋਲੀਆਂ ਮਾਰ ਕੇ ਮਾਰ ਦੇਣ, ਕੁੜੀਆਂ ਨਾਲ ਬਲਾਤਕਾਰ ਕਰਨ ਦੀਆਂ ਕਹਾਣੀਆਂ ਅਕਸਰ ਹੀ ਚਰਚਾ ਵਿਚ ਆਉਂਦੀਆਂ ਰਹਿੰਦੀਆਂ ਹਨ। 1996 ਦਾ ਮਾਲਟਾ ਕਿਸ਼ਤੀ ਕਾਂਡ ਹੋਵੇ ਜਾਂ ਜਨਵਰੀ 2022 'ਚ ਕੈਨੇਡਾਅਮਰੀਕਾ ਸਰਹੱਦ ਪਾਰ ਕਰਦਿਆਂ -380 ਸੈਂਟੀਗਰੇਡ ਠੰਡ ਦੀ ਲਪੇਟ 'ਚ ਆ ਕੇ ਮਾਰੇ ਗਏ ਗੁਜਰਾਤੀ ਪਰਿਵਾਰ ਦਾ ਦੁਖਾਂਤ ਜਾਂ 2023 'ਚ ਵਿਸ਼ੇਸ਼ ਚਾਰਟਡ ਫਲਾਈਟਾਂ ਰਾਹੀਂ ਅਮਰੀਕਾ ਜਾਣ ਦੀ ਕਹਾਣੀ, ਅਜਿਹੇ ਦਿਲ-ਕੰਬਾਊ ਕਾਂਡਾਂ ਉੱਪਰ ਕੁਝ ਦਿਨ ਚਰਚਾ ਜ਼ਰੂਰ ਹੁੰਦੀ ਹੈ, ਫਿਰ ਸਮਾਂ ਪਾ ਕੇ ਲੋਕ ਭੁੱਲ ਜਾਂਦੇ ਹਨ। ਤਤਕਾਲੀ ਸਰਕਾਰਾਂ ਜਾਂਚ ਕਰਾਉਣ ਦੀ ਫੋਕੀ ਬਿਆਨਬਾਜ਼ੀ ਕਰਕੇ ਮਾਹੌਲ ਠੰਡਾ ਹੋਣ ਦੀ ਇੰਤਜ਼ਾਰ ਕਰਦੀਆਂ ਹਨ ਅਤੇ ਦੜ ਵੱਟ ਲੈਂਦੀਆਂ ਹਨ। ਚਾਹੇ ਕੋਈ ਵੀ ਪਾਰਟੀ ਸੱਤਾਧਾਰੀ ਹੋਵੇ, ਕਿਸੇ ਵੀ ਸਰਕਾਰ ਨੇ ਜਾਂਚ ਪ੍ਰਤੀ ਗੰਭੀਰਤਾ ਦਿਖਾ ਕੇ ਇਸ ਗੇਮ ਪਿੱਛੇ ਕੰਮ ਕਰਦੇ ਮਾਫ਼ੀਆ ਅਤੇ ਵੱਡੇ ਮਗਰਮੱਛਾਂ ਨੂੰ ਕਟਹਿਰੇ 'ਚ ਖੜ੍ਹਾ ਨਹੀਂ ਕੀਤਾ। ਉਨ੍ਹਾਂ ਬੁਨਿਆਦੀ ਕਾਰਨਾਂ ਨੂੰ ਮੁਖ਼ਾਤਬ ਹੋਣਾ ਤਾਂ ਦੂਰ ਰਿਹਾ, ਜਿਨ੍ਹਾਂ ਕਾਰਨ ਲੋਕ ਆਪਣੀ ਜਨਮ-ਧਰਤੀ ਨੂੰ ਛੱਡ ਕੇ ਬਦੇਸ਼ਾਂ ਵਿਚ ਆਪਣਾ ਭਵਿੱਖ ਸੁਰੱਖਿਅਤ ਦੇਖਦੇ ਹਨ। ਸਭ ਤੋਂ ਵੱਧ ਬੇਸ਼ਰਮੀਂ 'ਬਦਲਾਅ' ਲਿਆਉਣ ਦੇ ਸੁਪਨੇ ਦਿਖਾਉਣ ਵਾਲੀ ਭਗਵੰਤ ਮਾਨ ਸਰਕਾਰ ਨੇ ਦਿਖਾਈ ਹੈ ਜੋ ਅਜਿਹਾ 'ਰੰਗਲਾ ਪੰਜਾਬ' ਬਣਾਉਣ ਦੇ ਦਾਅਵੇ ਕਰਦੇ ਰਹੇ ਜਿੱਥੇ ਅੰਗਰੇਜ਼ ਆ ਕੇ ਨੌਕਰੀ ਕਰਿਆ ਕਰਨਗੇ! ਪਰ ਵਾਪਸ ਪ੍ਰਵਾਸੀ ਭਾਰਤੀ ਆ ਰਹੇ ਹਨ! ਇਕ ਵੱਡੀ ਸਮੱਸਿਆ ਇਹ ਹੈ ਕਿ ਭਾਰਤ ਦੇ ਲੋਕ ਟਰੰਪ ਦੀ ਇਸ ਹਮਲਾਵਰ ਮੁਹਿੰਮ ਨੂੰ ਭਾਰਤ ਨੂੰ ਨੀਵਾਂ ਦਿਖਾਉਣ ਦੀ ਹਰਕਤ ਤੱਕ ਹੀ ਸੁੰਗੇੜ ਕੇ ਦੇਖ ਰਹੇ ਹਨ। ਇਸ ਨੂੰ ਭਾਰਤ ਦੇ ਪ੍ਰਵਾਸੀਆਂ ਤੱਕ ਸੀਮਤ ਕਰਕੇ ਦੇਖਣ ਦੀ ਬਜਾਏ ਇਸ ਹਮਲੇ ਦੀ ਵਿਆਪਕਤਾ ਨੂੰ ਸਮਝਣਾ ਜ਼ਰੂਰੀ ਹੈ। ਟਰੰਪ ਨੇ ਆਪਣਾ ਚੋਣ ਵਾਅਦਾ ਨਿਭਾਉਂਦਿਆਂ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਬਾਹਰ ਕੱਢਣ ਦਾ ਮੁੱਦਾ ਮੁਕੰਮਲ ਫਾਸ਼ੀਵਾਦੀ ਮੁਹਿੰਮ ਦੇ ਹਿੱਸੇ ਵਜੋਂ ਜੰਗੀ ਤਿਆਰੀ ਨਾਲ ਹੱਥ ਲਿਆ ਹੈ। ਅਮਰੀਕੀ ਰਾਜਨੀਤਕ ਨਿਜ਼ਾਮ ਦੀ ਕਰੂਰ ਖ਼ਸਲਤ ਮਨੁੱਖੀ ਜ਼ਿੰਦਗੀ ਅਤੇ ਮਾਣ-ਸਨਮਾਨ ਨੂੰ ਕੁਚਲਣ ਲਈ ਪ੍ਰਵਾਸੀਆਂ, ਟਰੈਂਸ ਜੈਂਡਰ ਲੋਕਾਂ, ਅਬੌਰਸ਼ਨ ਆਦਿ ਨੂੰ ਜੁਰਮ ਬਣਾ ਦੇਣ ਅਤੇ ਘੋਰ ਨਸਲੀ ਨਫ਼ਰਤ ਤੇ ਹਿੰਸਾ ਦੇ ਰੂਪ 'ਚ ਸਾਹਮਣੇ ਆ ਰਹੀ ਹੈ। ਅਮਰੀਕਨ ਸਟੇਟ ਅੰਦਰ ਇਹ ਰਵੱਈਏ ਦੀਆਂ ਡੂੰਘੀਆਂ ਜੜ੍ਹਾਂ ਹਨ ਪਰ ਟਰੰਪ ਦੇ ਘੋਰ ਪਿਛਾਖੜੀ ਏਜੰਡੇ ਨਾਲ ਇਸ ਨੇ ਕਰੂਰਤਾ ਦੀਆਂ ਸਿਖ਼ਰਾਂ ਛੂਹ ਲਈਆਂ ਹਨ। ਇਨ੍ਹਾਂ ਪ੍ਰਵਾਸੀਆਂ ਨੇ ਕੋਈ ਜੁਰਮ ਨਹੀਂ ਕੀਤਾ, ਉਨ੍ਹਾਂ ਦਾ 'ਗੁਨਾਹ' ਸਿਰਫ਼ ਇਹ ਹੈ ਕਿ ਉਹ 'ਗ਼ੈਰਕਾਨੂੰਨੀ' ਰੂਟ ਰਾਹੀਂ ਅਮਰੀਕਾ 'ਚ ਦਾਖ਼ਲ ਹੋਏ ਸਨ। ਨਿਰਪੱਖ ਟੈਕਸ ਨੀਤੀ ਸੰਸਥਾ, ਇੰਸਟੀਚਿਊਟ ਆਨ ਟੈਕਸੇਸ਼ਨ ਐਂਡ ਇਕਨਾਮਿਕ ਪਾਲਿਸੀ ਦੀ ਰਿਪੋਰਟ ਦੱਸਦੀ ਹੈ ਕਿ ਦਸਤਾਵੇਜ਼ਹੀਣ ਪ੍ਰਵਾਸੀਆਂ ਨੇ 2022 'ਚ ਫੈਡਰਲ, ਸਟੇਟ ਅਤੇ ਸਥਾਨਕ ਟੈਕਸਾਂ 'ਚ 96.7 ਅਰਬ ਡਾਲਰ ਭੁਗਤਾਨ ਕੀਤਾ। ਜਿਸ ਵਿੱਚੋਂ 59.4 ਅਰਬ ਡਾਲਰ ਟੈਕਸ ਫੈਡਰਲ ਸਰਕਾਰ ਨੂੰ ਦਿੱਤਾ ਗਿਆ। ਇੰਞ 'ਗ਼ੈਰਕਾਨੂੰਨੀ ਪ੍ਰਵਾਸੀ' ਬੇਹੱਦ ਸਸਤੇ ਮਜ਼ਦੂਰਾਂ ਦੇ ਰੂਪ 'ਚ ਅਮਰੀਕੀ ਆਰਥਿਕਤਾ 'ਚ ਗਿਣਨਯੋਗ ਯੋਗਦਾਨ ਪਾਉਂਦੇ ਹਨ ਪਰ ਟਰੰਪ ਲਈ ਇਹ ਨਸਲੀ ਨਫ਼ਰਤ ਫੈਲਾਉਣ ਅਤੇ ਹੋਰ ਮੁਲਕਾਂ ਉੱਪਰ ਅਮਰੀਕੀ ਧੌਂਸ ਜਮਾਉਣ ਦਾ ਮੁੱਦਾ ਹੈ। ਸਰਕਾਰਾਂ ਨੂੰ ਆਪੋ ਆਪਣੇ ਮੁਲਕਾਂ ਦੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਵਾਪਸ ਲੈਣ ਲਈ ਧਮਕਾਉਣ ਤੋਂ ਇਲਾਵਾ ਟਰੰਪ ਸਰਕਾਰ ਹੋਰ ਵੀ ਬਹੁਤ ਕੁਝ ਕਰ ਰਹੀ ਹੈ। ਅਮਰੀਕੀ ਫ਼ੌਜ ਨੇ ਡੀਪੋਰਟ ਕੀਤੇ 'ਗ਼ੈਰਕਾਨੂੰਨੀ ਪ੍ਰਵਾਸੀ' ਗੁਆਂਟਾਨਾਮੋ ਦੇ ਬਦਨਾਮ ਤਸੀਹਾ ਕੈਂਪ ਵਿਚ ਰੱਖਣੇ ਸ਼ੁਰੂ ਕਰ ਦਿੱਤੇ ਹਨ। ਡਿਫੈਂਸ ਡਿਪਾਰਟਮੈਂਟ ਅਨੁਸਾਰ ਵੈਨਜ਼ਵੇਲਾ ਦੇ ਡੀਪੋਰਟ ਕੀਤੇ 10 ਨਾਗਰਿਕਾਂ ਨੂੰ 4 ਫਰਵਰੀ ਦੀ ਪਹਿਲੀ ਫਲਾਈਟ ਵਿਚ ਗੁਆਂਟਾਨਾਮੋ ਭੇਜਿਆ ਗਿਆ ਹੈ। ਗੁਆਂਟਾਨਾਮੋ ਖਾੜੀ ਵਿਚ ਲੰਮੇ ਸਮੇਂ ਤੋਂ ਨਜ਼ਰਬੰਦੀ ਕੈਂਪ ਚੱਲ ਰਿਹਾ ਹੈ ਜੋ ਕੈਦੀਆਂ ਨੂੰ ਭਿਆਨਕ ਤਸੀਹੇ ਦੇਣ ਲਈ ਬੇਹੱਦ ਬਦਨਾਮ ਹੈ। ਟਰੰਪ ਚਾਹੁੰਦਾ ਹੈ ਕਿ ਗੁਆਂਟਾਨਾਮੋ ਨੂੰ ਅਜਿਹਾ ਵਿਆਪਕ ਨਜ਼ਰਬੰਦੀ ਕੈਂਪ ਬਣਾ ਲਿਆ ਜਾਵੇ ਜਿੱਥੇ ਹੋਰ ਨਜ਼ਰਬੰਦਾਂ ਤੋਂ ਅਲਹਿਦਾ ਤੌਰ 'ਤੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਰੱਖਿਆ ਜਾ ਸਕੇ। ਸੀਐੱਨਐੱਨ ਦੀ ਰਿਪੋਰਟ ਅਨੁਸਾਰ ਇਸ ਵਕਤ ਗੁਆਂਟਾਨਾਮੋ ਕੈਂਪ ਦੀ 200 ਪ੍ਰਵਾਸੀਆਂ ਨੂੰ ਰੱਖਣ ਦੀ ਸਮਰੱਥਾ ਹੈ, ਟਰੰਪ ਦਾ ਟੀਚਾ ਉੱਥੇ 30 ਹਜ਼ਾਰ ਵਿਅਕਤੀਆਂ ਨੂੰ ਰੱਖਣ ਦਾ ਹੈ। ਇਹ ਮਨਸੂਬਾ ਪੂਰਾ ਕਰਨ ਉੱਪਰ ਇਕ ਅਰਬ ਡਾਲਰ ਤੋਂ ਵੱਧ ਖ਼ਰਚ ਆਉਣ ਦਾ ਅੰਦਾਜ਼ਾ ਹੈ ਜਿਸ ਨੇ ਅਮਰੀਕੀ ਨਾਗਰਿਕਾਂ ਦੇ ਟੈਕਸਾਂ ਦੇ ਧਨ ਦਾ ਹੋਰ ਜ਼ਿਆਦਾ ਉਜਾੜਾ ਕਰਨ ਦਾ ਸਬੱਬ ਬਣਨਾ ਹੈ। ਭਾਵੇਂ ਡਿਫੈਂਸ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਇਹ ਨਜ਼ਰਬੰਦੀ ਆਰਜ਼ੀ ਹੈ, ਪਰ ਟਰੰਪ ਦੀ ਨੀਤੀ ਦੇ ਮੱਦੇਨਜ਼ਰ ਇਹ ਯਕੀਨ ਕਰਨਾ ਮੁਸ਼ਕਲ ਹੈ ਕਿ 'ਗ਼ੈਰਕਾਨੂੰਨੀ' ਪ੍ਰਵਾਸੀਆਂ ਨੂੰ ਉੱਥੇ ਕਿੰਨਾ ਸਮਾਂ ਰੱਖਿਆ ਜਾਵੇਗਾ। ਦੱਖਣੀ ਅਮਰੀਕੀ ਸਰਕਾਰਾਂ ਨੂੰ ਵਿੱਤੀ ਲਾਲਚ ਦੇ ਕੇ ਜਾਂ ਕੂਟਨੀਤਕ ਰਸੂਖ਼ ਨਾਲ ਮਨਾ ਕੇ, ਜਾਂ ਪਾਬੰਦੀਆਂ ਲਾਉਣ ਦੀਆਂ ਧਮਕੀਆਂ ਦੇ ਕੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਨੂੰ ਆਪਣੀਆਂ ਜੇਲ੍ਹਾਂ ਵਿਚ ਰੱਖਣ ਲਈ ਕਿਹਾ ਜਾ ਰਿਹਾ ਹੈ। ਐਲ ਸਲਵਾਡੋਰ ਦੇ ਨਾਯਿਬ ਬੁਕੇਲੇ, ਗੁਆਟੇਮਾਲਾ ਦੇ ਰਾਸ਼ਟਰਪਤੀ ਬਰਨਾਰਡੋ ਅਰਵੇਲੋ ਅਤੇ ਪਨਾਮਾ ਦੇ ਹੋਜ਼ੇ ਰੌਲ ਮੁਲਿਨੋ ਵਰਗੇ ਕੁਝ ਆਗੂ ਇਨ੍ਹਾਂ ਨੂੰ ਆਪਣੇ ਮੁਲਕਾਂ 'ਚ ਵਾਪਸ ਲੈਣਾ ਅਤੇ ਹੋਰ ਕੌਮਾਂ ਦੇ ਨਾਗਰਿਕਾਂ ਨੂੰ ਵੀ ਆਪਣੀਆਂ ਜੇਲ੍ਹਾਂ ਵਿਚ ਰੱਖਣ ਲਈ ਸਹਿਮਤ ਹੋ ਗਏ ਹਨ। ਬੁਕੇਲੇ ਨੇ ਫ਼ੀਸ ਲੈ ਕੇ ਆਪਣੀ ਜੇਲ੍ਹ ਪ੍ਰਬੰਧ ਦਾ ਇਕ ਹਿੱਸਾ ਅਮਰੀਕੀ ਸਰਕਾਰ ਨੂੰ 'ਮੈਗਾ-ਜੇਲ੍ਹ' (2023 'ਚ ਉਸਾਰਿਆ ਟੈਰਰਿਜ਼ਮ ਕਨਫਾਈਨਮੈਂਟ ਸੈਂਟਰ) ਆਊਟਸੋਰਸ ਕਰਨ ਦੀ ਪੇਸ਼ਕਸ਼ ਕੀਤੀ ਹੈ। ਇਨ੍ਹਾਂ ਮੁਲਕਾਂ 'ਚ ਡੱਕੇ 'ਗ਼ੈਰਕਾਨੂੰਨੀ ਪ੍ਰਵਾਸੀ' ਆਖਿਰਕਾਰ ਅਮਰੀਕੀ ਖ਼ਰਚ 'ਤੇ ਸੰਬੰਧਤ ਮੁਲਕਾਂ 'ਚ ਭੇਜੇ ਜਾਣਗੇ। ਪਨਾਮਾ ਦਾ ਰਾਸ਼ਟਰਪਤੀ ਮੁਲਿਨੋ ਅਮਰੀਕਾ ਨਾਲ ਆਪਣੇ ਪਹਿਲੇ ਇੰਮੀਗ੍ਰੇਸ਼ਨ ਸਮਝੌਤੇ ਦਾ ਵਿਸਤਾਰ ਕਰਨ ਲਈ ਸਹਿਮਤ ਹੋ ਗਿਆ ਹੈ। ਯਾਨੀ ਕਿ ਪਨਾਮਾ ਵਿਚੋਂ ਦੀ ਹੋ ਕੇ ਅਮਰੀਕਾ ਜਾਣ ਵਾਲੇ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲੈ ਕੇ ਉੱਥੋਂ ਹੀ ਉਨ੍ਹਾਂ ਦੇ ਜੱਦੀ ਮੁਲਕਾਂ 'ਚ ਵਾਪਸ ਭੇਜਿਆ ਜਾ ਸਕੇਗਾ। ਇਹ ਹਮਲਾ ਜਮਹੂਰੀਅਤ ਦਾ ਮਖੌਟਾ ਲਾਹ ਕੇ ਪੂਰੀ ਤਰ੍ਹਾਂ ਨੰਗੇ ਦਹਿਸ਼ਤੀ ਰੂਪ 'ਚ ਦਨਦਨਾ ਰਿਹਾ ਹੈ ਜਿਸਦੀ ਕੋਈ ਸੀਮਾ ਨਹੀਂ ਹੈ ਕਿ ਇਹ ਕਿੱਥੇ ਜਾ ਕੇ ਰੁਕੇਗਾ। ਵੱਖ-ਵੱਖ ਮੁਲਕਾਂ ਅੰਦਰ ਇਸ ਵਿਰੁੱਧ ਵਿਆਪਕ ਲੋਕ ਰਾਇ ਖੜ੍ਹੀ ਕਰਕੇ ਹੀ ਇਸ ਨੂੰ ਠੱਲ ਪਾਈ ਜਾ ਸਕਦੀ ਹੈ। ਇਹ ਚੰਗੀ ਗੱਲ ਹੈ ਕਿ ਟਰੰਪ ਸਰਕਾਰ ਦੀ ਇਸ ਧੌਂਸਬਾਜ਼ੀ ਦਾ ਉਸਦੇ ਆਪਣੇ ਮੁਲਕ ਅਤੇ ਕਈ ਹੋਰ ਮੁਲਕਾਂ 'ਚੋਂ ਵਿਰੋਧ ਹੋ ਰਿਹਾ ਹੈ। ਦੱਖਣੀ ਅਮਰੀਕੀ ਖ਼ਿੱਤੇ ਦੇ ਕਈ ਮੁਲਕਾਂ ਨੇ ਟਰੰਪ ਦੇ ਏਜੰਡੇ ਦਾ ਸਰੇਆਮ ਵਿਰੋਧ ਕੀਤਾ ਹੈ ਅਤੇ ਆਪਣੇ ਮੁਲਕਾਂ ਦੇ ਪ੍ਰਵਾਸੀਆਂ ਦਾ ਮਨੁੱਖੀ ਮਾਣ-ਸਨਮਾਨ ਯਕੀਨੀ ਬਣਾਉਣ ਲਈ ਕੁਝ ਨਾ ਕੁਝ ਕਦਮ ਚੁੱਕੇ ਹਨ। ਕੁਝ ਸਰਕਾਰਾਂ ਵੱਲੋਂ ਟਰੰਪ ਦੀ ਧੌਂਸ ਮੰਨ ਕੇ ਆਪਣੇ ਮੁਲਕ ਦੀ ਪ੍ਰਭੂਸੱਤਾ ਟਰੰਪ ਦੇ ਹਵਾਲੇ ਕਰਨ ਦਾ ਵੀ ਵਿਰੋਧ ਹੋ ਰਿਹਾ ਹੈ। ਦੱਖਣੀ ਅਮਰੀਕੀ ਮੁਲਕਾਂ ਅਤੇ ਅਮਰੀਕਾ ਵਿਚ ਮਨੁੱਖੀ ਹੱਕਾਂ ਲਈ ਸਰਗਰਮ ਸੰਸਥਾਵਾਂ ਟਰੰਪ ਦੇ ਏਜੰਡੇ ਵਿਰੁੱਧ ਆਵਾਜ਼ ਉਠਾ ਰਹੀਆਂ ਹਨ। ਅਮਰੀਕਾ ਦੇ ਕਈ ਸ਼ਹਿਰਾਂ ਵਿਚ ਟਰੰਪ ਦੀ ਡਿਪੋਰਟੇਸ਼ਨ ਨੀਤੀ ਅਤੇ ਘੋਰ ਪਿਛਾਖੜੀ ਏਜੰਡੇ ਵਿਰੁੱਧ ਮੁਜ਼ਾਹਰੇ ਹੋ ਰਹੇ ਹਨ। ਇਸ ਵਿਰੋਧ ਦੇ ਮੱਦੇਨਜ਼ਰ ਜਸਟਿਸ ਡਿਪਾਰਟਮੈਂਟ ਨੇ ਪਿਛਲੇ ਦਿਨੀਂ ਤਿੰਨ ਪੰਨੇ ਦਾ ਨਵਾਂ ਮੀਮੋ ਜਾਰੀ ਕੀਤਾ ਜਿਸ ਵਿਚ ਅਮਰੀਕਾ ਦੇ ਰਾਜਾਂ ਦੇ ਅਤੇ ਉਨ੍ਹਾਂ ਸਥਾਨਕ ਅਧਿਕਾਰੀਆਂ ਵਿਰੁੱਧ ਮੁਕੱਦਮਾ ਚਲਾਉਣ ਦਾ ਧਮਕੀ ਦਿੱਤੀ ਗਈ ਹੈ ਜੋ ਪ੍ਰਵਾਸੀਆਂ ਉੱਪਰ ਫੈਡਰਲ ਸਰਕਾਰ ਦੇ ਹਮਲੇ ਦਾ ਵਿਰੋਧ ਕਰ ਰਹੇ ਹਨ। ਇਸ 'ਤੋਂ ਪਤਾ ਲੱਗਦਾ ਹੈ ਕਿ ਟਰੰਪ ਅਮਰੀਕਾ ਦੀ ਪ੍ਰਵਾਸ ਨੀਤੀ 'ਚ ਕਿਸ ਤਰ੍ਹਾਂ ਦੀ ਰੱਦੋਬਦਲ ਕਰ ਰਿਹਾ ਹੈ। ਅਮਰੀਕੀ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਏਜੰਸੀ ਨੂੰ ਤੇਜ਼ੀ ਨਾਲ ਡੀਪੋਰਟੇਸ਼ਨ ਕਰਨ ਦੇ ਨਵੇਂ ਅਧਿਕਾਰ, ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਦੀ ਨੀਤੀ ਖ਼ਤਮ ਕਰਨ ਦੇ ਸੰਕੇਤ, ਅਮਰੀਕੀ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਵੱਲੋਂ ਸੀ.ਬੀ.ਪੀ. ਵੰਨ ਐਪ (ਜੋ ਪ੍ਰਵਾਸੀਆਂ ਨੂੰ ਅਮਰੀਕੀ ਬਾਰਡਰ ਉੱਪਰ ਪਹੁੰਚਣ 'ਤੋਂ ਪਹਿਲਾਂ ਇੰਮੀਗ੍ਰੇਸ਼ਨ ਅਧਿਕਾਰੀਆਂ ਨੂੰ ਆਪਣੀ ਜਾਣਕਾਰੀ ਭੇਜ ਕੇ ਇੰਟਰਵਿਊ ਤੈਅ ਕਰਨ ਦੀ ਸਹੂਲਤ ਦਿੰਦੀ ਸੀ) ਦੀ ਸ਼ਡਿਊਲਿੰਗ ਕਾਰਜਕੁਸ਼ਲਤਾ ਹਟਾਉਣ ਅਤੇ ਸਾਰੀਆਂ ਭਵਿੱਖੀ ਸ਼ਰਨਾਰਥੀ ਅਪਾਇੰਟਮੈਂਟਾਂ ਰੱਦ ਦੇ ਐਲਾਨ ਭਾਵੇਂ ਕਾਫ਼ੀ ਕੁਝ ਬਿਆਨ ਕਰ ਰਹੇ ਹਨ, ਪਰ ਬਹੁਤ ਕੁਝ ਅਜੇ ਸਾਹਮਣੇ ਆਉਣਾ ਬਾਕੀ ਹੈ। ਟਰੰਪ ਦੇ ਏਜੰਡੇ ਦੇ ਮੱਦੇਨਜ਼ਰ ਮਨੁੱਖੀ ਹੱਕਾਂ ਦੀਆਂ ਘੋਰ ਉਲੰਘਣਾਵਾਂ ਦੇ ਭਾਰੀ ਖ਼ਦਸ਼ੇ ਬੇ-ਬੁਨਿਆਦ ਨਹੀਂ ਹਨ। ਜ਼ਰੂਰਤ ਇਸ ਗੱਲ ਦੀ ਹੈ ਕਿ ਹਰ ਮੁਲਕ ਦੇ ਨਾਗਰਿਕ ਟਰੰਪ ਦੇ ਇਸ ਘੋਰ ਪਿਛਾਖੜੀ ਏਜੰਡੇ ਦੇ ਖ਼ਤਰੇ ਦੀ ਗੰਭੀਰਤਾ ਨੂੰ ਸਮਝਣ ਅਤੇ ਇਸ ਵਿਰੁੱਧ ਆਪੋ ਆਪਣੇ ਪੱਧਰ 'ਤੇ ਹਰ ਸੰਭਵ ਆਵਾਜ਼ ਉਠਾਉਂਦੇ ਹੋਏ ਆਪਣੀਆਂ ਸਰਕਾਰਾਂ ਉੱਪਰ ਇਸ ਵਿਰੁੱਧ ਸਟੈਂਡ ਲੈਣ ਲਈ ਦਬਾਅ ਬਣਨ

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

FAST COMPUTER REPAIR
New Web Designing
& Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca
E-mail : harmeet@fastcomputerrepair.ca
778-928-4444

# ਪੰਜਾਬੀ ਸੂਬਾ

## ਯਾਦਾਂ, ਅਤੀਤ ਅਤੇ ਵਰਤਮਾਨ


ਲੇਖਕ : ਸੁਰਿੰਦਰ ਸਿੰਘ ਤੇਜ

ਮੇਰੇ ਜਨਮ ਵਾਲੇ ਦਿਨ ਮਾਂ ਤੇ ਪਰਿਵਾਰ ਦੇ ਹੋਰ ਜੀਆਂ ਨੇ ਦੁਪਹਿਰ ਦੀ ਰੋਟੀ ਅੰਬਾਂ ਨਾਲ ਕਿਸ ਮਜਬੂਰੀਵੱਸ ਖਾਧੀ, ਇਸ ਦਾ ਪਤਾ ਮੈਨੂੰ ਛੇ ਸਾਲ ਬਾਅਦ ਲੱਗਿਆ; ਘਰ ਵਿਚ ਦੁਬਾਰਾ ਉਸੇ ਤਰ੍ਹਾਂ ਦੀ ਨੌਬਤ ਆਉਣ ਤੋਂ ਬਾਅਦ। ਜੂਨ ਮਹੀਨਾ, ਅੰਬਾਂ ਦੀ ਰੁੱਤ ਦਾ ਮਹੀਨਾ ਹੁੰਦਾ ਹੈ।

1955 ਵਿਚ ਮੇਰੇ ਜਨਮ ਤੋਂ 40 ਦਿਨ ਪਹਿਲਾਂ ਪੰਜਾਬੀ ਸੂਬੇ ਦਾ ਪਹਿਲਾ ਮੋਰਚਾ ਸ਼ੁਰੂ ਹੋਇਆ ਸੀ। ਇਸ ਸ਼ੁਰੂਆਤ ਤੋਂ ਚਾਰ ਦਿਨ ਬਾਅਦ ਮੇਰੇ ਅਖ਼ਬਾਰਨਵੀਸ ਪਿਤਾ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਅਖ਼ਬਾਰਨਵੀਸੀ ਦੇ ਨਾਲ ਨਾਲ ਉਹ ਜ਼ਿਲ੍ਹਾ ਅਕਾਲੀ ਦਲ ਦੇ ਸਕੱਤਰ ਵੀ ਸਨ। ਘਰੋਂ ਉਹ ਰਾਸ਼ਨ ਲੈਣ ਗਏ ਸਨ। ਰਸਤੇ ਵਿਚ ਪੁਲੀਸ ਨੇ ਘੇਰ ਲਿਆ। ਚਾਰ ਘੰਟੇ ਬਾਅਦ ਪੁਲੀਸ ਉਨ੍ਹਾਂ ਦੀ ਸਾਈਕਲ ਤੇ ਥੈਲਾ ਘਰ ਛੱਡ ਗਈ। ਹਵਾਲਦਾਰ ਜਾਂਦੇ ਹੋਏ ਇਹ ਕਹਿ ਗਿਆ, ਸਰਦਾਰ ਹੁਰਾਂ ਦੀ ਰਿਹਾਈ ਛੇਤੀ ਨਹੀਂ ਹੋਣੀ, ਰਹਿਣ-ਖਾਣ ਦਾ ਇੰਤਜ਼ਾਮ ਕਰ ਲਉ। ਘਰ ਪਿਤਾ ਜੀ ਦੀ ਅਖ਼ਬਾਰਨਵੀਸੀ 'ਤੇ ਹੀ ਚੱਲਦਾ ਸੀ। ਪੰਦਰਾਂ ਕੁ ਦਿਨਾਂ ਅੰਦਰ ਪੈਸੇ-ਧੇਲੇ ਦੀ ਕਮੀ ਹੋਣ ਲੱਗੀ। ਹਾਮਲਾ ਮਾਂ, ਪੰਜ ਜੀਆਂ ਦੇ ਟੱਬਰ ਨੂੰ ਲੈ ਕੇ ਪੇਕੇ ਪਿੰਡ ਪਹੁੰਚ ਗਈ। ਜਣੇਪੇ ਵਾਲੇ ਦਿਨ ਨਾਨੀ ਆਪਣੀ ਧੀ ਦੀ ਦੇਖਭਾਲ ਵਿਚ ਜੁਟੀ ਰਹੀ। ਉਧਰੋਂ ਵਿਹਲੀ ਹੋਣ 'ਤੇ ਉਸ ਕੋਲ ਦਾਲ-ਸਬਜ਼ੀ ਰਿੰਨ੍ਹਣ ਜੋਗਾ ਸੱਤ ਨਹੀਂ ਸੀ ਬਚਿਆ। ਅੰਬ ਕੱਟ ਕੇ ਹੀ ਦੋਹਤੇ-ਦੋਹਤੀਆਂ ਨੂੰ ਰੋਟੀ ਨਾਲ ਦੇ ਦਿੱਤੇ, ਇਹ ਕਹਿੰਦਿਆਂ ਕਿ ਇਨ੍ਹਾਂ ਨਾਲ ਹੀ ਕੰਮ ਸਾਰੋ।

ਛੇ ਵਰ੍ਹੇ ਬਾਅਦ (1961 'ਚ) ਪੰਜਾਬੀ ਸੂਬੇ ਦਾ ਦੂਜਾ ਮੋਰਚਾ ਲੱਗਿਆ। ਪਿਤਾ ਜੀ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋ ਗਏ। ਉਹ ਅਖ਼ਬਾਰੀ ਕੰਮ ਲਈ ਸ਼ਾਇਦ ਗੰਗਾਨਗਰ ਗਏ ਹੋਏ ਸਨ। ਪੁਲੀਸ ਨੂੰ ਜਦੋਂ ਉਹ ਘਰੋਂ ਜਾਂ ਦਫ਼ਤਰੋਂ ਨਾ ਮਿਲੇ ਤਾਂ ਘਰ ਦੀ ਕੁਰਕੀ ਹੋ ਗਈ। ਸਾਰਾ ਸਾਮਾਨ ਇੱਕ ਕਮਰੇ ਅੰਦਰ ਸੀਲ। ਕੁਰਕੀ ਵਾਲੀ ਸ਼ਾਮ ਪਰਸ਼ਾਦੇ ਗੁਰਦੁਆਰਾ ਸਿੰਘ ਸਭਾ ਤੋਂ ਆਏ। ਨਾਲ ਹਰੀਆਂ ਮਿਰਚਾਂ ਦੀ ਚਟਨੀ। ਉਹ ਖਾਂਦਿਆਂ ਇੱਕ ਭੈਣ ਨੇ ਗਿਲਾ ਕੀਤਾ: 'ਪਿਤਾ ਜੀ ਵੀ ਕਿਹੜੇ ਕਿਹੜੇ ਦਿਨ ਦਿਖਾ ਰਹੇ ਨੇ ਸਾਨੂੰ! ਕਦੇ ਅੰਬ ਨਾਲ ਰੋਟੀ, ਕਦੇ ਮਿਰਚਾਂ ਨਾਲ।' ਮਾਂ ਅਜਿਹੇ ਗਿਲੇ ਕਦੇ ਨਹੀਂ ਸੀ ਕਰਦੀ। ਉਹਨੇ ਕਦੇ ਵੀ ਪਿਤਾ ਜੀ ਨੂੰ 'ਲੀਡਰੀ' ਤੋਂ ਨਹੀਂ ਸੀ ਵਰਜਿਆ। ਤੁਰਸ਼ੀਆਂ ਵੀ ਉਹ ਖਿੜੇ ਮੱਥੇ ਝੱਲ ਲੈਂਦੀ ਸੀ। ਇਹ ਵੱਖਰੀ ਗੱਲ ਹੈ ਕਿ ਮਾਂ ਵੱਲੋਂ ਕੁਝ ਵੀ ਨਾ ਕਹਿਣ ਦੇ ਬਾਵਜੂਦ ਪਿਤਾ ਜੀ ਨੂੰ ਪਹਿਲੇ ਮੋਰਚੇ ਸਮੇਂ ਦੀ ਅੱਠ ਮਹੀਨਿਆਂ ਦੀ ਨਜ਼ਰਬੰਦੀ ਨੇ ਅਹਿਸਾਸ ਕਰਾ ਦਿੱਤਾ ਸੀ ਕਿ ਅਕਾਲੀ 'ਮਿਸ਼ਨ' ਦੇ ਨਾਲ ਨਾਲ ਉਨ੍ਹਾਂ ਦੀ ਆਪਣੇ ਪਰਿਵਾਰ ਪ੍ਰਤੀ ਵੀ ਜ਼ਿੰਮੇਵਾਰੀ ਹੈ। ਇਸੇ ਲਈ ਰਿਹਾਈ ਤੋਂ ਚਾਰ ਦਿਨਾਂ ਬਾਅਦ ਉਹ ਅਕਾਲੀ ਦਲ ਦੀ ਮੈਂਬਰੀ ਛੱਡ ਗਏ ਸਨ। ਹਾਂ, ਅਖ਼ਬਾਰਨਵੀਸੀ ਵਿਚ ਉਨ੍ਹਾਂ ਦੀ ਸੁਰ ਹਮੇਸ਼ਾਂ ਹੁਕਮਰਾਨ ਕਾਂਗਰਸ ਦੇ ਸਖ਼ਤ ਖ਼ਿਲਾਫ਼ ਰਹੀ। ਇਸ ਦਾ ਖ਼ਮਿਆਜ਼ਾ 1961 ਵਿਚ ਦੂਜੇ ਪੰਜਾਬੀ ਸੂਬਾ ਮੋਰਚੇ ਦੌਰਾਨ ਭੁਗਤਿਆ। ਘਰ ਕੁਰਕ ਹੋਇਆ; ਟੱਬਰ ਬੇਜ਼ਾਰ ਹੋਇਆ। ਇਸ ਤੋਂ ਵੀ ਵੱਧ, ਉਨ੍ਹਾਂ ਦਾ ਛਾਪਾਖ਼ਾਨਾ ਮਲੀਆਮੇਟ ਕਰ ਦਿੱਤਾ ਗਿਆ। ਛਪਾਈ ਮਸ਼ੀਨ ਤੇ ਟਾਈਪਾਂ ਵਾਲੇ ਸਾਰੇ ਕੇਸ ਪੁਲੀਸ ਚੁੱਕ ਕੇ ਲੈ ਗਈ। ਨਾਲ ਹੀ ਛਾਪੇਖ਼ਾਨੇ ਵਾਲੇ ਅਹਾਤੇ ਦੇ ਮਾਲਕ ਬਾਊ ਰਾਜ ਕੁਮਾਰ ਨੂੰ ਏਨਾ ਡਰਾ ਗਈ ਕਿ ਉਹ ਸਭ ਕੁਝ ਵੇਚ-ਵਾਚ ਕੇ ਫ਼ਰੀਦਾਬਾਦ ਜਾ ਵਸਿਆ। ਜੋ ਜ਼ਬਤ ਹੋਇਆ, ਉਹ ਵਾਪਸ ਨਹੀਂ ਮੁੜਿਆ। ਪਿਤਾ ਜੀ ਨੂੰ ਤਾਂ ਜੱਜ ਨੇ ਪਹਿਲੀ ਹੀ ਪੇਸ਼ੀ ਸਮੇਂ ਅਕਾਲੀ ਨਾ ਹੋਣ ਕਾਰਨ ਰਿਹਾਅ ਕਰ ਦਿੱਤਾ, ਪਰ ਛਾਪੇਖ਼ਾਨੇ ਦੀ ਅਣਹੋਂਦ ਉਨ੍ਹਾਂ ਦੇ ਅਰਥਚਾਰੇ ਵਿਚ ਸਦੀਵੀ ਤੌਰ 'ਤੇ ਵੱਡਾ ਸਾਰਾ ਚਿੱਬ ਪਾ ਗਈ। ਉਨ੍ਹਾਂ ਵੱਲੋਂ ਪਾਈ ਦਰਖ਼ਾਸਤ ਦੇ ਜਵਾਬ ਵਿਚ ਪੁਲੀਸ, ਅਦਾਲਤ ਵਿਚ ਸਿੱਧਾ ਮੁਕਰ ਗਈ; 'ਅਸੀਂ ਕੁਝ ਨਹੀਂ ਚੁੱਕਿਆ।' ਅਦਾਲਤ ਨੇ ਦਰਖ਼ਾਸਤ ਖ਼ਾਰਿਜ ਕਰ ਦਿੱਤੀ।

ਪੰਜਾਬੀ ਸੂਬਾ ਲਹਿਰ ਨਾਲ ਜੁੜਿਆ ਅਜਿਹਾ ਕਹਿਰ ਪੰਜਾਬ ਦੇ ਸੈਂਕੜੇ ਪਰਿਵਾਰਾਂ ਨੇ ਹੰਢਾਇਆ। ਜਿਹੜੇ ਅਸੂਲਪ੍ਰਸਤੀ ਦੇ ਚੱਕਰਵਿਊ ਵਿਚ ਫਸੇ ਰਹੇ, ਉਨ੍ਹਾਂ ਨੇ ਵੱਧ। ਜਿਹੜੇ ਜੇਲ੍ਹ ਯਾਤਰਾ ਨੂੰ ਭੁਨਾਉਣਾ ਜਾਣਦੇ ਸਨ, ਉਨ੍ਹਾਂ ਨੇ 1967 ਤੋਂ ਬਾਅਦ ਇਸ ਨੂੰ ਭੁਨਾਇਆ ਵੀ ਖ਼ੂਬ। ਮੇਰੇ ਪਿਤਾ ਪਹਿਲੇ ਵਰਗ ਵਿਚੋਂ ਸਨ; ਉਹ ਮਾਸਟਰ ਤਾਰਾ ਸਿੰਘ ਦੇ ਭਗਤ ਰਹੇ। ਦੂਜੇ ਪਾਸੇ, ਗ਼ੈਰ-ਕਾਂਗਰਸੀ ਬਣਨ 'ਤੇ ਵੀ ਹਕੂਮਤੀ ਵਾਗਡੋਰ ਮਾਸਟਰ-ਵਿਰੋਧੀਆਂ ਦੇ ਹੱਥ ਰਹੀ। ਉਨ੍ਹਾਂ ਤੋਂ ਖ਼ੈਰ ਮੰਗਣ ਦਾ ਵਿਚਾਰ ਕਦੇ ਵੀ ਪਿਤਾ ਜੀ ਦੇ ਮਨ ਵਿਚ ਨਹੀਂ ਆਇਆ। ਉਂਜ ਵੀ, ਜਿਸ ਤਰ੍ਹਾਂ ਦਾ ਪੰਜਾਬੀ ਸੂਬਾ ਵਜੂਦ ਵਿਚ ਆਇਆ, ਉਸ ਨੂੰ ਉਹ ਨਾਇਨਸਾਫ਼ੀ ਹੀ ਮੰਨਦੇ ਰਹੇ।




ਪੰਜਾਬੀ ਸੂਬਾ ਲਹਿਰ ਨੂੰ ਬਹੁਤੇ ਗ਼ੈਰ-ਪੰਜਾਬੀ ਇਤਿਹਾਸਕਾਰ ਖ਼ਾਲਿਸਤਾਨ ਲਹਿਰ ਦਾ ਪੂਰਵਜ ਦੱਸਦੇ ਹਨ। ਇਸ ਧਾਰਨਾ ਨਾਲ ਅਸਹਿਮਤੀ ਦੇ ਬਾਵਜੂਦ ਮੈਨੂੰ ਇਹ ਜਾਪਦਾ ਹੈ ਕਿ ਸੰਤਾਲੀ ਦੇ ਬਟਵਾਰੇ ਤੋਂ ਬਾਅਦ ਜੇਕਰ ਪੰਡਿਤ ਨਹਿਰੂ ਦੀ ਕੇਂਦਰ ਸਰਕਾਰ ਇਸ ਲਹਿਰ ਨਾਲ ਸੁਹਜਮਈ ਢੰਗ ਨਾਲ ਨਿਪਟਦੀ ਤਾਂ ਨਾ ਤਾਂ ਉਦੋਂ ਮਾਹੌਲ ਵਿਸ਼ੈਲਾ ਬਣਨਾ ਸੀ ਅਤੇ ਨਾ ਹੀ (ਪੰਜਾਬੀ ਸੂਬਾ ਬਣਨ ਤੋਂ ਮਹਿਜ਼ 14 ਵਰ੍ਹਿਆਂ ਬਾਅਦ) 1980ਵਿਆਂ ਵਿਚ ਸਿੱਖ ਵਸੋਂ ਦੀ ਬਹੁਲਤਾ ਵਾਲੇ ਇੱਕ ਨੀਮ ਖ਼ੁਦਮੁਖ਼ਤਿਆਰ ਸੂਬੇ ਦੀ ਸਥਾਪਨਾ ਦੀ ਮੰਗ ਸਰਸਰੀ ਨਜ਼ਰੇ ਫ਼ਿਰਕੇਦਾਰਾਨਾ ਕਿਰਦਾਰ ਵਾਲੀ ਜਾਪ ਸਕਦੀ ਹੈ, ਪਰ ਇਹ ਵੱਖਵਾਦੀ ਰੰਗਤ ਵਾਲੀ ਨਹੀਂ ਸੀ। ਇਸ ਹਕੀਕਤ 'ਤੇ ਜ਼ੋਰ ਉਹ ਸਿੱਖ ਨੇਤਾ ਵੀ ਦਿੰਦੇ ਰਹੇ ਜੋ ਦਿੱਲੀ ਦਰਬਾਰ ਦੇ ਨੇੜੇ ਸਨ। ਪਰ ਉਨ੍ਹਾਂ ਦੀ ਵੀ ਨਹੀਂ ਸੁਣੀ ਗਈ। ਦਿੱਲੀ ਦੇ ਹਾਕਮਾਂ ਨੂੰ ਇਸ ਲਹਿਰ ਵਿਚੋਂ ਵੱਖਵਾਦੀ ਰਾਹ ਹੀ ਦਿੱਸਦਾ ਰਿਹਾ। ਹਕੂਮਤੀ ਨਜ਼ਰੀਏ ਨੇ ਇਸ ਲਹਿਰ ਦੇ ਵਿਰੋਧੀਆਂ, ਖ਼ਾਸ ਕਰ ਕੇ 'ਹਿੰਦੀ, ਹਿੰਦੂ, ਹਿੰਦੋਸਤਾਨ' ਦੇ ਮੁਦੱਈਆਂ ਨੂੰ ਲਗਾਤਾਰ ਸ਼ਹਿ ਪ੍ਰਦਾਨ ਕੀਤੀ। ਉਨ੍ਹਾਂ ਵੱਲੋਂ ਪੰਜਾਬੀ ਨੂੰ ਜਾਹਿਲਾਂ ਦੀ ਭਾਸ਼ਾ ਕਰਾਰ ਦੇਣਾ, ਪੰਜਾਬੀ ਲਈ ਗੁਰਮੁਖੀ ਦੀ ਥਾਂ ਦੇਵਨਾਗਰੀ ਲਿੱਪੀ ਦੀ ਵਕਾਲਤ, ਪੰਜਾਬੀ ਨੂੰ ਹਿੰਦੀ ਦੀ ਉਪ-ਭਾਸ਼ਾ ਵਜੋਂ ਪ੍ਰਚਾਰਨਾ ਅਤੇ ਫਿਰ ਇੱਕ ਸਮੇਂ ਸਿੱਖ ਅਦਾਰਿਆਂ ਜਾਂ ਧਰਮ ਅਸਥਾਨਾਂ ਦੇ ਬਾਹਰ ਬੀੜੀਆਂ-ਸਿਗਰਟਾਂ ਸੁੱਟਣਾ ਆਦਿ ਵਰਗੇ ਕਾਰਿਆਂ ਨੇ ਵੀ ਇੱਕ ਪਾਸੇ ਪੰਜਾਬੀ ਸੂਬਾ ਲਹਿਰ ਨੂੰ ਪ੍ਰਚੰਡਤਾ ਬਖ਼ਸ਼ੀ, ਦੂਜੇ ਪਾਸੇ ਫ਼ਿਰਕੂ ਵੰਡੀਆਂ ਵੀ ਵਧਾਈਆਂ। ਇਹ ਖ਼ੁਸ਼ਕਿਸਮਤੀ ਵਾਲੀ ਗੱਲ ਹੈ ਕਿ ਹੁਣ ਵਾਲੀ ਪੀੜ੍ਹੀ ਉਪਰੋਕਤ ਜ਼ਹਿਰ ਤੋਂ ਬਹੁਤ ਵੱਡੀ ਹੱਦ ਤਕ ਮੁਕਤ ਹੈ ਪਰ ਉਨ੍ਹਾਂ ਵੇਲਿਆਂ ਵਾਲੀਆਂ ਜ਼ਿਆਦਤੀਆਂ ਦਾ ਗੁੱਸਾ ਪੰਜਾਬ ਦੇ ਇੱਕ ਵਰਗ ਵਿਚ ਅਜੇ ਵੀ ਮੌਜੂਦ ਹੈ। 'ਪੰਜਾਬ ਨਾਲ ਧੱਕਾ' ਜਾਂ 'ਸਿੱਖਾਂ ਨਾਲ ਧੱਕਾ' ਵਰਗੇ ਖ਼ਿਆਲਾਤ ਉਨ੍ਹਾਂ ਕਹਿਰੀ ਦਿਨਾਂ ਦੀ ਹੀ ਵਿਰਾਸਤ ਹਨ।

ਅਖ਼ਬਾਰੀ ਲੇਖਾਂ-ਨਿਬੰਧਾਂ ਦੀਆਂ ਸ਼ਾਬਦਿਕ ਸੀਮਾਵਾਂ ਹੁੰਦੀਆਂ ਹਨ, ਇਸੇ ਲਈ ਪੰਜਾਬੀ ਸੂਬਾ ਲਹਿਰ ਦੀ ਘਟਨਾਵਲੀ ਨੂੰ ਸੀਮਤ ਨੁਕਤਿਆਂ ਤਕ ਮਹਿਦੂਦ ਕੀਤਾ ਜਾ ਰਿਹਾ ਹੈ:

-ਸਿੱਖਾਂ ਲਈ ਵੱਖਰੇ ਸੂਬੇ ਦਾ ਸੰਕਲਪ ਸੰਤਾਲੀ ਵਾਲੀ ਵੰਡ ਤੋਂ ਪਹਿਲਾਂ ਹੀ ਪਨਪਣਾ ਸ਼ੁਰੂ ਹੋ ਗਿਆ ਸੀ। ਮੁਲਕ ਦੇ ਬਾਕੀ ਹਿੱਸਿਆਂ ਵਿਚ ਤਨਾਜ਼ਾ ਹਿੰਦੂਆਂ ਤੇ ਮੁਸਲਮਾਨਾਂ ਦਰਮਿਆਨ ਸੀ, ਪਰ ਪੰਜਾਬ ਵਿਚ ਸਿੱਖਾਂ ਦੇ ਰੂਪ ਵਿਚ ਤੀਜੀ ਧਿਰ ਵੀ ਮੌਜੂਦ ਸੀ। ਅਣਵੰਡੇ ਸੂਬੇ ਵਿਚ ਸਿੱਖ ਭਾਈਚਾਰੇ ਦੀ ਵਸੋਂ 13 ਫ਼ੀਸਦੀ ਸੀ। ਸਿੱਖ ਕੌਮ ਇਸ ਇਲਾਕੇ 'ਤੇ ਹਕੂਮਤ ਵੀ ਕਰ ਚੁੱਕੀ ਸੀ। ਉਸ ਦੀਆਂ ਉਮਾਹਾਂ ਨੂੰ ਬ੍ਰਿਟਿਸ਼ ਹਕੂਮਤ ਨਜ਼ਰਅੰਦਾਜ਼ ਨਹੀਂ ਸੀ ਕਰ ਸਕਦੀ।

- ਸਿੱਖ ਭਾਵੇਂ ਜ਼ਾਹਿਰਾ ਤੌਰ 'ਤੇ ਕਾਂਗਰਸ ਦੇ ਨਾਲ ਸਨ। ਫਿਰ ਵੀ ਇਹ ਭਾਈਚਾਰਾ ਇਹ ਨਹੀਂ ਸੀ ਚਾਹੁੰਦਾ ਕਿ ਉਨ੍ਹਾਂ ਨੂੰ ਹਿੰਦੂ ਮੱਤ ਦਾ ਹਿੱਸਾ ਮੰਨ ਲਿਆ ਜਾਵੇ। ਇਸ ਨੂੰ ਆਪਣਾ ਵਜੂਦ ਬਚਾਉਣ ਦੀ ਚਿੰਤਾ ਸੀ। 1920ਵਿਆਂ ਵਿਚ ਗੁਰਦੁਆਰਾ ਸੁਧਾਰ ਲਹਿਰ ਦੇ ਸਮੇਂ ਤੋਂ ਹੀ ਬਹੁਤੀ ਸਿੱਖ ਵਸੋਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਗਈ ਸੀ। ਅਕਾਲੀ ਦਲ ਦੇ ਸਿਰਕੱਢ ਨੇਤਾ ਮਾਸਟਰ ਤਾਰਾ ਸਿੰਘ ਸਨ, ਜੋ ਸਿੱਖਾਂ ਦੇ ਹਿੱਤਾਂ ਦੀ ਖ਼ਾਤਿਰ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਜਾਂ ਮੁਹੰਮਦ ਅਲੀ ਜਿਨਾਹ ਨਾਲ ਖਹਿਣ ਤੋਂ ਝਿਜਕਦੇ ਨਹੀਂ ਸਨ। 1945 ਵਿਚ ਉਨ੍ਹਾਂ ਨੇ ਲਿਖਿਆ ਸੀ: 'ਇਸ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਸਿੱਖ ਧਰਮ ਓਨੀ ਦੇਰ ਤਕ ਜ਼ਿੰਦਾ ਰਹੇਗਾ ਜਦੋਂ ਤਕ ਸਿੱਖ ਪੰਥ ਦਾ ਇੱਕ ਜਥੇਬੰਦਕ ਵਜੂਦ ਬਣਿਆ ਰਹੇਗਾ।'

- ਮੁਲਕ ਨੂੰ ਆਜ਼ਾਦੀ ਮਿਲਣ ਤੋਂ ਪਹਿਲਾਂ ਇਸ ਨੂੰ ਹਿੰਦੂ ਬਹੁਮਤ ਵਾਲੇ ਜਾਂ ਮੁਸਲਿਮ ਬਹੁਗਿਣਤੀ ਵਾਲੇ ਇਲਾਕਿਆਂ ਵਿਚ ਵੰਡਣ ਦੀ ਤਜਵੀਜ਼ 1939 ਤੋਂ ਹੀ ਪੈਦਾ ਹੋ ਚੁੱਕੀ ਸੀ। 1945 ਵਿਚ ਕੈਬਨਿਟ ਮਿਸ਼ਨ ਦੀਆਂ ਸਰਗਰਮੀਆਂ ਦੇ ਮੱਦੇਨਜ਼ਰ ਮੁਸਲਿਮ ਲੀਗ ਦੇ ਨੇਤਾ ਮੁਹੰਮਦ ਅਲੀ ਜਿਨਾਹ ਨੇ ਸਿੱਖ ਭਾਈਚਾਰੇ ਨੂੰ ਲਾਹੌਰ ਸਮੇਤ ਕਈ ਜ਼ਿਲ੍ਹਿਆਂ ਦੀ ਵਾਗਡੋਰ ਸੌਂਪਣ ਦੀ ਪੇਸ਼ਕਸ਼ ਕੀਤੀ ਸੀ। ਇਸ ਦੇ ਜਵਾਬ ਵਿਚ ਕਾਂਗਰਸ ਦੀ ਤਰਫ਼ੋਂ ਸਰਦਾਰ ਪਟੇਲ ਨੇ ਭਰੋਸਾ ਦਿੱਤਾ ਸੀ ਕਿ 'ਬ੍ਰਿਟਿਸ਼ ਹਕੂਮਤ ਵੱਲੋਂ ਪੰਜਾਬ ਦੀ ਵਾਗਡੋਰ ਭਾਰਤ ਸਰਕਾਰ ਨੂੰ ਸੌਂਪਣ ਮਗਰੋਂ 'ਸਿਖਿਸਤਾਨ' ਦਾ ਮੁੱਦਾ ਵੀ ਸੰਵਿਧਾਨ ਸਭਾ ਵੱਲੋਂ ਵਿਚਾਰਿਆ ਜਾਵੇਗਾ।'

-ਸਿੱਖ ਲੀਡਰਸ਼ਿਪ, ਮੁਲਕ ਦੇ ਬਟਵਾਰੇ ਦੇ ਖ਼ਿਲਾਫ਼ ਸੀ, ਪਰ ਹਾਲਾਤ ਦੇ ਮੱਦੇਨਜ਼ਰ ਇਸ ਨੇ ਭਾਰਤ ਨਾਲ ਰਹਿਣਾ ਸਵੀਕਾਰ ਕਰ ਲਿਆ। ਅਜਿਹੇ ਸਮਝੌਤੇ ਦੇ ਬਾਵਜੂਦ ਜਦੋਂ ਸਿੱਖਾਂ ਦੇ ਹਿੱਤਾਂ ਦੀ ਅਣਦੇਖੀ ਮਹਿਸੂਸ ਕੀਤੀ ਗਈ ਤਾਂ ਮਾਸਟਰ ਜੀ ਨੇ ਅਪਰੈਲ 1948 ਵਿਚ ਪੰਜਾਬੀ ਸੂਬੇ ਦੀ ਮੰਗ ਨੂੰ ਸਿਆਸੀ ਟੀਚੇ ਤੇ ਨੀਤੀਗਤ ਨਿਸ਼ਾਨੇ ਵਜੋਂ ਪੇਸ਼ ਕੀਤਾ।

-ਦਰਅਸਲ, ਵੰਡ ਤੋਂ ਪਹਿਲਾਂ ਸਿੱਖ ਵਸੋਂ ਪੂਰੇ ਪੰਜਾਬ ਵਿਚ ਖਿੰਡੀ ਹੋਈ ਸੀ। ਇਸ ਦਾ ਕੋਈ ਇੱਕ ਸੰਗਠਿਤ ਗੜ੍ਹ ਨਹੀਂ ਸੀ। ਵੰਡ ਮਗਰੋਂ ਬਹੁਤੀ ਸਿੱਖ ਵਸੋਂ ਪੂਰਬੀ ਪੰਜਾਬ (ਚੜ੍ਹਦੇ ਪੰਜਾਬ) ਵਿਚ ਆ ਵਸੀ। ਪੂਰਬੀ ਪੰਜਾਬ ਵਿਚ ਉਸ ਸਮੇਂ ਸਮੁੱਚਾ ਹਿਮਾਚਲ (ਕਾਂਗੜਾ ਤੇ ਸ਼ਿਮਲਾ ਡਿਵੀਜ਼ਨਾਂ) ਤੇ ਮੌਜੂਦਾ ਹਰਿਆਣਾ ਸ਼ਾਮਿਲ ਸੀ। ਇਸ ਖ਼ਿੱਤੇ ਦੇ ਪਹਾੜੀ ਖੇਤਰਾਂ ਨੂੰ ਛੱਡ ਕੇ ਬਾਕੀ ਦੇ 13 ਜ਼ਿਲ੍ਹਿਆਂ ਵਿਚੋਂ 7 ਸਿੱਖ ਬਹੁਗਿਣਤੀ ਵਾਲੇ ਸਨ। ਸਿੱਖ ਲੀਡਰਸ਼ਿਪ ਨੇ ਮਹਿਸੂਸ ਕੀਤਾ ਕਿ ਸਿੱਖ ਰਾਜਨੇਤਾਵਾਂ ਦੀ ਹਕੂਮਤ ਵਾਲਾ ਸੂਬਾ ਇਸ ਆਧਾਰ 'ਤੇ ਮੰਗਿਆ ਜਾ ਸਕਦਾ ਹੈ।

-ਅਕਾਲੀ ਦਲ ਨੇ ਉਨ੍ਹੀਂ ਦਿਨੀਂ ਆਪਣੀ ਖ਼ਤੋ-ਕਿਤਾਬਤ ਜਾਂ ਬਿਆਨਬਾਜ਼ੀ ਵਿਚ ਸਿਖਿਸਤਾਨ ਜਾਂ ਖ਼ਾਲਿਸਤਾਨ ਵਰਗੇ ਸ਼ਬਦਾਂ ਦੀ ਵਰਤੋਂ ਕਦੇ ਨਹੀਂ ਕੀਤੀ। ਇਸ ਦੇ ਆਗੂਆਂ ਨੇ ਸਿੱਖ ਹੋਮਲੈਂਡ ਦੀ ਥਾਂ ਪੰਜਾਬੀ ਸੂਬਾ ਸ਼ਬਦ ਵੀ ਇਸ ਕਰ ਕੇ ਵਰਤੇ ਕਿ ਵੱਖਰੇ ਸੂਬੇ ਦੀ ਉਨ੍ਹਾਂ ਦੀ ਮੰਗ ਨੂੰ ਫ਼ਿਰਕੂ ਨਾ ਸਮਝ ਲਿਆ ਜਾਵੇ।

-ਇਹ ਤੱਥ ਵੀ ਸਾਹਮਣੇ ਆਇਆ ਹੈ ਕਿ 1948 ਵਿਚ ਜਦੋਂ ਕੇਂਦਰ ਸਰਕਾਰ ਨੇ ਭਾਸ਼ਾਈ ਜਾਂ ਵਸੋਂਮੁਖੀ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਵਾਸਤੇ ਕਮਿਸ਼ਨ ਕਾਇਮ ਕੀਤਾ ਤਾਂ ਇਸ ਦੇ ਘੇਰੇ ਵਿਚੋਂ ਉੱਤਰੀ ਰਾਜਾਂ ਨੂੰ ਬਾਹਰ ਰੱਖੇ ਜਾਣ ਦਾ ਅਕਾਲੀ ਦਲ ਨੇ ਵਿਰੋਧ ਕੀਤਾ। ਇਸੇ ਵਿਰੋਧ ਦੇ ਸਬੰਧ ਵਿਚ ਇੱਕ ਵਫ਼ਦ ਤਤਕਾਲੀ ਕੇਂਦਰੀ ਕਾਨੂੰਨ ਤੇ ਨਿਆਂ ਮੰਤਰੀ ਡਾ. ਬੀ.ਆਰ. ਅੰਬੇਦਕਰ ਨੂੰ ਮਿਲਿਆ। ਉਨ੍ਹਾਂ ਨੇ ਇਸ ਵਫ਼ਦ ਨੂੰ ਮਸ਼ਵਰਾ ਦਿੱਤਾ ਕਿ ਜੇਕਰ ਉਹ ਸਿੱਖ ਸੂਬੇ ਦੀ ਥਾਂ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਸੂਬੇ ਦੀ ਮੰਗ ਕਰਨ ਤਾਂ ਉਨ੍ਹਾਂ ਦੀ ਮੰਗ, ਪੁਨਰਗਠਨ ਕਮਿਸ਼ਨ ਦੇ ਦਾਇਰੇ ਵਿਚ ਆ ਸਕਦੀ ਹੈ।

-ਇਸੇ ਦੌਰਾਨ 5 ਮਈ 1948 ਨੂੰ ਪੈਪਸੂ ਸੂਬੇ ਦੇ ਗਠਨ ਨਾਲ ਰੋਲ-ਘਚੋਲਾ ਵਧ ਗਿਆ। 'ਪੈਪਸੂ' ਵਿਚ ਛੇ ਸਿੱਖ ਰਿਆਸਤਾਂ- ਪਟਿਆਲਾ, ਨਾਭਾ, ਜੀਂਦ, ਕੈਥਲ, ਫਰੀਦਕੋਟ ਤੇ ਕਪੂਰਥਲਾ ਸ਼ਾਮਿਲ ਸਨ। ਭਾਵੇਂ ਇਸ ਦੇ ਰਾਜ ਪ੍ਰਮੁੱਖ (ਗਵਰਨਰ) ਮਹਾਰਾਜਾ ਯਾਦਵਿੰਦਰ ਸਿੰਘ (ਪਟਿਆਲਾ) ਤੇ ਨਾਇਬ ਰਾਜ ਪ੍ਰਮੁੱਖ ਮਹਾਰਾਜਾ ਜਗਤਜੀਤ ਸਿੰਘ (ਕਪੂਰਥਲਾ) ਸਨ, ਫਿਰ ਵੀ ਮੰਤਰੀ ਮੰਡਲ ਵਿਚ ਮੰਤਰੀਆਂ ਦੀ ਧਰਮ ਮੁਤਾਬਿਕ ਸ਼ਮੂਲੀਅਤ ਨੂੰ ਲੈ ਕੇ ਵੈਰ-ਵਿਰੋਧ ਚਲਦਾ ਰਿਹਾ। ਪੈਪਸੂ ਵਿਚ ਜਦੋਂ ਪਹਿਲੀ ਵਾਰ ਅਸੈਂਬਲੀ ਚੋਣਾਂ ਕਰਵਾਈਆਂ ਗਈਆਂ ਤਾਂ ਦੇਸ਼ ਦੀ ਪਹਿਲੀ ਗ਼ੈਰ-ਕਾਂਗਰਸੀ ਸਰਕਾਰ ਹੋਂਦ ਵਿਚ ਆਈ। ਸਰਕਾਰ ਬਣਾਉਣ ਵਾਲੇ ਯੂਨਾਈਟਡ ਫਰੰਟ ਵਿਚ ਅਕਾਲੀ ਦਲ ਦੀ ਪ੍ਰਮੁੱਖਤਾ ਸੀ। ਇਹ ਹਕੀਕਤ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਹਜ਼ਮ ਨਹੀਂ ਹੋਈ। ਸਰਕਾਰ ਤੇ ਅਸੈਂਬਲੀ ਭੰਗ ਕਰ ਕੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ।

-ਇਨ੍ਹਾਂ ਦਿਨਾਂ ਦੌਰਾਨ ਹੀ ਆਰੀਆ ਸਮਾਜ, ਹਿੰਦੂ ਮਹਾਂ ਸਭਾ ਤੇ ਜਨਸੰਘ ਨੇ ਪੰਜਾਬੀ ਜਾਂ ਸਿੱਖ ਸੂਬੇ ਦੇ ਸੰਕਲਪ ਖ਼ਿਲਾਫ਼ ਵਿਰੋਧ ਦਾ ਤੂਫ਼ਾਨ ਖੜ੍ਹਾ ਦਿੱਤਾ। ਪੰਜਾਬ ਕਾਂਗਰਸ ਵੀ ਸਿੱਧੇ ਤੇ ਅਸਿੱਧੇ ਤੌਰ 'ਤੇ ਇਸ ਮੁਹਿੰਮ ਵਿਚ ਸ਼ਾਮਿਲ ਸੀ। ਮਾਸਟਰ ਜੀ ਨੂੰ ਵੱਖਵਾਦੀ ਤੇ ਫ਼ਿਰਕੂ ਨੇਤਾ ਦਾ ਦਰਜਾ ਦੇ ਕੇ 20 ਫਰਵਰੀ 1949 ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਉਹ ਕਈ ਮਹੀਨੇ ਬੰਦੀਖ਼ਾਨੇ ਵਿਚ ਰਹੇ।

-ਇਸ ਸਾਰੇ ਕੁਸੈਲੇਪਣ ਦਾ ਨਤੀਜਾ ਇਹ ਰਿਹਾ ਕਿ ਨਵੰਬਰ 1949 ਵਿਚ ਸੰਵਿਧਾਨ ਸਭਾ ਦੇ ਛੇ ਸਿੱਖ ਮੈਂਬਰਾਂ ਨੇ ਨਵੇਂ ਭਾਰਤੀ ਸੰਵਿਧਾਨ ਦੇ ਖਰੜੇ ਉੱਪਰ ਸਹੀ ਪਾਉਣ ਤੋਂ ਇਸ ਆਧਾਰ 'ਤੇ ਨਾਂਹ ਕਰ ਦਿੱਤੀ ਕਿ ਇਸ ਸੰਵਿਧਾਨ ਰਾਹੀਂ ਸੂਬਿਆਂ ਨੂੰ ਜਿਹੜੀ ਸੀਮਤ ਖ਼ੁਦਮੁਖ਼ਤਿਆਰੀ ਪ੍ਰਦਾਨ ਕੀਤੀ ਗਈ ਹੈ, ਉਹ ਕਾਂਗਰਸੀ ਰਾਜਨੇਤਾਵਾਂ ਵੱਲੋਂ ਪਹਿਲਾਂ ਦਿੱਤੇ ਗਏ ਭਰੋਸਿਆਂ ਉੱਪਰ ਖ਼ਰੀ ਨਹੀਂ ਉਤਰਦੀ। ਇਨ੍ਹਾਂ ਮੈਂਬਰਾਂ ਨੇ ਇਹ ਵੀ ਕਿਹਾ ਕਿ ਭਾਸ਼ਾਈ ਕਮਿਸ਼ਨ ਨੂੰ ਉੱਤਰੀ ਭਾਰਤ 'ਤੇ ਲਾਗੂ ਨਾ ਕਰਨਾ ਪੰਜਾਬੀ ਸੂਬੇ ਦੀ ਮੰਗ ਨੂੰ ਸਿੱਧੇ ਤੌਰ 'ਤੇ ਰੱਦ ਕਰਨ ਵਾਂਗ ਹੈ। ਅਜਿਹੀ ਅਣਦੇਖੀ ਤੇ ਨਮੋਸ਼ੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

-ਪੂਰਬੀ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਗੋਪੀ ਚੰਦ ਭਾਰਗਵ ਤੋਂ ਬਾਅਦ ਭੀਮ ਸੈਨ ਸੱਚਰ ਦੂਜੇ ਮੁੱਖ ਮੰਤਰੀ ਬਣੇ। ਉਹ ਤੁਅੱਸਬੀ ਨਹੀਂ ਸਨ। ਉਨ੍ਹਾਂ ਨੇ ਰੇੜਕਾ ਘਟਾਉਣ ਲਈ ਇਕ ਫਾਰਮੂਲਾ ਪੇਸ਼ ਕੀਤਾ, ਜੋ ਸੱਚਰ ਫਾਰਮੂਲੇ ਵਜੋਂ ਜਾਣਿਆ ਜਾਂਦਾ ਹੈ। ਇਸ ਮੁਤਾਬਿਕ ਪੂਰਬੀ ਪੰਜਾਬ ਦੇ ਪੰਜਾਬੀ ਜ਼ੋਨ ਵਿਚ ਮੈਟ੍ਰਿਕ ਤੱਕ ਪੰਜਾਬੀ ਮੀਡੀਅਮ ਅਤੇ ਹਿੰਦੀ ਜ਼ੋਨ ਵਿਚ ਹਿੰਦੀ ਮੀਡੀਅਮ ਲਾਗੂ ਕਰਨਾ ਸ਼ਾਮਿਲ ਸੀ। ਆਰੀਆ ਸਮਾਜ ਤੇ ਕੱਟੜਪੰਥੀ ਹਿੰਦੂ ਸੰਗਠਨਾਂ ਨੇ ਇਸ ਫਾਰਮੂਲੇ ਦਾ ਡਟਵਾਂ ਵਿਰੋਧ ਕੀਤਾ। ਉਹ ਪੰਜਾਬੀ ਨੂੰ ਹਿੰਦੀ ਦੀ ਉਪ-ਭਾਸ਼ਾ ਤੋਂ ਵੱਧ ਵੁੱਕਤ ਦੇਣ ਲਈ ਤਿਆਰ ਹੀ ਨਹੀਂ ਸਨ। ਇਸੇ ਪ੍ਰਸੰਗ ਵਿਚ 'ਹਿੰਦੀ, ਹਿੰਦੂ, ਹਿੰਦੋਸਤਾਨ' ਦਾ ਨਾਅਰਾ ਪੰਜਾਬ ਦੇ ਵੱਡੇ ਸ਼ਹਿਰੀ ਕੇਂਦਰਾਂ ਵਿਚ ਜਲਸੇ-ਜਲੂਸਾਂ ਦਾ ਮੁੱਖ ਅੰਗ ਬਣ ਗਿਆ।

-ਇਸੇ ਰਣਨੀਤੀ ਦੇ ਤਹਿਤ ਪਹਿਲਾਂ 1951 ਤੇ ਫਿਰ 1961 ਦੀ ਮਰਦਮਸ਼ੁਮਾਰੀ ਦੌਰਾਨ ਪੰਜਾਬੀ ਹਿੰਦੂਆਂ ਨੂੰ ਆਪਣੀ ਮਾਤ-ਭਾਸ਼ਾ ਹਿੰਦੀ ਲਿਖਵਾਉਣ ਦੀ ਮੁਹਿੰਮ ਵਿਆਪਕ ਤੌਰ 'ਤੇ ਜਥੇਬੰਦ ਕੀਤੀ ਗਈ। ਕਾਂਗਰਸ ਵੀ ਇਸ ਮੁਹਿੰਮ ਵਿਚ ਭਾਈਵਾਲ ਬਣੀ ਰਹੀ।

-1953 ਵਿਚ ਨਵਾਂ ਸੂਬਾਈ ਪੁਨਰਗਠਨ ਕਮਿਸ਼ਨ ਕਾਇਮ ਕੀਤਾ ਗਿਆ। ਇਸ ਨੇ ਫਰਵਰੀ 1954 ਵਿਚ ਆਪਣਾ ਕੰਮ ਸ਼ੁਰੂ ਕੀਤਾ। ਅਕਾਲੀ ਦਲ ਨੇ ਮੰਗ ਕੀਤੀ ਕਿ ਹਿਮਾਚਲੀ ਪਹਾੜੀਆਂ ਨੂੰ ਛੱਡ ਕੇ ਪੰਜਾਬ ਤੇ ਪੈਪਸੂ ਦਾ ਰਲੇਵਾਂ ਕੀਤਾ ਜਾਵੇ ਅਤੇ 35 ਹਜ਼ਾਰ ਵਰਗ ਮੀਲ ਰਕਬੇ ਨੂੰ ਪੰਜਾਬ ਦਾ ਦਰਜਾ ਦਿੱਤਾ ਜਾਵੇ। ਦੂਜੇ ਪਾਸੇ ਕਾਂਗਰਸ ਨੇ ਮੰਗ ਕੀਤੀ ਕਿ ਰਲੇਵੇਂ ਵਿਚ ਹਿਮਾਚਲ ਵੀ ਸ਼ਾਮਿਲ ਕੀਤਾ ਜਾਵੇ ਤਾਂ ਜੋ ਪੰਜਾਬ ਦਾ ਹਿੰਦੂ ਬਹੁਮਤ ਵਾਲਾ ਕਿਰਦਾਰ ਬਰਕਰਾਰ ਰਹੇ। ਭਾਸ਼ਾਈ ਕਮਿਸ਼ਨ ਨੇ

# ਕੀ ਸੰਸਾਰ 2025 'ਚ ਆਰਥਿਕ ਨਿਘਾਰ ਵਿੱਚੋਂ ਉੱਭਰ ਸਕੇਗਾ?

ਲੇਖਕ : ਦਰਬਾਰਾ ਸਿੰਘ ਕਾਹਲੋਂ
ਸੰਪਰਕ: +1-289-829-2929




ਆਰਥਿਕ ਤੌਰ 'ਤੇ ਕੋਵਿਡ-19 ਮਹਾਮਾਰੀ ਦਾ ਭੰਨਿਆ ਵਿਸ਼ਵ ਅਜੇ ਤੱਕ ਨਿਘਾਰ ਦੀ ਜਿੱਲ੍ਹਣ ਵਿੱਚੋਂ ਉੱਭਰ ਨਹੀਂ ਸਕਿਆ ਹੈ। ਵਿਸ਼ਵ ਦੇ ਕੁਝ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਨੇ ਇਸ ਆਰਥਿਕ ਨਿਘਾਰ ਨੂੰ 2007-08 ਵਾਲੀ ਆਰਥਿਕ ਮੰਦੀ ਜਿਹੀ ਆਫ਼ਤ ਬਣਨ ਤੋਂ ਰੋਕਣ ਲਈ ਹਰ ਖੇਤਰ ਨੂੰ ਜੀਵਤ ਰੱਖਣ, ਲੋਕਾਂ ਦੇ ਕਾਰੋਬਾਰ, ਵਪਾਰ, ਸਨਅਤ ਨੂੰ ਠੁੰਮ੍ਹਣਾ ਦੇਣ ਲਈ ਖੂਬ ਧਨ ਵਹਾਇਆ ਪਰ ਹਕੀਕਤ ਵਿੱਚ ਪਿਛਲੇ ਅੱਧੇ ਦਹਾਕੇ ਵਿਚ ਵਿਸ਼ਵ ਦੇ ਵੱਖ-ਵੱਖ ਵਰਗਾਂ ਵਿੱਚ ਸਿਮਟੇ ਦੇਸ਼ ਜਿਵੇਂ ਵਿਕਸਤ, ਵਿਕਾਸਸ਼ੀਲ, ਪੱਛੜੇ ਆਦਿ ਆਰਥਿਕ ਮੰਦਹਾਲੀ ਦੇ ਦੌਰ ਵਿੱਚ ਬਾਹਰ ਨਹੀਂ ਨਿਕਲ ਸਕੇ।

ਹਕੀਕਤ ਇਹ ਵੀ ਹੈ ਕਿ ਸਾਲ 2025 ਵਿੱਚ ਵੀ ਇਨ੍ਹਾਂ ਦੇ ਆਰਥਿਕ ਨਿਘਾਰ ਦੀ ਜਿੱਲ੍ਹਣ ਵਿਚੋਂ ਉੱਭਰਨ ਦੇ ਆਸਾਰ ਨਜ਼ਰ ਨਹੀਂ ਆ ਰਹੇ। ਭੁੱਖਮਰੀ, ਬੇਰੁਜ਼ਗਾਰੀ, ਉਤਪਾਦਨ ਵਿਚ ਵਾਧਾ ਨਾ ਹੋ ਸਕਣਾ, ਵਿਸ਼ਵ ਦੇ ਵੱਖ-ਵੱਖ ਖਿੱਤਿਆਂ ਵਿੱਚ ਅੰਦਰੂਨੀ ਤੇ ਬਾਹਰੀ ਜੰਗਾਂ ਜਿਵੇਂ ਅਫਗਾਨਿਸਤਾਨ, ਕਾਂਗੋ, ਸੂਡਾਨ, ਇਥੋਪੀਆ, ਬੁਰਕੀਨਾ ਫਾਸੋ, ਚਾਡ, ਸੋਮਾਲੀਆ, ਯਮਨ, ਕੈਮਰੂਨ, ਮਿਆਂਮਾਰ ਆਦਿ ਵਿੱਚ ਗ੍ਰਹਿ ਯੁੱਧ, ਫ਼ਲਸਤੀਨ ਤੇ ਇਜ਼ਰਾਈਲ, ਯੂਕਰੇਨ ਤੇ ਰੂਸ ਦਰਮਿਆਨ ਭਿਅੰਕਰ ਯੁੱਧ, ਅਮਰੀਕਾ ਤੇ ਚੀਨ ਤੋਂ ਇਲਾਵਾ ਹੋਰ ਅਨੇਕ ਦੇਸ਼ਾਂ ਵਿਚਕਾਰ ਵਪਾਰਕ ਯੁੱਧ, ਤਕਨੀਕੀ ਅਤੇ ਸਾਇੰਸੀ ਖੋਜ ਗਤੀ ਵਿਚ ਖੜੋਤ, ਵਿਸ਼ਵ ਭਰ ਵਿਚ ਲਗਾਤਾਰ ਉੱਭਰ ਰਿਹਾ ਕਿਸਾਨੀ ਸੰਕਟ ਆਦਿ ਐਸੇ ਕਾਰਨ ਹਨ ਜੋ ਆਰਥਿਕ ਬਹਾਲੀ ਅੱਗੇ ਦੀਵਾਰ ਬਣ ਕੇ ਖੜ੍ਹੇ ਹਨ।

ਵਿਸ਼ਵ 'ਚ ਕੋਵਿਡ-19 ਮਹਾਮਾਰੀ ਦੀ ਮਾਰ ਨੇ ਮਾਨਵ ਦੀਆਂ ਅਗਲੀਆਂ ਪੀੜ੍ਹੀਆਂ ਦੇ ਮਾਨਸਿਕ, ਸਰੀਰਕ ਅਤੇ ਬੌਧਿਕ ਵਿਕਾਸ 'ਤੇ ਵੱਡਾ ਮਾਰੂ ਅਸਰ ਪਾਇਆ ਹੈ। ਫਲਸਰੂਪ, ਪੂਰੇ ਵਿਸ਼ਵ ਵਿੱਚ ਵਿਦਿਆਰਥੀਆਂ ਅੰਦਰ ਮਾਨਸਿਕ, ਬੌਧਿਕ ਅਤੇ ਸਰੀਰਕ ਅਪੰਗਤਾ ਨੋਟ ਕੀਤੀ ਗਈ ਹੈ ਜਿਸ ਕਰ ਕੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲਿਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ। ਗਲੋਬਲ ਪੱਧਰ 'ਤੇ ਆਰਥਿਕ ਅਤੇ ਵਪਾਰਕ ਸਪਲਾਈ ਲਾਈਨ ਡਾਵਾਂਡੋਲ ਹੋ ਕੇ ਰਹਿ ਗਈ ਹੈ। ਹਰ ਦੇਸ਼ ਵਿੱਚ ਮਹਿੰਗਾਈ ਅਤੇ ਭੁੱਖਮਰੀ ਸਿਰ ਚੜ੍ਹ ਕੇ ਬੋਲਣ ਲੱਗੀ ਹੈ, ਬੇਘਰਿਆਂ ਦੀ ਤਦਾਦ ਵਧਣ ਲੱਗੀ ਹੈ, ਜਲਵਾਯੂ ਤਬਦੀਲੀ ਕਰ ਕੇ ਮੌਸਮ ਵਿੱਚ ਉਤਰਾਅ-ਚੜ੍ਹਾਅ ਤਕਲੀਫਦੇਹ ਸਿੱਧ ਹੋਣ ਲੱਗੇ ਹਨ।

2024 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਹੈ। ਗਰਮੀ ਕਰ ਕੇ ਚੀਨ, ਯੂਰੋਪ ਅਤੇ ਹੋਰ ਥਾਵਾਂ 'ਤੇ ਹੜ੍ਹ, ਯੂਰੋਪ ਤੋਂ ਅਫਰੀਕਾ, ਦੱਖਣੀ ਅਮਰੀਕਾ ਵਿੱਚ ਸੋਕੇ ਪਏ, ਅਮਰੀਕਾ-ਚੀਨ ਵਿੱਚ ਮੁਕਾਬਲੇਬਾਜ਼ੀ ਵਧੀ, ਆਰਥਿਕ ਤੇ ਵਪਾਰਕ ਸਪਲਾਈ ਚੇਨ ਵਿੱਚ ਰੋਕਾਂ ਅਤੇ ਬ੍ਰੇਕਾਂ ਦੇਖੀਆਂ ਗਈਆਂ। ਗਲੋਬਲ ਭੂ-ਆਰਥਿਕਤਾ ਵਿੱਚ ਵੱਡੀਆਂ ਦੁਸ਼ਵਾਰੀਆਂ ਪੈਦਾ ਹੋਈਆਂ। ਵਪਾਰਕ ਰੋਕਾਂ ਵਿੱਚ ਤਿੱਗਣਾ ਵਾਧਾ ਹੋਇਆ। 2024 ਵਿੱਚ ਲਗਭਗ ਹਰ ਦੇਸ਼ 'ਚ ਕਰਜ਼ਿਆਂ ਵਿੱਚ ਵਾਧਾ ਦੇਖਣ ਨੂੰ ਮਿਲਿਆ।

ਸਾਲ 2024 ਗਲੋਬਲ ਪੱਧਰ 'ਤੇ 'ਵੋਟਰ ਸਾਲ' ਵਜੋਂ ਸਥਾਪਿਤ ਹੋਇਆ। ਕਰੀਬ 70 ਦੇਸ਼ਾਂ ਵਿੱਚ ਚੋਣਾਂ ਹੋਈਆਂ। ਵਿਸ਼ਵ ਦੀ ਅੱਧੀ ਵਸੋਂ ਨੇ ਇਨ੍ਹਾਂ ਵਿੱਚ ਭਾਗ ਲਿਆ। ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਅਸੁਰੱਖਿਆ, ਜੀਵਨ ਮਿਆਰ ਨੂੰ ਲਗਾਤਾਰ ਖੋਰਾ ਲੱਗਣ, ਸੱਤਾ ਖ਼ਾਤਰ ਮੁਫ਼ਤਖੋਰੀਆਂ ਦਾ ਸਹਾਰਾ ਲੈਣ, ਆਮ ਆਦਮੀ ਦੀ ਖਰੀਦ ਸ਼ਕਤੀ ਘਟਣ, ਧੁੰਦਲੇ ਆਰਥਿਕ ਭਵਿੱਖ ਦੀ ਦਸਤਕ ਆਦਿ ਕਰ ਕੇ ਵੋਟਰਾਂ ਨੇ ਭਾਰਤ ਤੋਂ ਦੱਖਣੀ ਅਫਰੀਕਾ, ਯੂਰੋਪ ਤੋਂ ਅਮਰੀਕਾ ਤੱਕ ਸੱਤਾਧਾਰੀ ਆਗੂਆਂ ਨੂੰ ਕਾਂਬੇ ਭਰਿਆ ਰਾਜਨੀਤਕ ਹਲੂਣਾ ਦਿੰਦੇ ਹਰਾਇਆ। ਅਮਰੀਕਾ ਵਿੱਚ ਡੋਨਲਡ ਟਰੰਪ ਵਰਗਾ ਗੁਨਾਹਗਾਰ ਜਿੱਤ ਗਿਆ। ਟਰੰਪ ਦੀ ਅਮਰੀਕੀ ਰਾਸ਼ਟਰਪਤੀ ਵਜੋਂ ਮੁੜ ਵਾਪਸੀ ਵਾਕਿਆ ਹੀ ਵਿਲੱਖਣ ਰਾਜਨੀਤਕ ਘਟਨਾ ਹੈ।

ਸਭ ਤੋਂ ਚਿੰਤਾਜਨਕ ਸਥਿਤੀ ਇਹ ਰਹੀ ਹੈ ਕਿ ਕਈ ਦੇਸ਼ਾਂ ਵਿੱਚ ਰਾਜਨੀਤਕ ਖੜੋਤ ਦੇਖਣ ਨੂੰ ਮਿਲੇ ਹਨ। ਰੈਡੀਕਲ ਅਤੇ ਧੁਰ ਸੱਜੇ ਪੱਖੀ ਪਾਰਟੀਆਂ ਤੇ ਗਰੁੱਪ ਕੌਮੀ ਪੱਧਰ 'ਤੇ ਭਾਰੂ ਹੁੰਦੇ ਦੇਖੇ ਜਾ ਰਹੇ ਹਨ। ਜਰਮਨੀ ਅਤੇ ਫਰਾਂਸ ਅੰਦਰ ਇਨ੍ਹਾਂ ਕਰ ਕੇ ਫੈਦਾ ਹੋਈ ਖੜੋਤ ਪੂਰੇ ਯੂਰੋਪ ਨੂੰ ਪ੍ਰਭਾਵਤ ਕਰ ਰਹੀ ਹੈ। ਬੰਗਲਾਦੇਸ਼ ਅੰਦਰ ਅਵਾਮੀ ਲੀਗ ਆਗੂ ਸ਼ੇਖ ਹਸੀਨਾ ਦਾ ਸ਼ਾਸਨ ਮੂਲਵਾਦੀ ਸ਼ਕਤੀਆਂ ਵੱਲੋਂ ਪਲਟਣ ਕਰ ਕੇ ਭਾਰਤੀ ਉਪ ਮਹਾਂਦੀਪ ਅੰਦਰ ਟਕਰਾਓ ਭਰੀਆਂ ਸਥਿਤੀਆਂ ਉੱਭਰ ਰਹੀਆਂ ਹਨ। ਵਿਸ਼ਵ ਬੈਂਕ ਅਨੁਸਾਰ ਗਰੀਬ ਅਤੇ ਪੱਛੜੇ ਦੇਸ਼ ਪਿਛਲੇ ਦੋ ਦਹਾਕਿਆਂ ਤੋਂ ਬਹੁਤ ਭੈੜੀ ਆਰਥਿਕ ਦੁਰਦਸ਼ਾ ਵਿਚੋਂ ਗੁਜ਼ਰ ਰਹੇ ਹਨ। ਕਮਜ਼ੋਰ ਵਪਾਰ, ਆਰਥਿਕ ਪਾਬੰਦੀਆਂ, ਫੰਡਾਂ ਅਤੇ ਮੁੱਢਲੇ ਢਾਂਚੇ ਦੀ ਘਾਟ ਉਨ੍ਹਾਂ ਨੂੰ ਹੋਰ ਬੁਰੀ ਤਰ੍ਹਾਂ ਲਤਾੜ ਰਹੀ ਹੈ। ਯੂਰੋਪੀਅਨ ਸੈਂਟਰਲ ਬੈਂਕ ਪ੍ਰੈਜ਼ੀਡੈਂਟ ਕ੍ਰਿਸਟੀਨ ਲਗਾਰਡ ਅਨੁਸਾਰ, 2025 ਵਿੱਚ ਵੀ ਅਨਿਸਚਿਤਤਾ ਰਹਿਣੀ ਹੈ।

ਆਰਥਿਕ ਮਿਲਵਰਤਣ ਅਤੇ ਵਿਕਾਸ ਸੰਸਥਾ (ਓਈਸੀਡੀ) ਅਤੇ ਗੋਲਡਮੈਨ ਸਾਚਸ ਖੋਜ ਸੰਸਥਾ ਦੀਆਂ ਤਾਜ਼ੀਆਂ ਰਿਪੋਰਟਾਂ ਸਾਲ 2025 ਵਿੱਚ ਗਲੋਬਲ ਆਰਥਿਕ ਸਥਿਤੀਆਂ ਦੇ ਕੁਝ ਸੰਭਾਲਣ ਦਾ ਸੰਕੇਤ ਦੇ ਰਹੀਆਂ ਹਨ। ਓਈਸੀਡੀ ਦੀ ਤਾਜ਼ਾ ਰਿਪੋਰਟ ਦਰਸਾਉਂਦੀ ਹੈ ਕਿ 2025 ਅਤੇ 2026 ਵਿੱਚ ਗਲੋਬਲ ਜੀਡੀਪੀ ਵਿਕਾਸ ਦਰ 3.3 ਪ੍ਰਤੀਸ਼ਤ ਰਹੇਗੀ। 2024 ਵਿੱਚ ਇਹ 3.2 ਪ੍ਰਤੀਸ਼ਤ ਸੀ।

2025 ਅਤੇ 2026 ਵਿਚ ਜੀ-20 ਦੇਸ਼ਾਂ ਵਿੱਚ ਸਭ ਤੋਂ ਉੱਚੀ ਵਿਕਾਸ ਦਰ ਭਾਰਤ ਦੀ 6.8 ਤੋਂ 6.9 ਪ੍ਰਤੀਸ਼ਤ ਰਹੇਗੀ। ਇੰਡੋਨੇਸ਼ੀਆ ਦੀ 5.1, ਚੀਨ ਦੀ 4.9, ਰੂਸ ਦੀ 3.9, ਤੁਰਕੀ ਦੀ 3.5, ਬ੍ਰਾਜ਼ੀਲ ਦੀ 3.2, ਸਪੇਨ ਦੀ 3, ਅਮਰੀਕਾ ਦੀ 2.8, ਦੱਖਣੀ ਕੋਰੀਆ ਦੀ 2.3, ਮੈਕਸਿਕੋ 1.4, ਕੈਨੇਡਾ 1.1, ਆਸਟਰੇਲੀਆ ਦੀ 1 ਪ੍ਰਤੀਸ਼ਤ, ਜਪਾਨ ਦੀ 0.3, ਜਰਮਨੀ ਦੀ ਜ਼ੀਰੋ ਅਤੇ ਯੂਕੇ ਦੀ 0.9 ਪ੍ਰਤੀਸ਼ਤ ਰਹੇਗੀ। ਲੇਬਰ ਮਾਰਕੀਟ ਵਿਚ ਸੁਧਾਰ ਦੇਖਣ ਨੂੰ ਮਿਲੇਗਾ। ਇਤਿਹਾਸਕ ਸਟੈਂਡਰਡ ਤੋਂ ਬੇਰੁਜ਼ਗਾਰੀ ਘੱਟ ਰਹੇਗੀ, ਮਹਿੰਗਾਈ ਵਿਚ ਸਾਹ ਸੌਖਾ ਹੋਣ ਨੂੰ ਮਿਲੇਗਾ ਜਿਸ ਨਾਲ ਘਰੇਲੂ ਆਮਦਨ ਵਧੇਗੀ ਲੇਕਿਨ ਖਪਤ ਵਿਚ ਨਿਘਾਰ ਰਹਿ ਸਕਦਾ ਹੈ ਜਿਸ ਕਰ ਕੇ ਖਪਤਕਾਰ ਵਿਚ ਉਤਸ਼ਾਹ ਦੇਖਣ ਨੂੰ ਨਹੀਂ ਮਿਲੇਗਾ। ਫਿਰ ਵੀ ਗਲੋਬਲ ਵਪਾਰ ਵਿੱਚ ਸੁਧਾਰ ਦੇਖਣ ਨੂੰ ਮਿਲੇਗਾ ਜੋ 3.6 ਪ੍ਰਤੀਸ਼ਤ ਦਰ ਤੱਕ ਵਧੇਗਾ।

ਅਮਰੀਕੀ ਜੀਡੀਪੀ ਜੋ 2025 ਵਿੱਚ 2.8 ਰਹੇਗੀ, 2026 ਵਿੱਚ ਘਟ ਕੇ 2.4 ਪ੍ਰਤੀਸ਼ਤ ਹੋ ਸਕਦੀ ਹੈ। ਯੂਰੋਪ ਵਿੱਚ ਘਰੇਲੂ ਆਮਦਨ ਅਤੇ ਲੇਬਰ ਖੇਤਰ ਵਿੱਚ ਕਸਾਅ ਰਹੇਗਾ। ਨੀਤੀਗਤ ਵਿਆਜ ਦਰ ਵਿਚ ਕਟੌਤੀ ਦੇਖਣ ਨੂੰ ਮਿਲ ਸਕਦੀ ਹੈ। ਯੂਰੋ ਖੇਤਰ ਦੀ ਜੀਡੀਪੀ 2025 ਵਿੱਚ 1.3 ਅਤੇ 2026 ਵਿਚ 1.5 ਪ੍ਰਤੀਸ਼ਤ ਰਹੇਗੀ। ਚੀਨ ਦੀ 2025 ਵਿੱਚ 4.9 ਮੁਕਾਬਲੇ 2026 ਵਿੱਚ 4.4 ਪ੍ਰਤੀਸ਼ਤ ਰਹੇਗੀ। ਓਈਸੀਡੀ ਸਕੱਤਰ ਜਨਰਲ ਮਾਥੀਅਜ਼ ਕੋਰਮਨ ਅਨੁਸਾਰ, ਗਲੋਬਲ ਆਰਥਿਕਤਾ 2025 ਵਿਚ ਲਚਕਦਾਰ ਰਹੇਗੀ। ਵਿਕਾਸ ਸਥਿਰ ਰਹੇਗਾ। ਮਹੱਤਵਪੂਰਨ ਚੁਣੌਤੀਆਂ ਰਹਿਣਗੀਆਂ। ਭੂ-ਰਾਜਨੀਤਕ ਟਕਰਾਅ ਜਾਰੀ ਰਹਿਣਗੇ, ਜਨਤਕ ਕਰਜ਼ ਔਸਤ ਉੱਚੀ ਰਹੇਗੀ। ਮੱਧਕਾਲੀ ਵਿਕਾਸ ਸੰਭਵ ਨਹੀਂ ਹੋਵੇਗਾ। ਮਹਿੰਗਾਈ ਦੇ ਦਬਾਅ 'ਤੇ ਲਗਾਮ ਜਾਰੀ ਰਹੇਗੀ ਪਰ ਖਰਚਿਆਂ ਦਾ ਭਾਰ ਮਹਿਸੂਸ ਹੋਵੇਗਾ।

ਗੋਲਡਮੈਨ ਸਾਚਸ ਖੋਜ ਅਨੁਸਾਰ, 2025 ਆਰਥਿਕ ਵਿਕਾਸ ਵਾਲਾ ਸਾਲ ਸਿੱਧ ਹੋਵੇਗਾ। ਅਮਰੀਕਾ ਵਿਕਾਸ ਕਰੇਗਾ ਪਰ ਇਸ ਵੱਲੋਂ ਦਰਾਮਦ 'ਤੇ ਟੈਰਿਫ ਵਧਾਉਣ ਕਰ ਕੇ ਯੂਰੋਪੀਅਨ ਯੂਨੀਅਨ ਪ੍ਰਭਾਵਤ ਹੋਵੇਗੀ। ਮਿੱਥੀ ਗਈ ਅਮਰੀਕੀ ਵਿਕਾਸ ਦਰ 1.9 ਤੋਂ ਵਾਧਾ ਦਰਜ ਕਰ ਕੇ 2.5 ਪ੍ਰਤੀਸ਼ਤ ਹੋ ਸਕਦੀ ਹੈ। ਯੂਰੋਪ ਦੀ ਮਿੱਥੀ ਹੋਈ ਵਿਕਾਸ ਦਰ 1.2 ਤੋਂ ਘਟ ਕੇ 0.8 ਪ੍ਰਤੀਸ਼ਤ ਰਹਿ ਸਕਦੀ ਹੈ। ਗੋਲਡਮੈਨ ਸਾਚਸ ਦੇ ਮੁੱਖ ਅਰਥ ਸ਼ਾਸਤਰੀ ਜਨ ਹੈਤਜ਼ਇਸ ਅਨੁਸਾਰ, ਗਲੋਬਲ ਬਾਜ਼ਾਰ ਮੁੜ ਤੋਂ ਸੰਤੁਲਿਤ ਕੀਤਾ ਗਿਆ ਹੈ। ਮਹਿੰਗਾਈ ਘਟੇਗੀ ਅਤੇ ਕੇਂਦਰੀ ਬੈਂਕ ਦੇ ਟੀਚੇ ਦੇ ਕੰਟਰੋਲ ਵਿਚ ਰਹੇਗੀ। ਬਹੁਤੇ ਕੇਂਦਰੀ ਬੈਂਕ ਵਿਆਜ ਦਰਾਂ ਵਿੱਚ ਕਟੌਤੀ ਕਰ ਸਕਣਗੇ।

ਅਮਰੀਕਾ ਵੱਲੋਂ ਦੂਸਰੀ ਵੱਡੀ ਆਰਥਿਕਤਾ ਚੀਨ ਦੇ ਦਰਾਮਦ 'ਤੇ 60 ਪ੍ਰਤੀਸ਼ਤ ਟੈਰਿਫ ਠੋਕਣ ਨਾਲ ਉਸ ਦੀ ਵਿਕਾਸ ਦਰ 0.7 ਪ੍ਰਤੀਸ਼ਤ ਘਟ ਸਕਦੀ ਹੈ। ਗੋਲਡਮੈਨ ਸਾਚਸ ਇਹ ਘਾਟਾ 0.2 ਪ੍ਰਤੀਸ਼ਤ ਨਿਸਚਤ ਕਰਦਾ ਹੈ।

ਇਹ ਗਲੋਬਲ ਪੂੰਜੀਵਾਦੀ ਕਾਰਪੋਰੇਟ ਪ੍ਰਭਾਵਤ ਸੰਸਥਾਵਾਂ ਦੀਆਂ ਰਿਪੋਰਟਾਂ ਜੋ ਮਰਜ਼ੀ ਆਰਥਿਕ ਸ਼ੀਸ਼ਾ ਦਿਖਾਉਣ, ਡਰ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਮਨਮਾਨੀਆਂ ਅਤੇ ਇੱਲਤਾਂ ਕਰ ਕੇ ਸੰਨ 2025 ਗਲੋਬਲ ਆਰਥਿਕਤਾ 'ਤੇ ਭਾਰੂ ਪੈ ਸਕਦਾ ਹੈ। ਦਰਾਮਦ 'ਤੇ ਟੈਰਿਫ ਵਾਧਾ ਵਪਾਰਕ ਜੰਗ ਛੇੜ ਸਕਦਾ ਹੈ; ਇਉਂ ਮਹਿੰਗਾਈ ਵਧੇਗੀ, ਗਲੋਬਲ ਪੱਧਰ 'ਤੇ ਖੜੋਤ ਆਏਗੀ, ਬੇਰੁਜ਼ਗਾਰੀ ਵਧੇਗੀ।

ਯੂਕਰੇਨ, ਮੱਧ-ਪੂਰਬ ਜੰਗਾਂ, ਜਰਮਨੀ ਤੇ ਫਰਾਂਸ ਵਿੱਚ ਰਾਜਨੀਤਕ ਉੱਥਲ-ਪੁੱਥਲ, ਚੀਨ ਦੀ ਆਰਥਿਕਤਾ 'ਤੇ ਉੱਭਰ ਰਹੇ ਕਾਲੇ ਬੱਦਲ, ਜਲਵਾਯੂ ਤਬਦੀਲੀ ਵਿਸ਼ਵਵਿਆਪੀ ਆਰਥਿਕਤਾ ਅਤੇ ਵਿਕਾਸ ਲਈ ਘਾਤਕ ਸਿੱਧ ਹੋ ਸਕਦੇ ਹਨ।

ਗਲੋਬਲ ਆਰਥਿਕਤਾ ਸੰਭਾਲਣ ਲਈ ਵਿਸ਼ਵ ਦੀਆਂ 25 ਮੁੱਖ ਸੰਸਥਾਵਾਂ ਦੇ 40 ਆਰਥਿਕ ਮਾਹਿਰਾਂ ਦੇ ਗਰੁੱਪ ਦੇ ਬੈਂਕਾਂ, ਟੈਕਸ ਸਿਸਟਮ, ਗਲੋਬਲ ਵਿੱਤੀ ਸੁਰੱਖਿਆ, ਜਲਵਾਯੂ ਸੰਭਾਲ ਸਬੰਧੀ ਸੁਧਾਰਾਂ 'ਤੇ ਜੋ ਜ਼ੋਰ ਦਿੱਤਾ ਗਿਆ ਹੈ, ਉਸ 'ਤੇ ਅਮਲ ਕਰਨ ਦੀ ਲੋੜ ਹੈ। ਸਥਾਨਕ, ਕੌਮੀ ਅਤੇ ਕੌਮਾਂਤਰੀ ਵਿਦਿਅਕ ਈਕੋ ਸਿਸਟਮ ਮਜ਼ਬੂਤ ਕਰਨ ਲਈ ਗਲੋਬਲ ਸਾਂਝੇਦਾਰੀ, ਮਾਨਸਿਕ, ਬੌਧਿਕ ਅਤੇ ਸਰੀਰਕ ਤੌਰ 'ਤੇ ਅਪੰਗ ਹੋਏ ਵਿਦਿਆਰਥੀਆਂ ਵੱਲ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਵਿਸ਼ਵ ਮੁਦਰਾ ਕੋਸ਼ ਨੇ ਵਿਸ਼ਵ ਆਰਥਿਕ ਖਾਕੇ ਵਿੱਚ ਸਪਸ਼ਟ ਕਿਹਾ ਹੈ ਕਿ ਅਨਿਸ਼ਚਿਤ ਜੋਖ਼ਿਮ ਲਈ ਤਿਆਰ ਰਹੋ।

# ਜੰਗਬੰਦੀ: ਫ਼ਲਸਤੀਨੀ ਸਿਰੜ ਦਾ ਗਵਾਹ ਬਣੇਗੀ ਗਾਜ਼ਾ ਦੀ ਮੁੜ-ਉਸਾਰੀ

ਬੂਟਾ ਸਿੰਘ ਮਹਿਮੂਦਪੁਰ

ਹਮਾਸ ਅਤੇ ਇਜ਼ਰਾਈਲ ਦਰਮਿਆਨ ਜੰਗਬੰਦੀ ਸਮਝੌਤਾ ਬਿਨਾ-ਸ਼ੱਕ ਰਾਹਤ ਦੇਣ ਵਾਲਾ ਹੈ, ਪਰ ਸਮਝੌਤੇ ਨੂੰ ਲਾਗੂ ਕਰਨ ਦਾ ਅਮਲ ਤੌਖ਼ਲਿਆਂ ਤੇ ਸਵਾਲਾਂ 'ਚ ਘਿਰਿਆ ਹੋਇਆ ਹੈ। 6 ਹਫ਼ਤੇ ਦਾ ਪਹਿਲਾ ਪੜਾਅ ਹਮਾਸ ਵੱਲੋਂ ਬੰਦੀ ਬਣਾਏ 33 ਬੰਦੀਆਂ ਅਤੇ ਇਜ਼ਰਾਈਲ ਵੱਲੋਂ ਜੇਲ੍ਹਾਂ ਵਿਚ ਡੱਕੇ 1000 ਫ਼ਲਸਤੀਨੀਆਂ ਦੀ ਰਿਹਾਈ ਦਾ ਹੈ ਜਦਕਿ ਦੂਜੇ ਅਤੇ ਤੀਜੇ ਪੜਾਵਾਂ 'ਚ ਜੰਗਬੰਦੀ ਨੂੰ ਵਧਾ ਕੇ ਗਾਜ਼ਾ 'ਚੋਂ ਸਾਰੀਆਂ ਇਜ਼ਰਾਇਲੀ ਫ਼ੌਜਾਂ ਵਾਪਸ ਬੁਲਾਈਆਂ ਜਾਣੀਆਂ ਹਨ ਅਤੇ ਗਾਜ਼ਾ ਪੱਟੀ ਦੀ ਮੁੜ-ਉਸਾਰੀ ਕੀਤੀ ਜਾਣੀ ਹੈ। ਸ਼ੁਰੂਆਤ ਵਜੋਂ ਹਮਾਸ ਨੇ ਤਿੰਨ ਇਜ਼ਰਾਇਲੀ ਬੰਦੀ ਅਤੇ ਇਜ਼ਰਾਇਲੀ ਹਕੂਮਤ ਨੇ 90 ਫਲਸਤੀਨੀ ਰਿਹਾਅ ਕਰ ਦਿੱਤੇ ਹਨ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਔਰਤਾਂ ਅਤੇ ਨਾਬਾਲਗ ਬੱਚੇ ਹਨ। ਇਸ ਦੌਰਾਨ ਇਜ਼ਰਾਈਲ ਨੇ ਪੱਛਮੀ ਕੰਢੇ ਉੱਪਰ ਹਮਲੇ ਤੇਜ਼ ਕਰ ਦਿੱਤੇ ਹਨ। ਨਾਲ ਹੀ, ਇੱਥੇ ਧੱਕੇ ਨਾਲ ਵਸਾਏ ਇਜ਼ਰਾਇਲੀਆਂ ਵੱਲੋਂ ਫਲਸਤੀਨੀ ਪਿੰਡਾਂ ਉੱਪਰ ਹਮਲੇ ਕਰਨ ਦੀਆਂ ਰਿਪੋਰਟਾਂ ਵੀ ਆਈਆਂ ਹਨ, ਜੋ ਫ਼ਲਸਤੀਨੀ ਕੈਦੀਆਂ ਨੂੰ ਰਿਹਾਅ ਕੀਤੇ ਜਾਣ ਤੋਂ ਖ਼ਫ਼ਾ ਹਨ। ਇਹ ਸਮਝੌਤਾ ਨੇਤਨਯਾਹੂ ਲਈ ਥੁੱਕ ਕੇ ਚੱਟਣ ਬਰਾਬਰ ਹੈ, ਜੋ ਐਲਾਨ ਕਰਦਾ ਰਿਹਾ ਹੈ ਕਿ 'ਜੰਗ ਤੋਂ ਬਾਅਦ ਵੀ ਗਾਜ਼ਾ ਦੀ ਸਕਿਉਰਿਟੀ ਉੱਪਰ ਸਾਡਾ ਕੰਟਰੋਲ ਰਹੇਗਾ'। ਕੀ ਇਜ਼ਰਾਇਲੀ ਨਸਲਵਾਦੀ ਰਾਜ ਆਪਣੀਆਂ ਪਸਾਰਵਾਦੀ ਯੋਜਨਾਵਾਂ ਤਿਆਗ ਦੇਵੇਗਾ, ਜਾਂ ਇਹ ਸਿਰਫ਼ ਕੌਮਾਂਤਰੀ ਦਬਾਅ ਹੇਠ ਅਤੇ ਅਮਰੀਕਾ ਦੀਆਂ ਗਿਣਤੀਆਂ-ਮਿਣਤੀਆਂ ਤਹਿਤ ਪਿੱਛੇ ਹਟਣ ਲਈ ਮਜਬੂਰ ਹੋਇਆ ਹੈ? ਕੀ ਇਜ਼ਰਾਇਲੀ-ਅਮਰੀਕੀ ਗੱਠਜੋੜ ਤਿੰਨ ਪੜਾਵੀ ਸਮਝੌਤੇ ਦੇ ਮੁੱਖ ਪੱਖ ਇਜ਼ਰਾਇਲੀ ਫ਼ੌਜਾਂ ਦੀ ਵਾਪਸੀ ਨੂੰ ਗੰਭੀਰਤਾ ਨਾਲ ਲਾਗੂ ਕਰੇਗਾ? ਕੀ ਇਹ ਸਮਝੌਤਾ ਫਲਸਤੀਨੀ ਲੋਕਾਂ ਨੂੰ ਇਜ਼ਰਾਈਲਅਮਰੀਕਾ ਗੱਠਜੋੜ ਵੱਲੋਂ ਥੋਪੀ ਬੇਹੱਦ ਕਰੂਰ ਨਸਲਕੁਸ਼ੀ ਤੋਂ ਨਿਜ਼ਾਤ ਦਿਵਾ ਸਕੇਗਾ ਜਾਂ ਇਹ ਮਹਿਜ਼ ਵਕਤੀ ਰਾਹਤ ਬਣ ਕੇ ਰਹਿ ਜਾਵੇਗਾ? ਕੀ ਹੁਣ ਨੇਤਨਯਾਹੂ ਸਰਕਾਰ 'ਤੇ ਮੁਕੰਮਲ ਸਮਝੌਤੇ ਨੂੰ ਲਾਗੂ ਕਰਨ ਦੀ ਪਾਬੰਦੀ ਰਹੇਗੀ ਜਾਂ ਇਹ ਪਹਿਲਾ ਪੜਾਅ ਮੁਕੰਮਲ ਹੋਣ 'ਤੇ ਮੁੜ ਜੰਗ ਵਿੱਚ ਦੇਵੇਗੀ, ਜਿਵੇਂ ਨੇਤਨਯਾਹੂ ਵਜ਼ਾਰਤ ਦੇ ਘੋਰ ਨਸਲਵਾਦੀ ਪਹਿਲਾਂ ਹੀ ਕਹਿ ਰਹੇ ਹਨ? ਜੰਗਬੰਦੀ ਸਮਝੌਤੇ ਤੋਂ ਨਾਰਾਜ਼ ਇਕ ਇਜ਼ਰਾਇਲੀ ਮੰਤਰੀ ਦੇ ਅਸਤੀਫ਼ੇ ਅਤੇ ਦੂਜੇ ਦੀ ਧਮਕੀ ਦਰਮਿਆਨ ਨੇਤਨਯਾਹੂ ਵੱਲੋਂ ਉਨ੍ਹਾਂ ਨੂੰ ਇਹ ਯਕੀਨ ਦਿਵਾਉਣ ਦੀਆਂ ਰਿਪੋਰਟਾਂ ਵੀ ਆਈਆਂ ਹਨ ਕਿ ਜੰਗਬੰਦੀ ਵਕਤੀ ਹੈ ਅਤੇ ਛੇਤੀ ਹੀ ਜੰਗ ਮੁੜ ਸ਼ੁਰੂ ਕਰ ਦਿੱਤੀ ਜਾਵੇਗੀ। ਹਾਲੀਆ ਸਮਝੌਤੇ ਤੋਂ ਪਾਰ ਸਭ ਤੋਂ ਵੱਡਾ ਸਵਾਲ ਫਲਸਤੀਨੀ ਸਰਜ਼ਮੀਨ ਉੱਪਰ ਫ਼ਲਸਤੀਨੀ ਲੋਕਾਂ ਦੇ ਵਾਹਦ ਹੱਕ ਨੂੰ ਤਸਲੀਮ ਕਰਨ, ਇਜ਼ਰਾਇਲੀ ਧਾੜਵੀ ਕਬਜ਼ੇ ਦੇ ਖ਼ਾਤਮੇ ਅਤੇ ਫ਼ਲਸਤੀਨ ਦੀ ਮੁਕਤੀ ਦਾ ਹੈ। ਲਗਾਤਾਰ ਪੰਦਰਾਂ ਮਹੀਨੇ ਗਾਜ਼ਾ ਪੱਟੀ ਵਿਚ ਇਸ ਭਿਆਨਕ ਤਬਾਹੀ ਅਤੇ ਨਸਲਕੁਸ਼ੀ ਨੂੰ ਅੰਜਾਮ ਦੇਣ 'ਚ ਪੱਛਮੀ ਸਾਮਰਾਜੀ ਗੁੱਟ ਦੀ ਫ਼ੈਸਲਾਕੁਨ ਭੂਮਿਕਾ ਰਹੀ ਹੈ, ਜਿਨ੍ਹਾਂ ਦੇ ਮੱਧ ਪੂਰਬ ਵਿਚ ਧਾੜਵੀ ਹਿਤ ਹਨ। ਜੰਗਬੰਦੀ ਕਈ ਮਹੀਨੇ ਪਹਿਲਾਂ ਹੋ ਸਕਦੀ ਸੀ, ਪਰ ਅਮਰੀਕਾ ਦੀ ਮਿਲੀਭੁਗਤ ਨੇ ਇਜ਼ਰਾਈਲ ਨੂੰ ਵੱਧ ਤੋਂ ਵੱਧ ਤਬਾਹੀ ਕਰਨ ਦਾ ਮੌਕਾ ਦਿੱਤਾ। ਮੱਧ ਪੂਰਬ ਅੰਦਰਲੇ ਰਾਜਨੀਤਕ ਘਟਨਾਕ੍ਰਮ ਨੂੰ ਉਹ ਆਪਣੀ ਭੂਗੋਲਿਕ-ਰਾਜਨੀਤਕ ਹਿਤ ਪੂਰਤੀ ਲਈ ਬਾਖ਼ੂਬੀ ਮੈਨੇਜ ਕਰ ਰਹੇ ਹਨ ਅਤੇ ਅੜਿੱਕਾ ਬਣਨ ਵਾਲੀਆਂ ਤਾਕਤਾਂ ਤੇ ਹੁਕਮਰਾਨਾਂ ਦਾ ਵੱਧ ਤੋਂ ਵੱਧ ਸਫ਼ਾਇਆ ਕਰ ਦੇਣ ਲਈ ਯਤਨਸ਼ੀਲ ਹਨ। ਟਰੰਪ ਦੀ ਰਾਸ਼ਟਰਪਤੀ ਵਜੋਂ ਤਾਜਪੋਸ਼ੀ ਅਤੇ ਸਮਝੌਤਾ ਲਾਗੂ ਕਰਨ ਲਈ ਤੈਅ ਕੀਤੀ ਤਰੀਕ (19 ਜਨਵਰੀ) ਦਾ ਮੌਕਾ-ਮੇਲ ਇਤਫ਼ਾਕੀਆ ਨਹੀਂ ਹੈ। ਰਾਜਨੀਤਕ ਡਰਾਮੇਬਾਜ਼ ਟਰੰਪ ਨੇ ਇਸ ਮੌਕੇ ਨੂੰ ਵੀ ਬੇਸ਼ਰਮੀ ਨਾਲ ਰਾਜਨੀਤਕ ਲਾਹਾ ਲੈਣ ਲਈ ਵਰਤਿਆ ਹੈ। ਉਹ ਇਹ ਪ੍ਰਭਾਵ ਦੇਣਾ ਚਾਹੁੰਦਾ ਹੈ ਕਿ ਜੰਗਬੰਦੀ ਉਸੇ ਨੇ ਕਰਾਈ ਹੈ। ਪਿਛਲੇ 15 ਮਹੀਨਿਆਂ ਤੋਂ ਗਾਜ਼ਾ ਪੱਟੀ ਦੇ 23 ਲੱਖ ਲੋਕ ਜਿਸ ਤਰ੍ਹਾਂ ਦਿਨ-ਰਾਤ ਲਗਾਤਾਰ ਬੰਬਾਰੀ, ਕਤਲੇਆਮ, ਜੇਲ੍ਹ ਜ਼ੁਲਮਾਂ, ਬਿਨਾਂ ਇਲਾਜ ਮੌਤਾਂ, ਭੁੱਖਮਰੀ ਤੇ ਬੀਮਾਰੀਆਂ ਸਮੇਤ ਭਿਆਨਕ ਤਬਾਹੀ ਦਾ ਸਾਹਮਣਾ ਕਰ ਰਹੇ ਹਨ, ਗਾਜ਼ਾ ਤੋਂ ਬਾਹਰ ਉਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪੂਰੀ ਵਸੋਂ ਵਾਰ-ਵਾਰ ਉਜਾੜੀ ਗਈ ਹੈ। ਘੱਟੋਘੱਟ 47,000 ਲੋਕ ਮਾਰੇ ਗਏ ਹਨ ਅਤੇ 1,100,00 ਤੋਂ ਵੱਧ ਜ਼ਖ਼ਮੀ ਹਨ, ਜਦਕਿ ਅਸਲ ਗਿਣਤੀ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੈ। ਚੌਥਾ ਹਿੱਸਾ ਜ਼ਖ਼ਮੀ ਸਹਿਜ ਜ਼ਿੰਦਗੀ ਨਹੀਂ ਜੀ ਸਕਣਗੇ। ਘਰ, ਹਸਪਤਾਲ, ਸਕੂਲ, ਯੂਨੀਵਰਸਿਟੀਆਂ, ਲਾਇਬ੍ਰੇਰੀਆਂ, ਮਸਜਿਦਾਂ, ਚਰਚ, ਕਮਿਊਨਿਟੀ ਸੈਂਟਰ ਸਭ ਕੁਝ ਤਬਾਹ ਕਰ ਦਿੱਤਾ ਗਿਆ ਹੈ। 36 ਹਸਪਤਾਲਾਂ 'ਚੋਂ ਸਿਰਫ਼ ਅੱਧੇ ਹੀ ਕੁਝ ਕੰਮ ਕਰ ਰਹੇ ਹਨ। ਗਾਜ਼ਾ ਪੱਟੀ ਮਲਬੇ ਦਾ ਢੇਰ ਬਣਾ ਦਿੱਤੀ ਗਈ ਹੈ। ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਦੀ ਵਿਵਸਥਾ ਲਗਭਗ ਤਬਾਹ ਹੋ ਚੁੱਕੀ ਹੈ। ਬਾਰੂਦ ਦੀ ਵਾਛੜ ਨੇ ਪੌਣ-ਪਾਣੀ ਅਤੇ ਮਿੱਟੀ ਰਹਿਣ ਦੇ ਕਾਬਲ ਨਹੀਂ ਛੱਡੇ। ਇਜ਼ਰਾਇਲੀ ਹਮਲੇ ਫ਼ਲਸਤੀਨੀਆਂ ਦੀਆਂ ਜਾਨਾਂ ਅਜੇ ਵੀ ਲੈ ਰਹੇ ਹਨ। ਸ਼ਰਨਾਰਥੀ ਕੈਂਪਾਂ ਦੇ ਟੈਂਟ ਵਰਤਣ ਯੋਗ ਨਹੀਂ ਰਹੇ। ਤਬਾਹ ਹੋਈਆਂ ਇਮਾਰਤਾਂ ਦੇ ਮਲਬੇ ਨੂੰ ਹਟਾਉਣਾ ਵੀ ਵੱਡਾ ਮਸਲਾ ਹੈ। ਕਾਲ ਪੈਣ ਵਰਗੇ ਹਾਲਾਤ 'ਚ ਰਸਦ ਦੀ ਸਪਲਾਈ ਅਤੇ ਬੁਨਿਆਦੀ ਢਾਂਚੇ ਦੀ ਲਗਭਗ ਅਣਹੋਂਦ 'ਚ ਗਾਜ਼ਾ ਵਾਸੀ ਵਾਪਸ ਆ ਕੇ ਮੁੜ-ਵਸੇਬਾ ਕਿਵੇਂ ਕਰਨਗੇ, ਇਹ ਸਭ ਤੋਂ ਵੱਡਾ ਸਵਾਲ ਹੈ। ਸਮਝੌਤੇ ਦੇ ਭਵਿੱਖ ਬਾਰੇ ਯਕੀਨ ਨਾਲ ਕੁਝ ਵੀ ਕਹਿਣਾ ਮੁਸ਼ਕਲ ਹੈ, ਪਰ ਸਮਝੌਤੇ 'ਚ ਹਮਾਸ ਨੂੰ ਧਿਰ ਮੰਨਣ ਲਈ ਮਜਬੂਰ ਹੋਣਾ ਨੇਤਨਯਾਹੂ ਦੇ ਨਸਲਵਾਦੀ ਮਨਸੂਬਿਆਂ ਦੀ ਸਪਸ਼ਟ ਹਾਰ ਹੈ, ਜੋ ਹਮਾਸ ਦੇ ਮੁਕੰਮਲ ਸਫ਼ਾਏ ਤੋਂ ਬਾਅਦ ਹੀ ਜੰਗ ਰੋਕਣ ਦੇ ਦਮਗਜ਼ੇ ਮਾਰ ਰਿਹਾ ਸੀ। ਗਾਜ਼ਾ ਦੇ ਲੋਕਾਂ ਦੇ ਸਿਰੜ, ਸਿਦਕ ਤੇ ਲੜਾਕੂ ਜਜ਼ਬੇ ਨੇ ਇਕ ਵਾਰ ਫਿਰ ਸਿੱਧ ਕਰ ਦਿਖਾਇਆ ਹੈ ਕਿ ਕਰੂਰ ਤੋਂ ਕਰੂਰ ਨਸਲਕੁਸ਼ੀ ਵੀ ਮਨੁੱਖ ਦੀ ਆਜ਼ਾਦੀ ਦੀ ਰੀਝ ਨੂੰ ਖ਼ਤਮ ਨਹੀਂ ਕਰ ਸਕਦੀ। ਫ਼ਲਸਤੀਨੀਆਂ ਦਾ ਜੁਝਾਰੂ ਜਜ਼ਬਾ ਜ਼ਿੰਦਾਬਾਦ!

# ਦਸ ਸਾਲਾਂ 'ਚ ਧੀਆਂ ਦਾ ਹਾਲ



ਲੇਖਕ : ਸ਼ੈਲਜਾ ਚੰਦਰਾ

ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਦੇ ਦਸ ਸਾਲ ਪੂਰੇ ਹੋਣ 'ਤੇ ਆਦਰਸ਼ ਬਾਲ ਲਿੰਗ ਅਨੁਪਾਤ ਵੱਲ ਸੇਧਿਤ ਇਸ ਪ੍ਰੋਗਰਾਮ ਦਾ ਲੇਖਾ-ਜੋਖਾ ਕਰਨਾ ਬਣਦਾ ਹੈ ਕਿ ਇਸ ਨਾਲ ਲੜਕੀਆਂ ਕਿੰਨੀਆਂ ਕੁ ਸਮਰੱਥ ਬਣੀਆਂ ਹਨ ਅਤੇ ਇਨ੍ਹਾਂ ਦੀ ਸਿੱਖਿਆ ਵਿੱਚ ਕਿੰਨਾ ਕੁ ਸੁਧਾਰ ਹੋਇਆ ਹੈ। 'ਬੇਟੀ ਬਚਾਓ ਬੇਟੀ ਪੜ੍ਹਾਓ' ਪ੍ਰੋਗਰਾਮ ਦੀ ਦਸਵੀਂ ਵਰ੍ਹੇਗੰਢ ਮੌਕੇ ਜਾਰੀ ਸਰਕਾਰੀ ਬਿਆਨ ਅਨੁਸਾਰ ਜਨਮ ਸਮੇਂ ਲਿੰਗਕ ਅਨੁਪਾਤ 918 (2014-15) ਤੋਂ ਸੁਧਰ ਕੇ (2023-24) ਵਿੱਚ 930 ਹੋ ਗਿਆ। ਇਸੇ ਅਰਸੇ ਦੌਰਾਨ ਸੈਕੰਡਰੀ ਸਿੱਖਿਆ ਵਿੱਚ ਲੜਕੀਆਂ ਦਾ ਦਾਖ਼ਲਾ 75.5% ਤੋਂ ਵਧ ਕੇ 78% ਹੋ ਗਿਆ। ਇਨ੍ਹਾਂ ਤੋਂ ਇਲਾਵਾ ਔਰਤਾਂ ਨੂੰ ਹੁਨਰਮੰਦ ਸਿਖਲਾਈ, ਆਰਥਿਕ ਪਹਿਲਕਦਮੀਆਂ ਅਤੇ ਵਿਆਪਕ ਸਮੁਦਾਇਕ ਵਾਬਸਤਗੀ ਰਾਹੀਂ ਸਮਰੱਥ ਬਣਾਇਆ ਗਿਆ।

ਇਹ ਪ੍ਰਾਪਤੀਆਂ ਸ਼ਲਾਘਾਯੋਗ ਹਨ ਪਰ ਔਰਤਾਂ ਦੀ ਜ਼ਿੰਦਗੀ ਵਿੱਚ ਆਏ ਚੰਗੇ ਜਾਂ ਮਾੜੇ ਬਦਲਾਓ ਨੂੰ ਸਮਝਣ ਲਈ ਇਨ੍ਹਾਂ ਪੈਮਾਨਿਆਂ ਤੋਂ ਪਰੇ ਜਾਣਾ ਪਵੇਗਾ। ਤੁਲਨਾ ਲਈ ਅੰਕੜਿਆਂ ਦੀ ਲੋੜ ਪੈਂਦੀ ਹੈ ਅਤੇ ਭਾਰਤ ਵੱਖ-ਵੱਖ ਸਰਵੇਖਣਾਂ ਤੇ ਡੇਟਾ ਆਧਾਰਾਂ 'ਤੇ ਟੇਕ ਰੱਖਦਾ ਹੈ। ਇਨ੍ਹਾਂ ਵਿੱਚ ਸਿਵਲ ਰਜਿਸਟ੍ਰੇਸ਼ਨ ਪ੍ਰਣਾਲੀ (ਸਾਲਾਨਾ) ਅਤੇ ਕੌਮੀ ਪਰਿਵਾਰ ਸਿਹਤ ਸਰਵੇਖਣ (ਐੱਨਐੱਫਐੱਚਐੱਸ) ਸ਼ਾਮਿਲ ਹਨ। ਐੱਨਐੱਫਐੱਚਐੱਸ ਸਰਵੇਖਣ 2015-16 ਅਤੇ 2019-21 ਵਡੇਰੇ ਮੁੱਦਿਆਂ ਦੇ ਤੁਲਨਾਤਮਿਕ ਅਧਿਐਨ ਅਤੇ ਟੀਕਾ ਟਿੱਪਣੀ ਕਰਨ ਲਈ ਸਭ ਤੋਂ ਵੱਧ ਭਰੋਸੇਮੰਦ ਸਰੋਤ ਹਨ ਕਿਉਂ ਜੋ ਇਹ ਜਾਣਕਾਰੀ ਦਾ ਅਮੀਰ ਸਰੋਤ ਮੁਹੱਈਆ ਕਰਾਉਂਦੇ ਹਨ। ਸਾਰੇ ਅੰਕੜੇ ਆਉਣ ਤੋਂ ਬਾਅਦ ਔਰਤਾਂ ਦੀ ਤਰੱਕੀ ਦਾ ਸਹੀ ਪੈਮਾਨਾ ਇਹ ਹੁੰਦਾ ਹੈ ਕਿ ਸਮਾਜ ਵਿੱਚ ਔਰਤਾਂ ਦਾ ਦਰਜਾ ਕੀ ਹੈ।

ਇਸ ਦੀ ਪੈਮਾਇਸ਼ ਕਰਦਿਆਂ ਕੁਝ ਚੀਜ਼ਾਂ ਹੋਰਨਾਂ ਦੇ ਮੁਕਾਬਲੇ ਜ਼ਿਆਦਾ ਮਾਇਨੇ ਰੱਖਦੀਆਂ ਹਨ। ਇਨ੍ਹਾਂ ਅਹਿਮ ਨਿਰਧਾਰਕਾਂ 'ਚੋਂ ਇੱਕ ਇਹ ਹੈ ਕਿ ਵਿਆਹ ਸਮੇਂ ਉਸ ਦੀ ਉਮਰ ਕਿੰਨੀ ਹੁੰਦੀ ਹੈ। ਇਹ ਇਸ ਲਈ ਹੁੰਦਾ ਕਿਉਂਕਿ ਗਰਭ ਧਾਰਨ ਕਰਨ ਅਤੇ ਬੱਚੇ ਨੂੰ ਪਾਲਣ ਲਈ ਲੜਕੀ ਦੀ ਸਿਹਤ ਅਤੇ ਸਮਝਦਾਰੀ ਦਾ ਪੀੜ੍ਹੀ ਦੀ ਸਿਹਤ ਉੱਪਰ ਅਸਰ ਪੈਂਦਾ ਹੈ।

ਬੇਟੀ ਬਚਾਓ ਬੇਟੀ ਪੜ੍ਹਾਓ 'ਚੋਂ ਪਹਿਲਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਲੜਕੀਆਂ ਦੇ ਵਿਆਹ ਦੀ ਉਮਰ ਉੱਪਰ ਵੱਲ ਗਈ ਹੈ ਅਤੇ ਕੀ ਨਾਬਾਲਗ ਲੜਕੀਆਂ ਦੇ ਗਰਭ ਧਾਰਨ ਕਰਨ ਵਿੱਚ ਕਮੀ ਆਈ ਹੈ? ਜਿਹੜੀਆਂ ਲੜਕੀਆਂ ਘੱਟ ਉਮਰ ਵਿੱਚ ਵਿਆਹ ਦਿੱਤੀਆਂ ਜਾਂਦੀਆਂ ਹਨ, ਉਹ ਸਮਾਜਿਕ ਤੌਰ 'ਤੇ ਅਲੱਗ-ਥਲੱਗ ਹੋ ਕੇ ਰਹਿ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਸਿੱਖਿਆ ਦੇ ਫ਼ਲ ਹਾਸਿਲ ਕਰਨ ਤੋਂ ਵਾਂਝੇ ਕਰ ਦਿੱਤਾ ਜਾਂਦਾ ਹੈ। ਬਾਲ ਵਿਆਹ ਰੋਕਥਾਮ ਐਕਟ-2006 ਦੇ ਬਾਵਜੂਦ ਅਜੇ ਵੀ ਬਾਲ ਵਿਆਹਾਂ ਦੀ ਪ੍ਰਥਾ ਵੱਡੇ ਪੱਧਰ 'ਤੇ ਚੱਲ ਰਹੀ ਹੈ। ਐੱਨਐੱਫਐੱਚਐੱਸ ਦੇ ਅੰਕੜਿਆਂ ਵਿੱਚ ਬਾਲ ਵਿਆਹਾਂ 'ਚ ਕਮੀ ਦਾ ਖੁਲਾਸਾ ਹੋਇਆ ਪਰ ਅਜੇ ਵੀ ਇਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਬਾਲ ਵਿਆਹ 2005-06 ਵਿੱਚ 47% ਤੋਂ ਘਟ ਕੇ ਅਗਲੇ ਦਸ ਸਾਲਾਂ ਵਿੱਚ 26% 'ਤੇ ਆ ਗਏ ਸਨ; ਇਸ ਤੋਂ ਅਗਲੇ ਪੰਜ ਸਾਲਾਂ ਵਿੱਚ ਇਹ ਹੋਰ ਘਟ ਕੇ 23% ਰਹਿ ਗਏ। ਦੇਸ਼ ਦੀ ਆਬਾਦੀ ਦੇ ਆਕਾਰ ਨੂੰ ਦੇਖਦਿਆਂ 23% ਦਾ ਅੰਕੜਾ ਕਾਫ਼ੀ ਜ਼ਿਆਦਾ ਹੈ।

ਇਹ ਠੀਕ ਹੈ ਕਿ ਜ਼ਿਆਦਾ ਬੱਚੀਆਂ ਨੂੰ ਕੁੱਖ ਵਿੱਚ ਮਾਰ ਦੇਣ ਤੋਂ ਬਚਾਇਆ ਗਿਆ ਹੈ ਪਰ ਜਿਹੜੀਆਂ ਬੱਚੀਆਂ ਨੂੰ 18 ਸਾਲ ਤੋਂ ਪਹਿਲਾਂ ਹੀ ਵਿਆਹ ਦਿੱਤਾ ਜਾਂਦਾ ਹੈ, ਉਨ੍ਹਾਂ 'ਚੋਂ ਜ਼ਿਆਦਾਤਰ ਨੂੰ ਪੋਸ਼ਣ ਅਤੇ ਪੜ੍ਹਾਈ ਦੇ ਲਾਭ ਨਹੀਂ ਮਿਲਦੇ ਕਿਉਂਕਿ ਹੋਰਨਾਂ ਕਾਰਕਾਂ ਤੋਂ ਇਲਾਵਾ ਲੜਕੀਆਂ ਵਿੱਚ ਇਨ੍ਹਾਂ ਸਾਲਾਂ ਵਿੱਚ ਖ਼ੂਨ ਦੀ ਘਾਟ ਸਭ ਤੋਂ ਵੱਧ ਹੁੰਦੀ ਹੈ; ਇਸ ਨਾਲ ਮਰੀਜ਼ ਦੀ ਸਿਹਤ ਉੱਪਰ ਦੂਰਗਾਮੀ ਪ੍ਰਭਾਵ ਪੈਂਦਾ ਹੈ।

ਬੇਟੀ ਬਚਾਓ ਬੇਟੀ ਪੜ੍ਹਾਓ ਦਾ ਦੂਜਾ ਅਹਿਮ ਟੀਚਾ ਜੋ ਬਿਲਕੁਲ ਸਹੀ ਸੀ, ਕੁੱਖ ਵਿੱਚ ਬੱਚੀਆਂ ਨੂੰ ਮਾਰਨ ਦੀ ਪ੍ਰਥਾ ਖ਼ਤਮ ਕਰਨ 'ਤੇ ਕੇਂਦਰਿਤ ਸੀ। ਇਸ ਦੀ ਸਥਿਤੀ ਕੀ ਹੈ? ਵਿਸ਼ਵ ਸਿਹਤ ਸੰਸਥਾ ਮੁਤਾਬਿਕ, 1000 ਲੜਕਿਆਂ ਪਿੱਛੇ 950 ਲੜਕੀਆਂ ਦੇ ਅੰਕੜੇ ਨੂੰ ਆਦਰਸ਼ਕ ਬਾਲ ਲਿੰਗਕ ਅਨੁਪਾਤ ਗਿਣਿਆ ਜਾਂਦਾ ਹੈ। ਹਾਲੀਆ ਐੱਨਐੱਫਐੱਚਐੱਸ-5 ਦੇ ਅੰਕੜਿਆਂ ਮੁਤਾਬਿਕ, ਜਨਮ ਲੈਣ ਵਾਲੇ ਹਰ 1000 ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ 919 ਤੋਂ ਵਧ ਕੇ 929 ਹੋ ਗਈ ਹੈ। ਇਹ ਚੰਗੀ ਪ੍ਰਾਪਤੀ ਹੈ ਪਰ ਕਈ ਸੂਬਿਆਂ ਦਾ ਅੰਕੜਾ ਅਜੇ ਸੰਤੁਸ਼ਟੀ ਦੇ ਪੱਧਰ ਤੋਂ ਕਾਫ਼ੀ ਹੇਠਾਂ ਹੈ।

ਹਰਿਆਣਾ ਸਰਕਾਰ ਦੇ ਅੰਕੜਿਆਂ ਮੁਤਾਬਿਕ, 2024 ਦੇ ਪਹਿਲੇ ਦਸ ਮਹੀਨਿਆਂ ਵਿੱਚ ਪ੍ਰਤੀ 1000 ਲੜਕਿਆਂ ਪਿੱਛੇ 905 ਲੜਕੀਆਂ ਦੀ ਗਿਣਤੀ ਦਰਜ ਹੋਈ ਹੈ। ਸਭ ਤੋਂ ਮਾੜੀ ਕਾਰਗੁਜ਼ਾਰੀ ਵਾਲੇ ਜ਼ਿਲ੍ਹਿਆਂ ਵਿੱਚ ਗੁਰੂਗ੍ਰਾਮ (859), ਰਿਵਾੜੀ (868), ਚਰਖੀ ਦਾਦਰੀ (873), ਰੋਹਤਕ (880), ਪਾਣੀਪਤ (890) ਅਤੇ ਮਹਿੰਦਰਗੜ੍ਹ (896) ਹਨ ਜਿਨ੍ਹਾਂ ਸਾਰਿਆਂ ਅੰਦਰ ਲਿੰਗਕ ਅਨੁਪਾਤ 900 ਤੋਂ ਘੱਟ ਹੈ। ਆਰਥਿਕ ਪ੍ਰਗਤੀ ਦੇ ਬਾਵਜੂਦ ਜ਼ਿਆਦਾਤਰ ਹਰਿਆਣਵੀ ਅਜੇ ਵੀ ਪੁੱਤਰ ਹੀ ਚਾਹੁੰਦੇ ਹਨ। ਕੁੱਲ ਮਿਲਾ ਕੇ ਸਿਰਫ਼ ਨਾਅਰੇ ਲਾਉਣ ਨਾਲ ਬੱਚੀਆਂ ਨੂੰ ਬਚਾਉਣ ਦੀ ਦਸ਼ਾ ਨਹੀਂ ਸੁਧਰੇਗੀ। ਲਿੰਗਕ ਅਨੁਪਾਤ ਵਿੱਚ ਗਿਰਾਵਟ ਦਾ ਮਤਲਬ ਹੈ ਕਿ ਬੱਚੀਆਂ ਨੂੰ ਅਜੇ ਵੀ ਕੁੱਖ ਵਿੱਚ ਮਾਰਿਆ ਜਾ ਰਿਹਾ ਹੈ।

ਐੱਨਐੱਫਐੱਚਐੱਸ-5 ਮੁਤਾਬਿਕ, ਕਈ ਹੋਰਨਾਂ ਸੂਬਿਆਂ ਵਿੱਚ ਵੀ ਬਾਲ ਲਿੰਗ ਅਨੁਪਾਤ 932 ਤੋਂ ਘੱਟ ਹੈ। ਇਨ੍ਹਾਂ ਵਿੱਚ ਰਾਜਸਥਾਨ, ਝਾਰਖੰਡ, ਪੰਜਾਬ, ਤਿਲੰਗਾਨਾ, ਮਹਾਰਾਸ਼ਟਰ, ਬਿਹਾਰ, ਗੋਆ, ਹਿਮਾਚਲ ਪ੍ਰਦੇਸ਼, ਉੜੀਸਾ ਅਤੇ ਤਾਮਿਲ ਨਾਡੂ ਸ਼ਾਮਿਲ ਹਨ। ਹੋਰ ਤਾਂ ਹੋਰ ਦਿੱਲੀ ਅਤੇ ਚੰਡੀਗੜ੍ਹ ਵਿੱਚ ਵੀ ਲਿੰਗਕ ਅਨੁਪਾਤ ਸਹੀ ਨਹੀਂ। ਇਹ ਦਰਸਾਉਂਦਾ ਹੈ ਕਿ ਭਾਵੇਂ ਕੁਝ ਵੀ ਹੋਵੇ, ਸਿੱਖਿਆ ਤੇ ਸਰਮਾਇਆ, ਲਿੰਗ ਨਿਰਧਾਰਨ ਦੀ ਮੰਗ ਵਧਾਉਂਦਾ ਹੈ ਜਿਸ ਤੋਂ ਪੁੱਤਰਾਂ ਦੀ ਚਾਹ ਉੱਭਰ ਕੇ ਸਾਹਮਣੇ ਆਉਂਦੀ ਹੈ।

ਇਸੇ ਦੌਰਾਨ ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼ ਤੇ ਪੱਛਮੀ ਬੰਗਾਲ ਵਰਗੇ ਰਾਜਾਂ ਵਿੱਚ ਪ੍ਰਤੱਖ ਸੁਧਾਰ ਆਇਆ ਹੈ। ਉਹ ਸੰਸਾਰ ਸਿਹਤ ਅਦਾਰੇ ਦੇ ਆਦਰਸ਼ ਮਾਪਦੰਡਾਂ ਨੇੜੇ-ਤੇੜੇ ਘੁੰਮ ਰਹੇ ਹਨ। ਇਹ ਦਰਸਾਉਂਦਾ ਹੈ ਕਿ ਸੂਬਾਈ ਲੀਡਰਸ਼ਿਪ ਕਿੰਨਾ ਸੁਧਾਰ ਲਿਆ ਸਕਦੀ ਹੈ। ਇਕ ਸਹੀ ਸੋਚ ਵਾਲਾ ਮੁੱਖ ਮੰਤਰੀ ਬੇਟੀ ਬਚਾਓ, ਬੇਟੀ ਪੜ੍ਹਾਓ ਤੇ ਸਬੰਧਿਤ ਸਿਹਤ ਪ੍ਰੋਗਰਾਮਾਂ ਨੂੰ ਪਹਿਲ ਦੇ ਕੇ ਕ੍ਰਿਸ਼ਮਾ ਕਰ ਸਕਦਾ ਹੈ। ਰਾਹਤ ਦੀ ਗੱਲ ਹੈ ਕਿ ਸਿਹਤ ਮੰਤਰਾਲੇ ਨੇ ਕੌਮੀ ਸਿਹਤ ਮਿਸ਼ਨ ਨੂੰ ਪੰਜ ਸਾਲਾਂ ਲਈ ਵਧਾ ਦਿੱਤਾ ਹੈ। 2005 ਵਿੱਚ ਸ਼ੁਰੂ ਹੋਏ ਸਿਹਤ ਮਿਸ਼ਨ ਨੇ ਔਰਤਾਂ ਦੇ ਸਿਹਤ ਸੂਚਕਾਂ ਨੂੰ ਸੁਧਾਰਨ 'ਚ ਕਿਸੇ ਵੀ ਹੋਰ ਪ੍ਰੋਗਰਾਮ ਨਾਲੋਂ ਵੱਧ ਯੋਗਦਾਨ ਪਾਇਆ ਹੈ।

ਔਰਤਾਂ ਦੇ ਦਰਜੇ ਦੇ ਪ੍ਰਸੰਗ ਵਿੱਚ ਹਾਸਿਲ ਢੁੱਕਵੀਆਂ ਉਪਲਬਧੀਆਂ 'ਚ ਭਾਰਤ ਦੀ ਜਣਨ ਦਰ ਦੇ ਡਿੱਗ ਕੇ ਵਟਾਂਦਰਾ ਦੇ ਪੱਧਰ ਤੋਂ ਹੇਠਾਂ ਜਾਣਾ ਵੀ ਸ਼ਾਮਿਲ ਹੈ। ਇਹ ਭਾਵੇਂ ਨਵੀਂ ਚਿੰਤਾ ਦਾ ਵਿਸ਼ਾ ਹੈ ਕਿ ਉਨ੍ਹਾਂ ਰਾਜਾਂ ਦਾ ਕੀ ਹੋਵੇਗਾ ਜਿਹੜੇ ਬੁਢਾਪੇ ਵੱਲ ਵਧ ਰਹੇ ਹਨ ਪਰ ਚੰਗੀ ਗੱਲ ਇਹ ਹੈ ਕਿ ਪਛਾਣੇ ਗਏ ਜ਼ਿਲ੍ਹਿਆਂ ਨੂੰ ਛੱਡ ਕੇ, ਮੁੱਖ ਤੌਰ 'ਤੇ ਉੱਤਰ ਪ੍ਰਦੇਸ਼ ਤੇ ਬਿਹਾਰ 'ਚ ਅਣਚਾਹਿਆ ਤੇ ਵਾਰ-ਵਾਰ ਬੱਚਾ ਜੰਮਣ ਦੇ ਦਿਨ ਲੱਦ ਚੁੱਕੇ ਹਨ। ਇਹ ਔਰਤਾਂ ਲਈ ਵੱਡੀ ਬਰਕਤ ਹੈ। ਇਸ ਦੇ ਨਾਲ-ਨਾਲ ਸੰਸਥਾਈ ਜਨਮ, ਮਤਲਬ, ਮੈਡੀਕਲ ਨਿਗਰਾਨੀ 'ਚ ਹੋਣ ਵਾਲੇ ਜਨਮ ਕਾਫ਼ੀ ਵਧੇ ਹਨ। ਸੰਸਥਾਈ ਜਣਨ ਨਾਲ ਔਰਤਾਂ ਨੂੰ ਬਹੁਤ ਲਾਭ ਹੁੰਦਾ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੀ ਜਣੇਪੇ ਤੋਂ ਪਹਿਲਾਂ ਦੀ ਜਾਂਚ-ਪੜਤਾਲ ਯਕੀਨੀ ਬਣਦੀ ਹੈ ਤੇ ਉਹ ਅਗਲੇ ਜਣੇਪੇ 'ਚ ਰੱਖੇ ਜਾਣ ਵਾਲੇ ਸਮੇਂ ਦੇ ਅੰਤਰ ਬਾਰੇ ਜਾਗਰੂਕ ਹੋਣ ਦੇ ਨਾਲ-ਨਾਲ ਪਹਿਲਾਂ ਨਾਲੋਂ ਵੱਧ ਕੁਸ਼ਲ ਬਣਦੀਆਂ ਹਨ ਜਿਸ ਨਾਲ ਅਣਚਾਹਾ ਗਰਭ ਠਹਿਰਨ ਤੋਂ ਵੀ ਬਚਾਅ ਰਹਿੰਦਾ ਹੈ। ਨਤੀਜੇ ਵਜੋਂ ਜੱਚਾ-ਬੱਚਾ ਦੀ ਮੌਤ ਦਰ ਕਾਫ਼ੀ ਘਟ ਗਈ ਹੈ। ਸਾਫ਼-ਸੁਥਰੇ ਪੀਣ ਵਾਲੇ ਪਾਣੀ ਤੱਕ ਗ਼ਰੀਬ ਪਰਿਵਾਰਾਂ ਦੀ ਪਹੁੰਚ ਵਧਣ, ਪਖ਼ਾਨਿਆਂ ਤੇ ਸਫ਼ਾਈ 'ਚ ਹੋਏ ਸੁਧਾਰ ਅਤੇ ਖਾਣਾ ਪਕਾਉਣ ਵਾਲੇ ਸਾਫ਼ ਈਂਧਨ ਨੇ ਵੀ ਔਰਤਾਂ ਦੀ ਜ਼ਿੰਦਗੀ ਸੁਧਾਰੀ ਹੈ। ਇਹ ਪੱਖ ਭਾਵੇਂ 'ਬੇਟੀ ਬਚਾਓ, ਬੇਟੀ ਪੜ੍ਹਾਓ' ਨਾਲ ਸਿੱਧੇ ਤੌਰ 'ਤੇ ਜੁੜੇ ਨਹੀਂ ਹੋ ਸਕਦੇ, ਫਿਰ ਵੀ ਤਸੱਲੀ ਦਾ ਵੱਡਾ ਕਾਰਨ ਬਣੇ ਹਨ।

ਮਹੱਤਵਪੂਰਨ ਸੂਚਕਾਂ ਨੂੰ ਧਿਆਨ ਵਿਚ ਰੱਖਦਿਆਂ ਅਤੇ ਬੇਟੀ ਬਚਾਓ, ਬੇਟੀ ਪੜ੍ਹਾਓ ਨੂੰ ਵੱਖਰੀ ਬਰਾਬਰ ਇਕਾਈ ਬਣਾਏ ਬਿਨਾਂ ਸਪਸ਼ਟ ਹੈ ਕਿ ਔਰਤਾਂ ਦੇ ਦਰਜੇ ਵਿੱਚ ਸੁਧਾਰ ਆਇਆ ਹੈ। ਸਵਾਲ ਇਹ ਹੈ ਕਿ ਕਿੰਨਾ ਤੇ ਕਿਸ ਪੱਖ ਤੋਂ ਸੁਧਾਰ ਹੋਇਆ ਹੈ? ਵਿਆਹ ਦੀ ਕਾਨੂੰਨੀ ਉਮਰ ਦਾ ਪਾਲਣ ਕਰਵਾਉਣ ਅਤੇ 20 ਸਾਲਾਂ ਦੀ ਉਮਰ ਤੋਂ ਬਾਅਦ ਹੀ ਜਣੇਪੇ ਨੂੰ ਉਤਸ਼ਾਹਿਤ ਕਰਨ ਵੱਲ ਹੋਰ ਧਿਆਨ ਦੇਣ ਦੀ ਲੋੜ ਹੈ। ਇਹ ਦੋਵੇਂ ਚੀਜ਼ਾਂ ਔਰਤਾਂ ਤੇ ਬੱਚਿਆਂ ਦੀ ਸਿਹਤ 'ਤੇ ਵੱਡਾ ਅਸਰ ਪਾਉਣਗੀਆਂ ਤੇ ਉਨ੍ਹਾਂ ਨੂੰ ਸਿੱਖਿਅਤ ਕਰਨ ਅਤੇ ਵਿੱਤੀ ਤੌਰ 'ਤੇ ਖ਼ੁਦਮੁਖ਼ਤਾਰ ਬਣਾਉਣ ਵਿਚ ਯੋਗਦਾਨ ਦੇਣਗੀਆਂ। ਜਿਸ ਦਿਨ ਇਹ ਹੋਇਆ, ਭਾਰਤ ਵਧਣ-ਫੁੱਲਣ ਲੱਗ ਜਾਵੇਗਾ।

"
*ਵਿਸ਼ਵ ਸਿਹਤ ਸੰਸਥਾ ਮੁਤਾਬਿਕ, 1000 ਲੜਕਿਆਂ ਪਿੱਛੇ 950 ਲੜਕੀਆਂ ਦੇ ਅੰਕੜੇ ਨੂੰ ਆਦਰਸ਼ਕ ਬਾਲ ਲਿੰਗਕ ਅਨੁਪਾਤ ਗਿਣਿਆ ਜਾਂਦਾ ਹੈ। ਹਾਲੀਆ ਐੱਨਐੱਫਐੱਚਐੱਸ-5 ਦੇ ਅੰਕੜਿਆਂ ਮੁਤਾਬਿਕ, ਜਨਮ ਲੈਣ ਵਾਲੇ ਹਰ 1000 ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ 919 ਤੋਂ ਵਧ ਕੇ 929 ਹੋ ਗਈ ਹੈ। ਇਹ ਚੰਗੀ ਪ੍ਰਾਪਤੀ ਹੈ ਪਰ ਕਈ ਸੂਬਿਆਂ ਦਾ ਅੰਕੜਾ ਅਜੇ ਸੰਤੁਸ਼ਟੀ ਦੇ ਪੱਧਰ ਤੋਂ ਕਾਫ਼ੀ ਹੇਠਾਂ ਹੈ। ਐੱਨਐੱਫਐੱਚਐੱਸ ਦੇ ਅੰਕੜਿਆਂ ਵਿੱਚ ਬਾਲ ਵਿਆਹਾਂ 'ਚ ਕਮੀ ਦਾ ਖੁਲਾਸਾ ਹੋਇਆ ਪਰ ਅਜੇ ਵੀ ਇਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਬਾਲ ਵਿਆਹ 2005-06 ਵਿੱਚ 47% ਤੋਂ ਘਟ ਕੇ ਅਗਲੇ ਦਸ ਸਾਲਾਂ ਵਿੱਚ 26% 'ਤੇ ਆ ਗਏ ਸਨ; ਇਸ ਤੋਂ ਅਗਲੇ ਪੰਜ ਸਾਲਾਂ ਵਿੱਚ ਇਹ ਹੋਰ ਘਟ ਕੇ 23% ਰਹਿ ਗਏ। ਦੇਸ਼ ਦੀ ਆਬਾਦੀ ਦੇ ਆਕਾਰ ਨੂੰ ਦੇਖਦਿਆਂ 23% ਦਾ ਅੰਕੜਾ ਕਾਫ਼ੀ ਜ਼ਿਆਦਾ ਹੈ। ਹਰਿਆਣਾ ਸਰਕਾਰ ਦੇ ਅੰਕੜਿਆਂ ਮੁਤਾਬਿਕ, 2024 ਦੇ ਪਹਿਲੇ ਦਸ ਮਹੀਨਿਆਂ ਵਿੱਚ ਪ੍ਰਤੀ 1000 ਲੜਕਿਆਂ ਪਿੱਛੇ 905 ਲੜਕੀਆਂ ਦੀ ਗਿਣਤੀ ਦਰਜ ਹੋਈ ਹੈ। ਸਭ ਤੋਂ ਮਾੜੀ ਕਾਰਗੁਜ਼ਾਰੀ ਵਾਲੇ ਜ਼ਿਲ੍ਹਿਆਂ ਵਿੱਚ ਗੁਰੂਗ੍ਰਾਮ (859), ਰਿਵਾੜੀ (868), ਚਰਖੀ ਦਾਦਰੀ (873), ਰੋਹਤਕ (880), ਪਾਣੀਪਤ (890) ਅਤੇ ਮਹਿੰਦਰਗੜ੍ਹ (896) ਹਨ ਜਿਨ੍ਹਾਂ ਸਾਰਿਆਂ ਅੰਦਰ ਲਿੰਗਕ ਅਨੁਪਾਤ 900 ਤੋਂ ਘੱਟ ਹੈ। ਆਰਥਿਕ ਪ੍ਰਗਤੀ ਦੇ ਬਾਵਜੂਦ ਜ਼ਿਆਦਾਤਰ ਹਰਿਆਣਵੀ ਅਜੇ ਵੀ ਪੁੱਤਰ ਹੀ ਚਾਹੁੰਦੇ ਹਨ। ਕੁੱਲ ਮਿਲਾ ਕੇ ਸਿਰਫ਼ ਨਾਅਰੇ ਲਾਉਣ ਨਾਲ ਬੱਚੀਆਂ ਨੂੰ ਬਚਾਉਣ ਦੀ ਦਸ਼ਾ ਨਹੀਂ ਸੁਧਰੇਗੀ। ਲਿੰਗਕ ਅਨੁਪਾਤ ਵਿੱਚ ਗਿਰਾਵਟ ਦਾ ਮਤਲਬ ਹੈ ਕਿ ਬੱਚੀਆਂ ਨੂੰ ਅਜੇ ਵੀ ਕੁੱਖ ਵਿੱਚ ਮਾਰਿਆ ਜਾ ਰਿਹਾ ਹੈ।*

---

# ਯਾਦਾਂ ਦੀਆਂ ਤੰਦਾਂ

ਲੇਖਕ : ਜਗਜੀਤ ਸਿੰਘ ਲੋਹਟਬੱਦੀ, ਸੰਪਰਕ: 89684-33500

ਸਾਲ 1978-79 ਯਾਦਾਂ ਵਿੱਚ ਵਸੇ ਹੋਏ ਨੇ... ਲੱਗਦੈ, ਉਦੋਂ ਸਮਾਂ ਸਹਿਜ ਹੁੰਦਾ ਸੀ। ਤਕਨਾਲੋਜੀ ਦੀ ਚਕਾਚੌਂਧ ਨੇ ਅਜੇ ਤੇਜ਼ ਗਤੀ ਨਹੀਂ ਸੀ ਫੜੀ। ਚਿੱਟੇ-ਕਾਲੇ ਟੈਲੀਵਿਜ਼ਨ, ਤਾਰ ਨਾਲ ਬੰਨ੍ਹੇ ਫੋਨ... ਨਾ ਕੰਪਿਊਟਰ, ਨਾ ਮੋਬਾਈਲ ਫੋਨ, ਨਾ ਮਾਰੂਤੀ! ਪਰ ਯੂਨੀਵਰਸਿਟੀ ਵਿੱਚ ਜ਼ਿੰਦਗੀ ਧੜਕਦੀ ਸੀ। ਗੁਰੂ ਤੇਗ਼ ਬਹਾਦਰ ਹਾਲ ਵਿੱਚ ਕੁਲਦੀਪ ਮਾਣਕ ਦਾ ਅਖਾੜਾ, ਕੌਫੀ ਹਾਊਸ ਦੇ ਬਾਹਰ ਖੁੱਲ੍ਹੇ ਆਡੀਟੋਰੀਅਮ ਵਿੱਚ ਭੰਡ/ਨਕਲਚੀ ਅਤੇ ਬਲਵੰਤ ਗਾਰਗੀ ਦੇ ਨਾਟਕਾਂ ਦੀ ਪੇਸ਼ਕਾਰੀ ਦੇਖਣ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਿਰ ਭਿੜਦੇ। ਕਲਾਸੀਕਲ ਫਿਲਮਾਂ 'ਗਰਮ ਹਵਾ', 'ਨਿਸ਼ਾਂਤ', 'ਗਾਈਡ' ਦੀ ਸਕਰੀਨਿੰਗ ਦੇਖ ਦਰਸ਼ਕ ਕਲਾ ਦੇ ਕਮਾਲ ਨੂੰ ਸਿਜਦਾ ਕਰਦੇ। ਮਨੋਰੰਜਨ ਮਾਣਦਾ ਹਰ ਸ਼ਖ਼ਸ ਧੁਰ ਅੰਦਰ ਤੱਕ ਕੀਲਿਆ ਜਾਂਦਾ, ਜਿਵੇਂ ਉਹ ਆਪ ਫਿਲਮ ਜਾਂ ਨਾਟਕ ਦਾ ਪਾਤਰ ਹੋਵੇ। ਯੂਥ ਫੈਸਟੀਵਲ ਨਾਲ ਮੇਲਾ ਸਿਖਰ 'ਤੇ ਪਹੁੰਚ ਜਾਂਦਾ।

ਹੋਸਟਲਾਂ ਦੇ ਮੈੱਸ ਵਿੱਚ ਟੇਪ ਰਿਕਾਰਡਰਾਂ 'ਤੇ ਵੱਜਦੀਆਂ ਮਾਣਕ ਦੀਆਂ ਕਲੀਆਂ, ਮੁਹੰਮਦ ਸਦੀਕ ਤੇ ਰਣਜੀਤ ਕੌਰ ਦੇ ਦੋਗਾਣੇ ਅਤੇ ਢਾਡੀ ਅਮਰ ਸਿੰਘ ਸ਼ੌਂਕੀ ਦੀਆਂ ਵਾਰਾਂ ਰੰਗ ਬੰਨ੍ਹੀ ਰੱਖਦੀਆਂ। ਭਾਈ ਵੀਰ ਸਿੰਘ ਹੋਸਟਲ ਦੇ ਕਾਮਨ ਰੂਮ ਵਿੱਚ ਲੱਗੇ ਟੀਵੀ ਤੇ 'ਚਿੱਤਰਹਾਰ' ਅਤੇ 'ਰੰਗੋਲੀ' ਦੇਖਣ ਲਈ ਪਾੜ੍ਹਿਆਂ ਦੀ ਭੀੜ ਮੂਹਰੇ ਹਾਲ ਕਮਰਾ ਸੁੰਗੜਿਆ ਲੱਗਦਾ। ਸਕਰੀਨ ਉੱਤੇ ਦਾਣੇ ਜਿਹੇ



ਆਉਣੇ ਤਾਂ ਐਨਟੀਨਾ ਠੀਕ ਕਰਨ ਬਾਹਰ ਭੱਜਣਾ। ਵਿਦਿਆਰਥੀਆਂ ਦੇ 'ਪ੍ਰਤਿਭਾ ਖੋਜ ਪ੍ਰੋਗਰਾਮ' ਵਿੱਚ ਨਵੇਂ ਸ਼ਾਇਰਾਂ/ਕਲਾਕਾਰਾਂ ਨੂੰ ਆਪਣੀ ਕਲਾ ਦੇ ਜੌਹਰ ਦਿਖਾਉਣ ਦੀ ਤਾਂਘ ਰਹਿੰਦੀ।

... ਸ਼ਨਿਚਰਵਾਰੀ ਸਭਾ ਜੁੜੀ ਹੋਈ ਸੀ। ਕਾਮਨ ਰੂਮ ਖਚਾਖਚ ਭਰਿਆ ਹੋਇਆ। ਸੁਰਜੀਤ ਭੱਟੀ (ਡਾ.) ਦੇ ਹੱਥ ਮਾਈਕ। ਹਰ ਪੇਸ਼ਕਾਰੀ ਤੋਂ ਬਾਅਦ ਵਾਹ-ਵਾਹ, ਚੋਭਾਂ ਟਕੋਰਾਂ ਨਾਲ ਡਾਢੀ ਰੌਚਿਕਤਾ ਬਣੀ ਰਹਿੰਦੀ। ਭੱਟੀ ਦੀ ਬੇਬਾਕ ਭਾਸ਼ਣ ਸ਼ੈਲੀ, ਮਹਿਫ਼ਲ ਦਾ ਮੀਲ ਪੱਥਰ ਬਣਦੀ। ਨਵਾਂ ਸ਼ਾਇਰ 'ਹੀਰ' ਸੁਣਾਉਣ ਲਈ ਉੱਠਿਆ। ਉਹ ਹੀਰ ਗਾਈ ਜਾਵੇ, ਸੁਣਨ ਵਾਲਿਆਂ ਦੇ ਅੰਦਰੋਂ ਹਾਸੇ ਦੇ ਫੁਹਾਰੇ ਛੁੱਟੀ ਜਾਣ। ਕਈ ਉਹਨੂੰ 'ਬਹਿ ਜਾ, ਬਹਿ ਜਾ' ਕਹਿਣ ਲਈ ਤਿਆਰ। ਗਾਇਨ ਖ਼ਤਮ ਹੋਇਆ। ਹਾਜ਼ਰੀਨ ਇਸ ਕਲਾਕਾਰੀ ਉੱਤੇ ਭੱਟੀ ਦੀ ਟਿੱਪਣੀ ਸੁਣਨ ਲਈ ਬੇਤਾਬ। ਭੱਟੀ ਨੇ ਆਪਣਾ 'ਨਜ਼ਰੀਆ' ਪੇਸ਼ ਕੀਤਾ- ਸ਼ਬਦਾਂ ਦੇ ਤੀਰ ਗੁੜ ਵਿੱਚ ਲਪੇਟੇ ਹੋਏ: "ਹੁਣੇ-ਹੁਣੇ ਤੁਸੀਂ ਬਾਈ ਬਲਵੰਤ ਸਿੰਘ ਜੀ ਹੁਰਾਂ ਪਾਸੋਂ ਹੀਰ ਸਿੱਖਾਂ ਵਾਲੀ ਬੋਲੀ ਵਿੱਚ ਸਰਵਣ ਕੀਤੀ...।" ਹਾਸੇ ਅਤੇ ਤਾੜੀਆਂ ਨਾਲ ਹਾਲ ਗੂੰਜ ਉੱਠਿਆ। ਲੰਮਾ ਸਮਾਂ ਇਸ ਯਾਦਗਾਰੀ ਸਮਾਰੋਹ ਦੀ ਚਰਚਾ ਚੱਲਦੀ ਰਹੀ।

ਹੁਣ ਜਦੋਂ ਅਸੀਂ ਬੇਲਗਾਮ ਤਰੱਕੀ ਦੀ ਰਾਹ 'ਤੇ ਅਗਾਂਹ ਤੋਂ ਅਗਾਂਹ ਵਧ ਰਹੇ ਹਾਂ, ਸੋਸ਼ਲ ਮੀਡੀਆ ਆਪਣੇ ਸਿਖਰ 'ਤੇ ਹੈ, ਦੁਨੀਆ ਸੁੰਗੜ ਗਈ ਹੈ, ਨਿੱਜ ਭਾਰੂ ਹੈ ਤਾਂ ਪੁਰਾਣੇ ਸਮਿਆਂ ਵਿੱਚ ਸਿਰ ਜੋੜ ਕੇ ਬੈਠਣਾ, ਕਲਾਸੀਕਲ ਫਿਲਮਾਂ, ਰੰਗਮੰਚ, ਅਖਾੜੇ, ਨਕਲਾਂ ਅਤੇ ਮਹਿਫ਼ਲਾਂ ਸਜਾਉਣਾ ਜਿੱਥੇ ਸੁਫਨੇ ਦੀ ਨਿਆਈਂ ਲੱਗਦੀਆਂ ਹਨ, ਉੱਥੇ ਨਵੀਂ ਪੀੜ੍ਹੀ ਲਈ ਤਾਂ ਚਾਰ, ਸਾਢੇ ਚਾਰ ਦਹਾਕੇ ਪਹਿਲਾਂ ਦਾ ਇਹ ਵਰਤਾਰਾ ਸਤਜੁਗੀ ਪਰੀ ਕਹਾਣੀਆਂ ਵਰਗਾ ਜਾਪੇਗਾ...!



# ਇਹ ਸਭ ਵਿਗੜੇ ਹੋਏ ਮੁੰਡੇ ਕੁੜੀਆਂ ਸਨ

ਲੇਖਕ : ਕਰਮ ਸਿੰਘ ਹਿਸਟੋਰੀਅਨ

ਸਾਡਾ ਇਹ ਸੁਭਾਵ ਹੈ ਕਿ ਅਸੀਂ ਬੁਰਾਈ ਵਲ ਛੇਤੀ ਝੁਕ ਪੈਂਦੇ ਹਾਂ ਤੇ ਚੰਗਿਆਈ ਸਾਨੂੰ ਅਲੂਣੀ ਸਿਲ ਜਾਪਦੀ ਹੈ। ਸੰਸਾਰ ਵਿਚ ਚੰਗੇ ਮੁੰਡੇ-ਕੁੜੀਆਂ ਵੀ ਹੋਏ ਹਨ, ਪਰ ਲੋਕਾਂ ਨੇ ਉਨ੍ਹਾਂ ਦੇ ਨਾਮ ਯਾਦ ਨਹੀਂ ਰੱਖੇ। ਜਿਹੜੇ ਗੰਦੇ ਕੁੜੀਆਂ-ਮੁੰਡੇ ਹੋਏ ਹਨ, ਉਹ ਲੋਕਾਂ ਨੂੰ ਅੱਜ ਤੀਕ ਯਾਦ ਹਨ ਅਤੇ ਕਵੀਆਂ ਨੇ ਲੋਕਾਂ ਦੀ ਇਸ ਮੰਦ-ਵਾਸ਼ਨਾ ਨੂੰ ਪੂਰਾ ਕਰਨ ਲਈ ਗੰਦਿਆਂ ਦੀਆਂ ਮੰਦਿਆਈਆਂ ਉੱਤੇ ਐਸੀ ਪੋਚਾ-ਪਾਚੀ ਕੀਤੀ ਹੈ ਕਿ ਉਨ੍ਹਾਂ ਨੂੰ ਪ੍ਰੇਮ ਦੇ ਪੁਤਲੇ ਬਣਾ ਕੇ ਉਨ੍ਹਾਂ ਨੂੰ ਪੂਜਣ ਦੀ ਥਾਂ ਬਣਾ ਦਿੱਤੀ ਹੈ।

ਸਿੱਧੀ ਮੋਟੀ ਬੋਲੀ ਵਿਚ ਹੀਰ ਤੇ ਰਾਂਝਾ, ਸੋਹਣੀ ਮਹੀਂਵਾਲ ਅਤੇ ਮਿਰਜ਼ਾ ਸਾਹਿਬਾਂ, ਇਹ ਸਭ ਵਿਗੜੇ ਹੋਏ ਮੁੰਡੇ ਕੁੜੀਆਂ ਸਨ, ਜਿਨ੍ਹਾਂ ਆਪਣੇ ਮਾਪਿਆਂ ਤੇ ਕੌਮ ਦੀ ਇੱਜ਼ਤ ਦਾ ਖ਼ਿਆਲ ਨਾ ਕਰਕੇ ਉਹ ਕੰਮ ਕੀਤੇ, ਜਿਨ੍ਹਾਂ ਨੂੰ ਲੋਕੀਂ ਚੰਗਾ ਨਹੀਂ ਸਮਝਦੇ ਸਨ। ਪਰ ਹੌਲੀ-ਹੌਲੀ ਲੋਕਾਂ ਨੇ ਉਨ੍ਹਾਂ ਦੇ ਔਗੁਣਾਂ ਨੂੰ ਗੁਣ ਬਣਾ ਦਿੱਤਾ ਤੇ ਲੋਕ ਇਨ੍ਹਾਂ ਮੁੰਡੇ-ਕੁੜੀਆਂ ਨੂੰ ਪ੍ਰੇਮ ਦੇ ਆਦਰਸ਼ ਸਮਝਣ ਲੱਗ ਪਏ। ਪ੍ਰੇਮ ਆਪਣਿਆਂ ਨਾਲ ਹੁੰਦਾ ਹੈ, ਬਿਗਾਨਿਆਂ ਨਾਲ ਪ੍ਰੇਮ ਦੇ ਕੀ ਅਰਥ?

ਇਸ ਸੰਸਾਰ ਵਿਚ ਐਸੀਆਂ ਗੱਲਾਂ ਰੋਜ਼ ਹੁੰਦੀਆਂ ਹਨ ਪਰ ਜੋ ਗੱਲ ਲੋਕਾਂ ਦੇ ਮੂੰਹ ਚੜ੍ਹ ਗਈ ਤੇ ਕਵੀਆਂ ਦੇ ਕਾਬੂ ਆ ਗਈ, ਉਹ ਅਸਲੋਂ ਬੇ-ਅਸਲ ਹੋ ਕੇ ਕੁਝ ਦੀ ਕੁਝ ਹੋ ਜਾਂਦੀ ਹੈ। ਮਿਰਜ਼ਾ ਸਾਹਿਬਾਂ ਤੇ ਸੋਹਣੀ ਮਹੀਂਵਾਲ ਦੀਆਂ ਗੱਲਾਂ ਅਜੇ ਕੱਲ੍ਹ ਦੀਆਂ ਗੱਲਾਂ ਹਨ। ਇਨ੍ਹਾਂ ਨੂੰ ਹੋਇਆਂ ਅਜੇ ਦੋ ਸੌ ਸਾਲ ਵੀ ਨਹੀਂ ਹੋਏ, ਪਰ ਲੋਕਾਂ ਨੇ ਖੰਭਾਂ ਦੀਆਂ ਡਾਰਾਂ ਬਣਾ ਦਿੱਤੀਆਂ ਹਨ।

ਗੁਜਰਾਤ ਦੇ ਵਸਨੀਕ ਗਣੇਸ਼ ਦਾਸ ਜੀ ਹੋਏ ਹਨ ਜਿਨ੍ਹਾਂ ਨੇ 'ਚਹਾਰ ਬਾਗ ਪੰਜਾਬ' ਨਾਮੇ ਇਕ ਤਵਾਰੀਖ ਲਿਖੀ ਸੀ। ਮਿਰਜ਼ਾ ਸਾਹਿਬਾਂ ਤੇ ਸੋਹਣੀ ਮਹੀਂਵਾਲ ਤੋਂ ਕੇਵਲ ਸੱਤਰ ਅੱਸੀ ਸਾਲ ਪਿੱਛੋਂ ਹੀ ਗਣੇਸ਼ ਦਾਸ ਜੀ ਹੋਏ ਹਨ। ਭਾਵੇਂ ਇਨ੍ਹਾਂ ਦੇ ਸਮੇਂ ਵੀ ਲੋਕਾਂ ਨੇ ਅਸਲ ਗੱਲ ਨੂੰ ਵਧਾ-ਘਟਾ ਛੱਡਿਆ ਸੀ ਪਰ ਤਦ ਵੀ ਇਨ੍ਹਾਂ ਦੀ ਲਿਖਤ ਬਹੁਤ ਕੁਝ ਸੱਚ ਦੇ ਲਾਗੇ-ਚਾਗੇ ਹੈ। ਮੈਂ ਇਨ੍ਹਾਂ ਦੇ ਆਧਾਰ 'ਤੇ ਹੀ ਸੰਖੇਪ ਜਿਹੇ ਹਾਲ ਲਿਖਦਾਂ ਹਾਂ:

ਸੋਹਣੀ ਮਹੀਂਵਾਲ ਦੀ ਘਟਨਾ ਸੰਮਤ 1789 (1732 ਈਸਵੀ) ਵਿਚ ਹੋਈ ਹੈ ਜਿਸ ਸਾਲ ਕਿ ਭਾਈ ਤਾਰਾ ਸਿੰਘ ਜੀ ਵਾਂਈਏ ਸ਼ਹੀਦ ਹੋਏ ਹਨ। ਇਸ ਤੋਂ ਕੁਝ ਸਾਲ ਮਗਰੋਂ ਮਿਰਜ਼ਾ-ਸਾਹਿਬਾਂ ਦੀ ਘਟਨਾ ਹੋਈ ਹੈ। ਇਹ ਉਹ ਸਮਾਂ ਸੀ, ਜਦ ਕਿ ਦਿੱਲੀ ਦੇ ਤਖ਼ਤ ਉੱਤੇ ਮੁਹੰਮਦ ਸ਼ਾਹ ਸੀ ਅਤੇ ਲਾਹੌਰ ਦਾ ਸੂਬਾ ਖ਼ਾਨ ਬਹਾਦਰ ਸੀ, ਜੋ ਸਿੱਖਾਂ ਨੂੰ ਥਾਂ-ਥਾਂ ਮਾਰਦਾ ਤੇ ਕਤਲ ਕਰੀ ਜਾਂਦਾ ਸੀ ਅਤੇ ਸਿੱਖ ਪੰਜਾਬ ਨੂੰ ਛੱਡ ਕੇ ਪ੍ਰਦੇਸਾਂ ਵਿਚ ਦਿਨ ਬਤੀਤ ਕਰ ਰਹੇ ਸਨ।

ਸਿਆਲ ਤੇ ਖਰਲ ਦੋ ਪ੍ਰਸਿੱਧ ਗੋਤਾਂ ਹਨ, ਜੋ ਮੁਗਲਾਂ ਦੇ ਸਮੇਂ ਸੁਤੰਤਰ ਜੀਵਨ ਬਤੀਤ ਕਰਦੇ ਅਤੇ ਆਪਣੇ ਕਬੀਲਿਆਂ ਨਾਲ ਖੁੱਲ੍ਹ-ਖੁਲਾਸੇ ਰਿਹਾ ਕਰਦੇ ਸਨ। ਇਨ੍ਹਾਂ ਦੀ ਰਹਿਤ-ਬਹਿਤ ਅੱਜ ਤੀਕ ਖੁਲਾਸੀ ਹੈ। ਸ਼ਾਦੀਆਂ ਵੱਡੀਆਂ ਉਮਰਾਂ ਵਿਚ ਹੁੰਦੀਆਂ ਸਨ ਅਤੇ ਅਠਾਰ੍ਹਾਂ-ਵੀਹ ਵਰ੍ਹੇ ਦੇ ਕੁਆਰੇ ਮੁੰਡੇ ਕੁੜੀਆਂ ਇੱਕਠੇ ਖੇਡਦੇ-ਮੱਲਦੇ ਤੇ ਖੁੱਲ੍ਹੇ-ਖੁਲਾਸੇ ਰਿਹਾ ਕਰਦੇ ਸਨ।

ਖੀਵੇ ਸਿਆਲ ਨੇ ਇੱਕ ਪਿੰਡ ਵਸਾਇਆ ਸੀ ਜੋ ਹੌਲੀ-ਹੌਲੀ ਚੰਗਾ ਤਕੜਾ ਪਿੰਡ ਹੋ ਗਿਆ। ਇਸ ਨੂੰ ਲੋਕੀਂ ਸਿਆਲਾਂ ਦਾ ਖੀਵਾ ਆਖਦੇ ਹਨ। ਸਮੇਂ ਦੇ ਰਿਵਾਜ ਅਨੁਸਾਰ ਇਥੇ ਇਕ ਮਸੀਤ ਵੀ ਸੀ, ਜਿਸ ਵਿਚ ਪਿੰਡ ਦੇ ਮੁੰਡੇ ਕੁੜੀਆਂ ਇੱਕਠੇ ਪੜ੍ਹਿਆ ਕਰਦੇ ਸਨ। ਇਸ ਖੀਵੇ ਦੇ ਦੋ ਪੁੱਤਰ, ਖਾਨ ਸੁਮੀਰ ਅਤੇ ਖਾਨ ਅਮੀਰ ਸਨ ਅਤੇ ਬੀਬੀ ਸੀ ਜਿਸ ਦਾ ਨਾਮ ਸਾਹਿਬਾਂ ਸੀ। ਸਮੇਂ ਦੇ ਰਿਵਾਜ ਅਨੁਸਾਰ ਇਹ ਸਾਹਿਬਾਂ ਵੀ ਆਪਣੇ ਪਿੰਡ ਦੀ ਮਸੀਤ ਵਿਚ ਪੜ੍ਹਨ ਜਾਇਆ ਕਰਦੀ ਸੀ।

ਰਾਵੀ ਦਰਿਆ ਦੇ ਕੰਢੇ ਫਰੀਦਾਬਾਦ ਇਕ ਪ੍ਰਸਿੱਧ ਕਸਬਾ ਹੈ। ਇਹ ਪੁਰਾਣੀ ਬਸਤੀ ਹੈ। ਜਿਸ ਸਮੇਂ ਪਹਿਲਾਂ-ਪਹਿਲ ਬੰਦਾ ਬਹਾਦਰ ਦੜਕਿਆ ਅਤੇ ਖ਼ਾਲਸੇ ਨੇ ਵਜ਼ੀਰ ਖਾਂ ਨੂੰ ਮਾਰ ਕੇ ਸਰਹੰਦ ਨੂੰ ਸੋਧਿਆ ਤੇ ਸਾਹਿਬਜ਼ਾਦਿਆਂ ਦੇ ਬਦਲੇ ਲਏ, ਉਸ ਸਮੇਂ ਲਾਹੌਰ ਦਾ ਹਾਕਮ ਅਸਲਮ ਖਾਂ ਸੀ ਅਤੇ ਫਰੀਦਾਬਾਦ ਦਾ ਚੌਧਰੀ ਨਜੀਬ ਖਾਂ ਖਰਲ ਇਸ ਪਾਸ ਨੌਕਰ ਸੀ। ਪਹਿਲਾਂ ਤਾਂ ਅਸਲਮ ਖਾਂ ਡਰ ਦਾ ਮਾਰਿਆ ਲਾਹੌਰ ਦੜ ਵੱਟੀ ਪਿਆ ਰਿਹਾ ਪਰ ਜਦ ਬਹਾਦਰ ਸ਼ਾਹ ਪਾਤਸ਼ਾਹ ਫੌਜਾਂ ਲੈ ਕੇ ਪੰਜਾਬ ਵੱਲ ਵਧਿਆ ਤਾਂ ਲਾਹੌਰ ਦੇ ਮੁਸਲਮਾਨਾਂ ਨੂੰ ਵੀ ਸੁਰਤ ਆ ਗਈ ਅਤੇ ਉਨ੍ਹਾਂ ਨੇ ਖ਼ਾਲਸੇ ਨਾਲ ਲੜਾਈ ਕਰਨ ਲਈ ਹੈਦਰੀ ਝੰਡਾ ਕੱਢਿਆ। ਉਸ ਸਮੇਂ ਅਸਲਮ ਖਾਂ ਨੇ ਪੰਜ ਸੌ ਪਿਆਦਾ ਦੇ ਕੇ ਇਸੇ ਨਜੀਬ ਖਾਂ ਖਰਲ ਨੂੰ ਗਾਜ਼ੀਆਂ ਨਾਲ ਤੋਰਿਆ ਸੀ।

ਇਸ ਸਮੇਂ ਤੋਂ ਦੋ ਚਾਰ ਸਾਲ ਮਗਰੋਂ ਨਜੀਬ ਖਾਂ ਦੇ ਘਰ ਪੁੱਤਰ ਹੋਇਆ, ਜਿਸ ਦਾ ਨਾਮ ਮਿਰਜ਼ਾ ਰੱਖਿਆ ਗਿਆ। ਜਦ ਇਹ ਕੁਝ ਵੱਡਾ ਹੋਇਆ ਤਾਂ ਇਸ ਦੀ ਮਾਸੀ ਇਸ ਨੂੰ ਪੜ੍ਹਾਉਣ ਲਈ ਆਪਣੇ ਪਿੰਡ ਖੀਵੇ (ਸਿਆਲਾਂ ਦੇ) ਲੈ ਗਈ। ਇਹ ਉਸੇ ਮਸੀਤ ਵਿਚ ਪੜ੍ਹਨ ਲੱਗ ਗਿਆ ਜਿਥੇ ਪਿੰਡ ਦੇ ਚੌਧਰੀ ਦੀ ਬੀਬੀ ਸਾਹਿਬਾਂ ਪੜ੍ਹਿਆ ਕਰਦੀ ਸੀ।

ਦੋਵੇਂ ਹੀ ਹੁੰਦਲ-ਹੇਤ ਤੇ ਸੋਹਣੇ ਸਨ। ਇੱਕਠੇ ਪੜ੍ਹਦੇ, ਇੱਕਠੇ ਹੀ ਖੇਡਦੇ। ਸਮਾਂ ਹੀ ਐਸਾ ਸੀ, ਪੁੰਨ-ਪਾਪ ਦਾ ਕੋਈ ਖ਼ਿਆਲ ਨਹੀਂ ਸੀ, ਦੋਹਾਂ ਵਿਚ ਪਿਆਰ ਸੀ ਅਤੇ ਦੋਵੇਂ ਇਕ ਦੂਜੇ ਦੇ ਘਰ ਆਉਂਦੇ ਜਾਂਦੇ ਸਨ।

ਜਦ ਮਿਰਜ਼ਾ ਕੁਝ ਵੱਡਾ ਹੋ ਗਿਆ ਤਾਂ ਇਸ ਦੇ ਮਾਪਿਆਂ ਨੇ ਇਸ ਨੂੰ ਫਰੀਦਾਬਾਦ ਸਦਵਾ ਲਿਆ। ਹੌਲੀ-ਹੌਲੀ ਇਹ ਜਵਾਨ ਹੋ ਗਿਆ ਅਤੇ ਸਮੇਂ ਦੇ ਰਿਵਾਜ ਅਨੁਸਾਰ ਘੋੜੇ ਦੀ ਸਵਾਰੀ ਤੇ ਤੀਰ ਚਲਾਉਣ ਦਾ ਹੁਨਰ ਚੰਗੀ ਤਰ੍ਹਾਂ ਸਿੱਖ ਗਿਆ। ਉਹ ਸਮੇਂ ਮਾਰਾਂ-ਧਾੜਾਂ ਦੇ ਸਨ ਅਤੇ ਹਰ ਇਕ ਗੱਭਰੂ ਸਵਾਰੀ ਤੇ ਤੀਰ ਚਲਾਉਣ ਦਾ ਚੰਗਾ ਜਾਣੂ ਹੋਇਆ ਕਰਦਾ ਸੀ। ਭਾਵੇਂ ਮੁਗਲਾਂ ਦੀਆਂ ਫੌਜਾਂ ਵਿਚ ਤੋੜੇਦਾਰ ਬੰਦੂਕਾਂ ਦਾ ਰਿਵਾਜ ਸੀ, ਪਰ ਪਿੰਡਾਂ ਵਿਚ ਬੰਦੂਕ ਨੂੰ ਕੋਈ ਨਹੀਂ ਜਾਣਦਾ ਸੀ। ਇਨ੍ਹਾਂ ਦਾ ਵੱਡਾ ਹਥਿਆਰ ਤੀਰ ਕਮਾਨ ਸੀ ਅਤੇ ਇਸ ਤੋਂ ਉਪਰ ਸਨ ਸੇਲਾ, ਭਾਲਾ ਅਤੇ ਤਲਵਾਰ।

ਹੁਣ ਮਿਰਜ਼ਾ ਭਰਵਾਂ ਜਵਾਨ ਸੀ। ਇਕ ਦਿਨ ਮੰਗਤਾ ਜੋ ਪਿੰਡੋਂ-ਪਿੰਡ ਮੰਗਦਾ ਫਿਰਦਾ ਸੀ, ਫਰੀਦਾਬਾਦ ਪੁੱਜਾ। ਇਹ ਆਪਣੇ ਆਪ ਨੂੰ ਪੀਰ ਅਖਵਾਉਂਦਾ ਸੀ। ਸਮੇਂ ਦੇ ਰਿਵਾਜ ਅਨੁਸਾਰ ਪਿੰਡ ਦੇ ਆਦਮੀ ਤਕੀਏ ਵਿਚ ਇੱਕਠੇ ਹੋਏ ਅਤੇ ਇਸ ਨਵੇਂ ਆਏ ਸੈਲਾਨੀ ਦੀਆਂ ਗੱਲਾਂ ਸੁਣਨ ਲੱਗੇ। ਇਸ ਨੇ ਸਾਹਿਬਾਂ ਦੀ ਜੁਆਨੀ ਤੇ ਹੁਸਨ ਦੀ ਬੜੀ ਉਪਮਾ ਕੀਤੀ ਅਤੇ ਮੰਗਦਾ-ਖਾਂਦਾ ਅੱਗੇ ਨੂੰ ਚਲਿਆ ਗਿਆ।

ਮਿਰਜ਼ੇ ਨੂੰ ਆਪਣੀ ਬਾਲੀ ਉਮਰ ਦੀਆਂ ਗੱਲਾਂ ਚੇਤੇ ਆ ਗਈਆਂ। ਉਹ ਆਪਣੀ ਘੋੜੀ ਉੱਤੇ ਸਵਾਰ ਹੋਇਆ ਅਤੇ ਰਵਾਂ ਰਵੀਂ ਪਿੰਡ ਆਪਣੀ ਮਾਸੀ ਪਾਸ ਚਲਿਆ ਗਿਆ। ਮਾਸੀ ਨੂੰ ਆਪਣੇ ਦਿਲ ਦੀ ਸਾਰੀ ਗੱਲ ਦੱਸੀ, ਜਿਸ ਨੇ ਸਾਰੀਆਂ ਗੱਲਾਂ ਸਾਹਿਬਾਂ ਦੇ ਕੰਨੀਂ ਪਾਈਆਂ। ਉਸ ਨੂੰ ਵੀ ਆਪਣੀ ਛੋਟੀ ਉਮਰ ਦੀਆਂ ਗੱਲਾਂ ਚੇਤੇ ਆ ਗਈਆਂ ਤੇ ਮਿਰਜ਼ੇ ਨੂੰ ਵੇਖ ਕੇ ਉਹ ਵੀ ਪਿਆਰ ਕਰਨ ਲੱਗ ਗਈ।

ਭਾਵੇਂ ਕੋਈ ਪੜਦਾ ਤਾਂ ਨਹੀਂ ਸੀ, ਪਰ ਤਦ ਵੀ ਇਕ ਜਵਾਨ ਕੁੜੀ ਦਾ ਇਕ ਓਪਰੇ ਜਵਾਨ ਮੁੰਡੇ ਨੂੰ ਹਨੇਰੇ-ਸਵੇਰੇ ਇਕਾਂਤ ਵਿਚ ਮਿਲਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਇਕ ਦਿਨ ਮਿਰਜ਼ੇ ਦੀ ਮਾਸੀ ਨੇ ਸਾਹਿਬਾਂ ਦੀ ਮਾਂ ਨੂੰ ਜਾ ਕੇ ਆਖਿਆ ਕਿ ਕੁੜੀ ਬੀਮਾਰ ਜੇਹੀ ਰਹਿੰਦੀ ਹੈ, ਜੇਕਰ ਤੂੰ ਇਸ ਨੂੰ ਮੇਰੇ ਸਪੁਰਦ ਕਰ ਦੇਵੇਂ ਤਾਂ ਮੈਂ ਇਸ ਦਾ ਦਵਾ-ਦਾਰੂ ਕਰਾਂ, ਜ਼ਰੂਰ ਰਾਜ਼ੀ ਹੋ ਜਾਊ। ਸਾਹਿਬਾਂ ਦੀ ਮਾਂ ਨੇ ਕਿਹਾ, 'ਕੀ ਡਰ ਹੈ, ਤੁਹਾਡੀ ਹੀ ਧੀ ਹੈ। ਆਪਣੇ ਘਰ ਲੈ ਜਾਓ ਤੇ ਦਵਾ-ਦਾਰੂ ਕਰੋ।'

ਇਸ ਤਰ੍ਹਾਂ ਮਿਰਜ਼ਾ ਤੇ ਸਾਹਿਬਾਂ ਇੱਕਠੇ ਹੋ ਗਏ ਅਤੇ ਆਪੋ ਵਿਚ ਇਨ੍ਹਾਂ ਦਾ ਪਿਆਰ ਵਧ ਗਿਆ, ਪਰ ਮਾਲੂਮ ਹੁੰਦਾ ਹੈ ਕਿ ਮਿਰਜ਼ਾ ਹੁਣ ਆਪਣੀ ਮਾਸੀ ਦੇ ਘਰ ਚੋਰਾਂ ਵਾਂਗ ਲੁਕ ਕੇ ਰਹਿੰਦਾ ਸੀ, ਨਸ਼ੰਗ ਹੋ ਕੇ ਨਹੀਂ ਰਹਿੰਦਾ ਸੀ।

ਇਕ ਦਿਨ ਸਾਹਿਬਾਂ ਦੇ ਕਿਸੇ ਨਜ਼ਦੀਕੀ ਨੇ ਇਨ੍ਹਾਂ ਦੋਹਾਂ ਨੂੰ ਪਿਆਰ ਕਰਦੇ ਵੇਖ ਲਿਆ। ਉਸ ਨੇ ਮਿਰਜ਼ੇ ਦੀ ਮਾਸੀ ਨੂੰ ਬਹੁਤ ਬੁਰਾ ਭਲਾ ਕਿਹਾ ਅਤੇ ਸਾਹਿਬਾਂ ਨੂੰ ਫੜ ਕੇ ਉਸ ਦੀ ਮਾਂ ਪਾਸ ਲੈ ਗਿਆ।

ਸਾਹਿਬਾਂ ਖੇਖਨ-ਹੱਥੀ ਰੋਣ ਲੱਗ ਪਈ ਤੇ ਕਹਿਣ ਲੱਗੀ ਕਿ ਇਸ ਸ਼ਰੀਕ ਨੇ ਮੈਨੂੰ ਝੂਠੀ ਊਜ ਲਾਈ ਹੈ, ਭਲਾ ਮੈਂ ਕਿਥੇ ਤੇ ਮਿਰਜ਼ਾ ਕਿਥੇ? ਭਾਲ ਕੀਤੀ ਤਾਂ ਮਿਰਜ਼ੇ ਦਾ ਕੁਝ ਥਹੁ ਨਾ ਲੱਗਾ, ਕਿਉਂ ਜੁ ਮਿਰਜ਼ਾ ਡਰਦਾ ਮਾਰਾ ਉਦੋਂ ਹੀ ਫਰੀਦਾਬਾਦ ਨੂੰ ਨੱਸ ਗਿਆ ਸੀ।

ਮਾਪਿਆਂ ਨੇ ਸੋਚਿਆ ਕਿ ਸਾਹਿਬਾਂ ਜਵਾਨ ਹੈ। ਇਸ ਦਾ ਕਿਤੇ ਨਿਕਾਹ ਕਰ ਦੇਣਾ ਚਾਹੀਦਾ ਹੈ। ਤਾਹਰ ਖਾਂ ਇੱਕ ਸਰਦਾਰ ਸੀ, ਇਸ ਦੀ ਮੰਗਣੀ ਕੀਤੀ ਗਈ ਤੇ ਨਿਕਾਹ ਦਾ ਦਿਨ ਵੀ ਮਿਥ ਦਿੱਤਾ। ਸਾਹਿਬਾਂ ਨੇ ਮਿਰਜ਼ੇ ਪਾਸ ਸੁਨੇਹਾ ਘਲਵਾਇਆ ਕਿ 'ਫਲਾਣੇ ਦਿਨ ਮੇਰਾ ਨਿਕਾਹ ਹੈ, ਜੇ ਹੋ ਸਕਦਾ ਹੈ ਤਾਂ ਮੈਨੂੰ ਆ ਕੇ ਲੈ ਜਾਵੇ।'

ਮਿਰਜ਼ਾ ਫਰੀਦਾਬਾਦੋਂ ਤੁਰਿਆ ਤੇ ਖੀਵੇ ਆ ਕੇ ਜਨੇਤੀਆਂ ਨਾਲ ਰਲ ਗਿਆ। ਥਾਂ ਥਾਂ ਦੇ ਆਦਮੀ, ਕਿਸੇ ਨੂੰ ਕੀ ਪਤਾ ਕਿ ਕੌਣ ਕਿਥੋਂ ਦਾ ਹੈ? ਮਿਰਜ਼ੇ ਨੇ ਸਾਹਿਬਾਂ ਪਾਸ ਸੁਨੇਹਾ ਭਿਜਵਾ ਦਿੱਤਾ ਕਿ ਉਹ ਲੈਣ ਆ ਗਿਆ ਹੈ। ਬੇਸ਼ਰਮ ਸਾਹਿਬਾਂ ਘਰੋਂ ਨਿਕਲੀ ਅਤੇ ਮਿਰਜ਼ੇ ਨੂੰ ਆ ਮਿਲੀ। ਪਿੰਡ ਵਿਚ ਤਾਂ ਚੁਤਰਫੀਂ ਜਨੇਤ ਦਾ ਰਾਮ-ਰੌਲਾ ਪਿਆ ਹੋਇਆ ਸੀ, ਮਿਰਜ਼ੇ ਨੇ ਸਾਹਿਬਾਂ ਨੂੰ ਆਪਣੇ ਪਿੱਛੇ ਘੋੜੇ ਉੱਤੇ ਸੁੱਟਿਆ ਅਤੇ ਫਰੀਦਾਬਾਦ ਨੂੰ ਵਗ ਤੁਰਿਆ। ਜਦ ਸਿਆਲਾਂ ਦੀ ਹੱਦ ਟੱਪ ਕੇ ਖਰਲਾਂ ਦੀ ਹੱਦ ਅੰਦਰ ਅੱਪੜ ਪਿਆ ਤਾਂ ਬੇ-ਫ਼ਿਕਰ ਹੋ ਕੇ ਖੜੋ ਗਿਆ ਅਤੇ ਚਾਹਿਆ ਕਿ ਥੋੜੀ ਜਿਹੀ ਅੱਖ ਲਾ ਕੇ ਫੇਰ ਪਿੰਡ ਨੂੰ ਤੁਰਾਂਗੇ।

ਹੁਣ ਖੀਵੇ ਵੱਲ ਦੀ ਸੁਣੋ। ਜਦ ਨਿਕਾਹ ਦਾ ਸਮਾਂ ਆਇਆ ਤਾਂ ਸਾਹਿਬਾਂ ਦਾ ਕਿਤੇ ਪਤਾ ਨਹੀਂ ਸੀ। ਭਰਾ ਸਮਝ ਗਏ ਕਿ ਇਹ ਮਿਰਜ਼ੇ ਦਾ ਕਾਰਾ ਹੈ। ਸਾਹਿਬਾਂ ਦੇ ਦੋਵੇਂ ਭਰਾ ਤੇ ਹੋਰ ਰਿਸ਼ਤੇਦਾਰ ਘੋੜੀਆਂ ਪੀੜ ਕੇ ਪਿੱਛੇ ਨੱਠੇ ਅਤੇ ਚਾਹਿਆ ਕਿ ਮਿਰਜ਼ੇ ਨੂੰ ਪਿੰਡ ਪੁੱਜਣ ਤੋਂ ਪਹਿਲਾਂ ਹੀ ਫੜ ਲਈਏ।

ਮਿਰਜ਼ਾ ਤਾਂ ਉਨੀਂਦੇ ਦਾ ਮਾਰਿਆ ਸੁੱਤਾ ਪਿਆ ਸੀ ਅਤੇ ਸਾਹਿਬਾਂ ਉਸ ਦੇ ਪਾਸ ਰਾਖੀ ਲਈ ਜਾਗਦੀ ਬੈਠੀ ਸੀ। ਇਸ ਨੇ ਮਿਰਜ਼ੇ ਦਾ ਤੀਰਾਂ ਦਾ ਭੱਥਾ ਤੇ ਉਸ ਦੀ ਕਮਾਨ ਰੁੱਖ ਨਾਲ ਲਟਕਾ ਦਿੱਤੇ ਸਨ, ਜਿਸ ਹੇਠ ਮਿਰਜ਼ਾ ਸੁੱਤਾ ਹੋਇਆ ਸੀ। ਜਦ ਸਾਹਿਬਾਂ ਨੇ ਦੂਰੋਂ ਘੋੜਿਆਂ ਦੇ ਹਿਣਕਣ ਤੇ ਟਾਪਾਂ ਨੂੰ ਸੁਣਿਆਂ ਤਾਂ ਮਿਰਜ਼ੇ ਨੂੰ ਜਗਾਇਆ। ਕਾਇਰ ਛੇਤੀ ਨਾਲ ਘੋੜੇ ਉੱਤੇ ਸਵਾਰ ਹੋਇਆ ਤੇ ਸਾਹਿਬਾਂ ਨੂੰ ਆਪਣੇ ਪਿੱਛੇ ਸੁੱਟ ਕੇ ਨੱਠਾ, ਪਰ ਅਫੜਾ-ਤਫੜੀ ਵਿਚ ਆਪਣੇ ਤੀਰ ਦਾ ਭੱਥਾ ਤੇ ਕਮਾਨ ਲਾਹੁਣੀ ਭੁੱਲ ਗਿਆ। ਵੈਰੀ ਮਗਰੇ ਮਗਰ ਖੋਜ ਨੱਪੀ ਆ ਰਹੇ ਸਨ। ਉਹ ਸਮਝ ਗਏ ਕਿ ਮਿਰਜ਼ਾ ਹੁਣੇ ਹੀ ਇਥੋਂ ਨੱਸਿਆ ਹੈ। ਉਹ ਰਤਾ ਤਿੱਖੇ ਹੋਏ ਤੇ ਮਿਰਜ਼ੇ ਨੂੰ ਜਾ ਮਿਲੇ। ਮਿਰਜ਼ੇ ਨੇ ਹਿਰਖ ਕੀਤਾ ਕਿ ਉਸ ਦੇ ਤੀਰ ਕਮਾਨ ਉਸ ਪਾਸ ਨਹੀਂ ਹਨ। ਲਾਚਾਰ ਤਲਵਾਰ ਧੂਹ ਕੇ ਲੜਿਆ ਪਰ ਵੈਰੀਆਂ ਹੱਥੋਂ ਮਾਰਿਆ ਗਿਆ।

ਗਿਰਦ-ਨਵਾਹੀ ਦੇ ਮੁਸਲਮਾਨਾਂ ਨੇ ਮਿਰਜ਼ੇ ਦੀ ਲੋਥ ਨੂੰ ਉਥੇ ਹੀ ਦੱਬ ਦਿੱਤਾ। ਜਿਥੇ ਫਰੀਦਾਬਾਦ ਦੇ ਰਾਹ ਉੱਤੇ ਉਸ ਦੀ ਕਬਰ ਜ਼ਿਆਰਤ ਦੀ ਥਾਂ ਬਣ ਗਈ। ਗਣੇਸ਼ ਦਾਸ ਲਿਖਦਾ ਹੈ ਕਿ ਖੀਵਾ ਪਿੰਡ ਕਦੇ ਦਾ ਉੱਜੜ ਚੁੱਕਾ ਹੈ ਅਤੇ ਜਿਸ ਮਸੀਤ ਵਿਚ ਮਿਰਜ਼ਾ ਤੇ ਸਾਹਿਬਾਂ ਪੜ੍ਹਿਆ ਕਰਦੇ ਸਨ, ਉਸ ਦੀ ਕੰਧ ਅਜੇ ਤੀਕ ਖੜ੍ਹੀ ਹੈ।

ਮੇਰੀ ਜਾਚੇ ਇਹ ਘਟਨਾ ਉਸ ਸਮੇਂ ਦੇ ਏੜ-ਗੇੜ ਹੋਈ ਹੈ ਜਦ ਕਿ ਨਾਦਰ ਸ਼ਾਹ ਇਸ ਦੇਸ਼ ਵਿਚ ਆਇਆ ਸੀ। ਇਸ ਗੱਲ ਤੋਂ ਸਿਆਲਾਂ ਤੇ ਖਰਲਾਂ ਦਾ ਆਪੋ ਵਿਚ ਇਤਨਾ ਵੈਰ ਵਧ ਗਿਆ ਕਿ ਹੁਣ ਤੀਕ ਉਨ੍ਹਾਂ ਦੇ ਮਨ ਆਪੋ ਵਿਚ ਸਾਫ਼ ਨਹੀਂ ਹੋਏ ਪਰ ਲੋਕੀਂ ਮਿਰਜ਼ੇ ਨੂੰ ਸੂਰਮਾ ਕਹਿੰਦੇ ਹਨ ਤੇ ਉਸ ਦੀ ਬਹਾਦਰੀ ਦੇ ਦਿਨੇ ਰਾਤ ਗੀਤ ਗਾਉਂਦੇ ਹਨ। ਜੇ ਸੱਚ ਮੁਚ ਮਿਰਜ਼ਾ ਸੂਰਮਾ ਹੁੰਦਾ ਤਾਂ ਐਸਾ ਨੀਚ ਕੰਮ ਕਦੇ ਨਾ ਕਰਦਾ ਅਤੇ ਜੇ ਕਾਇਰ ਨਾ ਹੁੰਦਾ ਤਾਂ ਉਸੇ ਰੁੱਖ ਹੇਠ ਖਲੋ ਕੇ ਲੜਦਾ, ਜਿਸ ਹੇਠ ਸੁੱਤਾ ਸੀ। ਵੈਰੀ ਨੂੰ ਨੇੜੇ ਆਇਆ ਵੇਖ ਕੇ ਨੱਸ ਨਾ ਉੱਠਦਾ ਤੇ ਅਫੜਾ-ਤਫੜੀ ਵਿਚ ਆਪਣੇ ਤੀਰ-ਕਮਾਨ ਨਾ ਭੁੱਲ ਜਾਂਦਾ।

ਅਜਿਹਾ ਮਾਲੂਮ ਹੁੰਦਾ ਹੈ ਕਿ ਨਿੱਕੇ ਹੁੰਦੇ ਮਿਰਜ਼ੇ ਦੀ ਮਾਂ ਮਰ ਚੁੱਕੀ ਹੋਵੇਗੀ ਤੇ ਇਸੇ ਤਰ੍ਹਾਂ ਨਿੱਕੀ ਹੁੰਦੀ ਸਾਹਿਬਾਂ ਦਾ ਪਿਤਾ ਵੀ ਮਰ ਚੁੱਕਾ ਹੋਵੇਗਾ। ਸਾਹਿਬਾਂ ਆਪਣੇ ਦੋਹਾਂ ਭਰਾਵਾਂ ਤੋਂ ਛੋਟੀ ਤੇ ਮਾਂ ਦੀ ਲਡਿੱਕੀ ਹੋਵੇਗੀ, ਜੋ ਸਮੇਂ ਦੇ ਰਿਵਾਜ ਅਨੁਸਾਰ ਉਸ ਦੇ ਖੁੱਲ-ਖੁਲਾਸੇ ਸੁਭਾਅ ਤੋਂ ਬੁਰਾ ਨਹੀਂ ਮਨਾਉਂਦੀ ਹੋਵੇਗੀ। ਮਾਵਾਂ ਆਪਣੀਆਂ ਧੀਆਂ ਦੇ ਮਾਮਲੇ ਵਿਚ ਸਦਾ ਕਮਜ਼ੋਰ ਹੋਇਆ ਕਰਦੀਆਂ ਹਨ। ਜੇ ਖੀਵਾ ਜੀਉਂਦਾ ਹੁੰਦਾ ਤਾਂ ਸਾਹਿਬਾਂ ਸ਼ਾਇਦ ਇਤਨਾ ਹੌਸਲਾ ਹੀ ਨਾ ਕਰਦੀ।



JARNAIL SINGH



ART CLASSES

‣ 604-825-4659
‣ 604-724-6922
‣ 604-595-5885

#106- 12882-85 Ave. Surrey




# ਸਤਿਸੰਗਤ ਕੈਸੀ ਜਾਣੀਐ



ਲੇਖਕ : ਰਣਜੀਤ ਸਿੰਘ,
ਸਟੇਟ ਤੇ ਨੈਸ਼ਨਲ ਅਵਾਰਡੀ, ਹੈਡਮਾਸਟਰ

ਅਸੀਂ ਹਰ ਰੋਜ਼ ਅਰਦਾਸ ਦੇ ਅੰਤ ਵਿੱਚ ਪ੍ਰਮਾਤਮਾ ਅੱਗੇ ਇਹ ਮੰਗ ਕਰਦੇ ਹਾਂ 'ਸੋਈ ਗੁਰਮੁਖ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਆਪ ਜੀ ਦਾ ਨਾਮ ਚਿੱਤ ਆਵੈ।' ਭਾਵ ਅਸੀਂ ਅਜਿਹੇ ਪੁਰਖਾਂ ਦੀ ਸੰਗਤ ਕਰੀਏ ਜਿਨ੍ਹਾਂ ਦੇ ਕਰਨ ਨਾਲ ਅਸੀਂ ਅਕਾਲ ਪੁਰਖ ਦੀ ਯਾਦ ਨੂੰ ਹਿਰਦੇ ਵਿੱਚ ਵਸਾ ਕੇ ਆਪਣਾ ਜੀਵਨ ਸਫਲ ਕਰ ਸਕੀਏ। ਸਤਿ ਸੰਗਤ ਕੀ ਹੈ ? ਉਨ੍ਹਾਂ ਪੁਰਖਾਂ ਦਾ ਇਕੱਠ, ਜਿੱਥੇ ਪ੍ਰਮਾਤਮਾ ਦੇ ਨਾਮ ਦੀ ਵਿਚਾਰ ਚੱਲਦੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਹੈ ''ਸਤਸੰਗਤਿ ਕੈਸੀ ਜਾਣੀਐ ?॥ ਜਿਥੈ ਏਕੋ ਨਾਮੁ ਵਖਾਣੀਐ ॥ ਏਕੋ ਨਾਮੁ ਹੁਕਮੁ ਹੈ; ਨਾਨਕ! ਸਤਿਗੁਰਿ ਦੀਆ ਬੁਝਾਇ ਜੀਉ ॥'' (ਮਹਲਾ ੧/੭੨)

ਆਧੁਨਿਕ ਸਾਇੰਸ ਵੀ ਇਹ ਕਹਿੰਦੀ ਹੈ ਕਿ ਦਿੱਸਣਹਾਰ ਮਾਦਾ; ਜਿਵੇਂ ਹਵਾ, ਪਾਣੀ, ਧਾਤਾਂ, ਅੱਗ, ਮਿੱਟੀ, ਪੌਦੇ, ਪਸ਼ੂ, ਚੰਦ, ਤਾਰੇ ਤੇ ਇਨਸਾਨ ਆਦਿ ਸਭ ਕੁਦਰਤੀ ਤੱਤਾਂ ਦੇ ਮੇ.ਲ ਜੋਲ ਤੋਂ ਬਣੇ ਹਨ। ਮਨੁੱਖ ਵੀ ਪੰਜ ਤੱਤਾਂ ਦੇ ਮੇ.ਲ ਤੋਂ ਬਣਿਆ ਹੋਇਆ ਹੀ ਕਿਹਾ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਫ਼ੁਰਮਾਉਂਦੇ ਹਨ ''ਪਾਂਚ ਤਤ ਕੋ ਤਨੁ ਰਚਿਓ; ਜਾਨਹੁ ਚਤੁਰ ਸੁਜਾਨ ॥ ਜਿਹ ਤੇ ਉਪਜਿਓ ਨਾਨਕਾ; ਲੀਨ ਤਾਹਿ ਮੈ ਮਾਨੁ ॥'' (ਮਹਲਾ ੯/੧੪੨੭)

ਸਾਰੀ ਸ੍ਰਿਸ਼ਟੀ ਦੀ ਉਤਪਤੀ ਵੀ ਅਣੂਆਂ ਦੇ ਮੇਲ ਤੋਂ ਹੀ ਹੋਈ ਹੈ। ਜਿਸ ਦਾ ਇੱਕੋ ਇੱਕ ਸੋਮਾ ਪਰਮ ਤੱਤ ਅਕਾਲ ਪੁਰਖ ਹੈ; ਜਿਵੇਂ ਹਾਈਡਰੋਜਨ ਤੇ ਆਕਸੀਨ ਦੇ ਮੇ.ਲ ਤੋਂ ਪਾਣੀ ਪੈਦਾ ਹੁੰਦਾ ਹੈ। (ਨਾਈਟਰੋਜਨ ਤੇ ਆਕਸੀਜਨ ਦੇ ਮੇ.ਲ ਤੋਂ ਹਵਾ ਬਣਦੀ ਹੈ। ਇਸੇ ਤਰ੍ਹਾਂ ਤੱਤਾਂ ਜਾਂ ਧਾਤਾਂ ਦੇ ਮੇ.ਲ ਤੋਂ ਨਵੀਂ ਕਿਸਮ ਦੀਆਂ ਮਿਸ਼ਰਤ ਧਾਤਾਂ ਬਣਦੀਆਂ ਹਨ। ਭਾਈ ਗੁਰਦਾਸ ਜੀ; ਦੂਜੀ ਵਾਰ ਦੀ 6ਵੀਂ ਪਉੜੀ ਵਿੱਚ ਬਿਆਨ ਕਰਦੇ ਹਨ ''ਸੋਈ ਤਾਂਬਾ ਰੰਗ (ਕਲੀ) ਸੰਗਿ; ਜਿਉ ਕੈਹਾ (ਧਾਤੁ) ਹੋਈ। ਸੋਈ ਤਾਂਬਾ ਜਿਸਤ ਮਿਲਿ; ਪਿਤਲ ਅਵਲੋਈ। ਸੋਈ ਸੀਸੇ (ਸਿੱਕੇ) ਸੰਗਤੀ; ਭੰਗਾਰ ਭਲੋਈ (ਭਰਤ ਧਾਤੂ)। ਤਾਂਬਾ ਪਾਰਸਿ ਪਰਸਿਆ; ਹੋਇ ਕੰਚਨ (ਸੋਨਾ) ਸੋਈ। ਸੋਈ ਤਾਂਬਾ ਭਸਮ (ਰਾਖ) ਹੋਇ; ਅਉਖਧ ਕਰਿ ਭੋਈ (ਦਵਾਈ ਬਣਦਾ)। ਆਪੇ ਆਪਿ ਵਰਤਦਾ; ਸੰਗਤਿ ਗੁਣ ਗੋਈ ॥੬॥ (ਭਾਈ ਗੁਰਦਾਸ ਜੀ/ਵਾਰ ੨ ਪਉੜੀ ੬)

ਸੋ ਸੰਗਤ ਲਫ਼ਜ਼ ਦੇ ਪਿੱਛੇ ਅਤਿ ਡੂੰਘੇ ਅਤੇ ਗੁੱਝੇ ਭੇਦ ਛੁਪੇ ਹੋਏ ਹਨ। ਇਸ ਦੇ ਅੰਤਰੀਵ/ਆਤਮਿਕ ਭਾਵ ਨੂੰ ਸਮਝਣ ਅਤੇ ਅਨੁਭਵ ਕਰਨ ਦੀ ਅਤੀ ਜ਼ਰੂਰਤ ਹੈ। ਇਸ ਅੰਤਰੀਵ ਗਿਆਨ ਤੋਂ ਬਿਨਾਂ ਅਸੀਂ ਕਈ ਵਾਰ ਸੰਗਤ ਨੂੰ ਸਰੀਰਕ ਮੇ.ਲ ਜੋਲ ਹੀ ਸਮਝ ਬੈਠਦੇ ਹਾਂ। ਮਨੁੱਖ ਦੀ ਮ.ਲੀਨ ਬੁੱਧੀ, ਬਿਨਾਂ ਗੁਰੂ ਦੀ ਸੰਗਤ ਦੇ, ਸ਼ੀਸ਼ੇ ਦੀ ਨਿਆਈਂ ਪਾਰਦਰਸ਼ੀ ਨਹੀਂ ਹੋ ਸਕਦੀ। ਲਗਾਤਾਰ ਸਾਧ ਸੰਗਤ ਤੋਂ ਬਗ਼ੈਰ ਇਨਸਾਨ ਲਈ ਮਾਇਕੀ ਗਿਲਾਨੀ ਤੋਂ ਬਚਣ ਤੇ ਇਸ 'ਚੋਂ ਨਿਕਲਣ ਦਾ ਕੋਈ ਹੋਰ ਰਾਹ ਹੀ ਨਹੀਂ ਹੈ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ ''ਸਾਧਸੰਗਤਿ ਬਿਨੁ ਤਰਿਓ ਨ ਕੋਇ ॥ (ਮਹਲਾ ੫/੩੭੩), ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ; ਸੰਤਸੰਗਿ ਨਿਤ ਰਹੀਐ ॥ ਏਕੁ ਅਧਾਰੁ ਨਾਮੁ ਧਨੁ ਮੋਰਾ; ਅਨਦੁ ਨਾਨਕ ਇਹੁ ਲਹੀਐ ॥'' (ਮਹਲਾ ੫/੫੩੩) ਇਸ ਲਈ ਗੁਰਬਾਣੀ ਸਾਨੂੰ ਸਾਧ ਸੰਗਤ ਭਾਵ ਬਖਸ਼ੇ ਹੋਏ ਗੁਰਮੁਖਾਂ ਦੀ ਸੰਗਤ ਕਰਨ ਦੀ ਵਾਰ-ਵਾਰ ਪ੍ਰੇਰਨਾ ਕਰਦੀ ਹੈ। ਗੁਰੂ ਅਰਜਨ ਦੇਵ ਜੀ ਸ੍ਰੀ ਰਾਗ ਵਿੱਚ ਫ਼ੁਰਮਾਉਂਦੇ ਹਨ ''ਸੰਤ ਜਨਹੁ ਮਿਲਿ ਭਾਈਹੋ! ਸਚਾ ਨਾਮੁ ਸਮਾਲਿ ॥'' (ਮਹਲਾ ੫/੪੯) ਗੁਰੂ ਰਾਮਦਾਸ ਜੀ ਸਾਰੰਗ ਰਾਗ ਵਿੱਚ ਫ਼ੁਰਮਾਉਂਦੇ ਹਨ ''ਸੰਤ ਜਨਾ ਕੈ ਸੰਗਿ ਮਿਲੁ ਬਉਰੇ! ਤਉ ਪਾਵਹਿ ਮੋਖ ਦੁਆਰੁ ॥'' (ਮਹਲਾ ੪/੧੨੦੦)

ਸੰਗਤ ਵਿੱਚ ਮਿਲ ਬੈਠ ਕੇ ਮਨ ਦੀ ਦੁਬਿਧਾ ਤੇ ਵਿਕਾਰਾਂ ਦਾ ਵਖਰੇਵਾਂ ਦੂਰ ਹੋ ਜਾਂਦਾ ਹੈ। ਗੁਰੂ ਆਸ਼ੇ ਅਨੁਸਾਰ ਸੰਗਤ ਵਿੱਚ ਜਦੋਂ ਵਿਚਾਰ ਕਰਦੇ ਹਾਂ ਤਾਂ ਸਾਰੇ ਸ਼ੰਕੇ ਨਵਿਰਤ ਹੋ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ ''ਹੋਇ ਇਕਤ੍ਰ ਮਿਲਹੁ ਮੇਰੇ ਭਾਈ! ਦੁਬਿਧਾ ਦੂਰਿ ਕਰਹੁ ਲਿਵ ਲਾਇ ॥'' (ਮਹਲਾ ੫/੧੧੮੫)

ਮਨੁੱਖ ਇੱਕ ਸਮਾਜਿਕ ਜੀਵ ਹੈ। ਇਹ ਇਕੱਲਾ ਨਹੀਂ ਰਹਿਣਾ ਚਾਹੁੰਦਾ। ਹੋਰਨਾਂ ਦੀ ਸੰਗਤ ਕਰਨਾ ਲੋਚਦਾ ਹੈ। ਇਸ ਲਈ ਮਨੁੱਖ ਆਮ ਕਰਕੇ ਆਪਣੇ ਵਰਗੇ ਹੋਰ ਜੀਵਾਂ ਨਾਲ ਸੰਗਤ ਕਰਨੀ ਚਾਹੁੰਦਾ ਹੈ, ਜੋ ਪ੍ਰਭੂ ਵੱਲੋਂ ਟੁੱਟੇ ਹੁੰਦੇ ਹਨ ਤੇ ਉਨ੍ਹਾਂ ਦਾ ਸੰਬੰਧ ਪਦਾਰਥਵਾਦ ਨਾਲ ਹੁੰਦਾ ਹੈ। ਮਨੁੱਖ ਇਸ ਝੂਠੇ ਵਣਜ-ਵਪਾਰ ਵਿੱਚ ਗ਼ਲਤਾਨ ਹੋ ਕੇ ਖੁਆਰ ਹੁੰਦਾ ਹੈ। ਗੁਰਬਾਣੀ ਉਸ ਨੂੰ ਅਜਿਹੀ ਸੰਗਤ ਕਰਨ ਤੋਂ ਵਾਰ-ਵਾਰ ਤਾੜਨਾ ਕਰਦੀ ਹੈ। ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ ''ਮਨਮੁਖ ਸੇਤੀ ਦੋਸਤੀ; ਥੋੜੜਿਆ ਦਿਨ ਚਾਰਿ ॥ ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ; ਇਤੁ ਦੋਸਤੀ ਚਲਨਿ ਵਿਕਾਰ ॥'' (ਮਹਲਾ ੩/੫੮੭) ਗੁਰੂ ਅਰਜਨ ਦੇਵ ਜੀ ਇਸ ਪ੍ਰਥਾਇ ਬਚਨ ਕਰਦੇ ਹਨ ''ਮਨਮੁਖਾ ਕੇਰੀ ਦੋਸਤੀ; ਮਾਇਆ ਕਾ ਸਨਬੰਧੁ ॥ ਵੇਖਦਿਆ ਹੀ ਭਜਿ ਜਾਨਿ; ਕਦੇ ਨ ਪਾਇਨਿ ਬੰਧੁ ॥'' (ਮਹਲਾ ੫/੯੫੯)

ਕਾਇਨਾਤ ਦੇ ਸਾਰੇ ਜੀਵ ਹੀ ਇਸ ਮਾਇਕ ਪਦਾਰਥਾਂ ਦੇ ਝੂਠੇ ਸੰਸਾਰ ਵਿੱਚ ਗ਼ਲਤਾਨ ਹਨ। ਗੁਰਬਾਣੀ ਅਜਿਹੇ ਜੀਵਾਂ ਨੂੰ ਤਾੜਨਾ ਕਰਦੀ ਹੈ। ਜੈਤਸਰੀ ਕੀ ਵਾਰ ਵਿੱਚ ਪੰਚਮ ਪਾਤਸ਼ਾਹ ਫ਼ੁਰਮਾਉਂਦੇ ਹਨ ''ਮਹਾ ਭਇਆਨ ਉਦਿਆਨ; ਨਗਰ ਕਰਿ ਮਾਨਿਆ ॥ ਝੂਠ ਸਮਗ੍ਰੀ ਪੇਖਿ; ਸਚੁ ਕਰਿ ਜਾਨਿਆ ॥'' (ਮਹਲਾ ੫/੭੦੮)

ਇਸ ਦੇ ਐਨ ਉਲਟ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਕਰਕੇ ਉਨ੍ਹਾਂ ਦੇ ਨਿਰਮਲ ਵਿਚਾਰਾਂ ਨਾਲ ਪਰਸ (ਛੁਹ) ਕੇ ਸਾਡੀ ਮਾਇਕ ਪਦਾਰਥਾਂ ਨਾਲ ਮ.ਲੀਨ ਹੋਈ ਬੁੱਧੀ ਉੱਤੇ ਪਾਰਸ ਕਲਾ ਵਰਤ ਸਕਦੀ ਹੈ ਅਤੇ ਸਾਡੇ ਮ.ਲੀਨ ਹਿਰਦਿਆਂ ਵਿੱਚ ਚੜ੍ਹਦੀ ਕਲਾ, ਖੇੜਾ ਤੇ ਗੁਰੂ ਪਿਆਰ ਉਪਜ ਸਕਦਾ ਹੈ। ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਹੈ ''ਸਤਸੰਗਤਿ ਮਿਲੈ ਤ ਦਿੜਤਾ ਆਵੈ; ਹਰਿ ਰਾਮ ਨਾਮਿ ਨਿਸਤਾਰੇ ॥'' (ਮਹਲਾ ੪/੯੮੧) ਐਸੇ ਨਿਰਮਲ ਹੋਏ ਹਿਰਦਿਆਂ ਵਿੱਚ ਇਲਾਹੀ ਪਿਆਰ, ਪ੍ਰੇਮ ਭਾਵਨਾ, ਪ੍ਰੇਮ ਰਸ ਤੇ ਪ੍ਰਭੂ ਪਿਆਰ ਸੁਭਾਵਕ ਹੀ ਉਪਜਦਾ ਹੈ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ ''ਮੇਰੇ ਮਨ ! ਹਰਿ ਸਿਉ ਲਾਗੀ ਪ੍ਰੀਤਿ ॥ ਸਾਧਸੰਗਿ ਹਰਿ ਹਰਿ ਜਪਤ; ਨਿਰਮਲ ਸਾਚੀ ਰੀਤਿ ॥੧॥ ਰਹਾਉ ॥'' (ਮਹਲਾ ੫/੪੩੧) ਇਸ ਤਰ੍ਹਾਂ ਮਾਇਆ ਦੀ ਰੰਗਤ ਨਾਲ ਮ.ਲੀਨ ਤੇ ਪਤਿਤ ਹੋਇਆ ਮਨ ਵੀ ਸਾਧ ਸੰਗਤ ਦੇ ਪ੍ਰਭਾਵ ਨਾਲ ਪਵਿੱਤਰ ਤੇ ਨਿਰਮਲ ਹੋ ਜਾਂਦਾ ਹੈ।

ਸਿੱਖ ਇਤਿਹਾਸ ਵਿੱਚ ਅਨੇਕਾਂ ਹੀ ਉਦਾਹਰਨਾਂ ਮਿਲ ਜਾਂਦੀਆਂ ਹਨ, ਜਿੱਥੇ ਭਲੇ ਪੁਰਸ਼ਾਂ ਦੀ ਸੰਗਤ ਕਰਨ ਨਾਲ ਮਨੁੱਖ ਦੇ ਜੀਵਨ ਵਿੱਚ ਕ੍ਰਾਂਤੀਕਾਰੀ ਤਬਦੀਲੀ ਆਈ ਹੈ। ਸੱਜਣ ਠੱਗ ਦੀ ਸਾਖੀ ਅਸੀਂ ਸਾਰੇ ਜਾਣਦੇ ਹਾਂ ਕਿ ਕਿਵੇਂ ਲਾਲਚ ਬਿਰਤੀ ਅਧੀਨ ਬਾਹਰੋਂ ਗੁਰਮੁਖੀ ਪਹਿਰਾਵੇ ਵਿੱਚ ਆਏ ਗਏ ਮੁਸਾਫਰਾਂ ਨੂੰ ਆਪਣੀ ਬਣਾਈ ਹੋਈ ਧਰਮਸ਼ਾਲਾ 'ਚ ਠਹਿਰਾ ਕੇ ਉਨ੍ਹਾਂ ਨੂੰ ਲੁੱਟਦਾ ਸੀ। ਜਦੋਂ ਗੁਰੂ ਨਾਨਕ ਸਾਹਿਬ ਜੀ ਦੀ ਸੰਗਤ ਕੁੱਝ ਸਮੇਂ ਲਈ ਹੀ ਕੀਤੀ ਤੇ ਉਹਨਾਂ ਦੁਆਰਾ ਉਚਾਰਿਆ ਸੂਹੀ ਰਾਗ ਦਾ ਇਹ ਸ਼ਬਦ ''ਉਜਲੁ ਕੈਹਾ ਚਿਲਕਣਾ; ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ; ਜੇ ਸਉ ਧੋਵਾ ਤਿਸੁ ॥'' (ਮਹਲਾ ੧/੭੨੯) ਸੁਣਿਆ ਤਾਂ ਉਨ੍ਹਾਂ ਦੇ ਚਰਨਾਂ 'ਤੇ ਢਹਿ ਪਿਆ। ਸੰਗਤ ਦਾ ਏਨਾ ਅਸਰ ਹੋਇਆ ਕਿ ਜਿਹੜੀ ਧਰਮਸ਼ਾਲਾ ਲੋਕਾਂ ਨੂੰ ਲੁੱਟਣ ਲਈ ਬਣਾਈ ਸੀ, ਉਹ ਸੱਚੀ ਟਕਸਾਲ ਬਣ ਗਈ ਅਤੇ ਹਰ ਸਮੇਂ ਪ੍ਰਭੂ ਦੇ ਨਾਮ ਦੀ ਸਿਫਤ ਸਲਾਹ ਹੋਣ ਲੱਗੀ, ਇਸ ਨਾਲ ਕਈਆਂ ਦਾ ਜੀਵਨ ਬਦਲ ਗਿਆ। ਇਸੇ ਤਰ੍ਹਾਂ ਭਾਈ ਬਿਧੀ ਚੰਦ, ਜੋ ਚੋਰ ਤੇ ਡਾਕੂ ਸਨ। ਚੋਰੀ ਕਰਨ ਤੋਂ ਬਾਅਦ ਆਪਣਾ ਬਚਾਅ ਕਰਨ ਲਈ, ਗੁਰੂ ਅਰਜਨ ਦੇਵ ਜੀ ਦੇ ਸਜੇ ਦਰਬਾਰ ਵਿੱਚ ਬੈਠ ਗਏ। ਗੁਰੂ ਉਪਦੇਸ਼ਾਂ ਨੂੰ ਸਰਵਣ ਕੀਤਾ ਤੇ ਸੰਗਤ ਦਾ ਰੂਪ ਹੀ ਹੋ ਗਏ। ਇੱਥੋਂ ਤੱਕ ਕਿ ਸਿਪਾਹੀ ਲੱਭਦੇ ਲੱਭਦੇ ਸੰਗਤ ਵਿੱਚ ਪਹੁੰਚੇ ਤੇ ਭਾਈ ਬਿਧੀ ਚੰਦ ਨੂੰ ਪਛਾਣ ਨਾ ਸਕੇ। ਕੁੱਝ ਸਮੇਂ ਕੀਤੀ ਸੰਗਤ ਦਾ ਏਨਾ ਪ੍ਰਭਾਵ ਪਿਆ ਕਿ ਭਾਈ ਬਿਧੀ ਚੰਦ ਨੇ ਹਮੇਸ਼ਾਂ ਲਈ ਕੁਕਰਮਾਂ ਦਾ ਤਿਆਗ ਕਰ ਗੁਰੂ ਉਪਦੇਸ਼ਾਂ ਨੂੰ ਕਮਾਉਣਾ ਸ਼ੁਰੂ ਕਰ ਦਿੱਤਾ।

ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਦਰਬਾਰ ਸਜਿਆ ਹੋਇਆ ਸੀ। ਦੂਰੋਂ ਦੂਰੋਂ ਸੰਗਤਾਂ ਗੁਰੂ ਦਰਸ਼ਨਾਂ ਲਈ ਆ ਰਹੀਆਂ ਸਨ। ਲੰਮੇ ਦੇਸ਼ ਤੋਂ ਆ ਰਹੀ ਸੰਗਤ ਦੇ ਨਾਲ ਜਸਵੰਤ ਰਾਏ ਨਾਂ ਦਾ ਚੋਰ ਵੀ ਰ.ਲ ਗਿਆ, ਪਰ ਮਨ ਵਿੱਚ ਖੋਟ ਸੀ। ਨਿਸ਼ਾਨਾ ਗੁਰੂ ਜੀ ਦੇ ਦਰਸ਼ਨ ਕਰਨਾ ਨਹੀਂ ਸੀ ਸਗੋਂ ਚੋਰੀ ਕਰਨਾ ਜਾਂ ਜੇਬਾਂ ਕੱਟਣਾ ਸੀ। ਜਦੋਂ ਗੁਰੂ ਸਾਹਿਬ ਦੇ ਸਨਮੁਖ ਮੱਥਾ ਟੇਕਣ ਲਈ ਪਹੁੰਚਿਆ ਤਾਂ ਗੁਰੂ ਸਾਹਿਬ ਨੇ ਗੁਰੂ ਨਾਨਕ ਸਾਹਿਬ ਜੀ ਦਾ ਸ਼ਬਦ ਉਚਾਰਿਆ ''ਚੋਰ ਕੀ ਹਾਮਾ; ਭਰੇ ਨ ਕੋਇ ॥ ਚੋਰੁ ਕੀਆ; ਚੰਗਾ ਕਿਉ ਹੋਇ ?॥ (ਮਹਲਾ ੧/੬੬੨) ਇਹ ਵਾਕ ਸੁਣਦੇ ਸਾਰ ਹੀ ਸੰਗਤ ਵਿੱਚ ਹੱਥ ਜੋੜ ਕੇ ਮਾਫ਼ੀ ਮੰਗੀ ਅਤੇ ਅੱਗੇ ਤੋਂ ਇਹ ਕੁਕਰਮ ਨਾ ਕਰਨ ਦਾ ਪ੍ਰਣ ਕੀਤਾ। ਕੁੱਝ ਪਲਾਂ ਦੀ ਸੰਗਤ ਦੇ ਨਾਲ ਜੀਵਨ ਵਿੱਚ ਕ੍ਰਾਂਤੀਕਾਰੀ ਤਬਦੀਲੀ ਆ ਗਈ।

ਬਾਬਾ ਬੰਦਾ ਸਿੰਘ ਬਹਾਦਰ ਜਿਨ੍ਹਾਂ ਦਾ ਪਿਛਲਾ ਨਾਂ ਲਛਮਣ ਦਾਸ ਸੀ, ਨੇ ਹਿਰਨੀ ਦਾ ਸ਼ਿਕਾਰ ਕੀਤਾ। ਉਸ ਦੇ ਪੇਟ ਵਿੱਚੋਂ ਦੋ ਬੱਚੇ ਨਿੱਕਲੇ ਤੇ ਤੜਫ-ਤੜਕ ਕਰ ਮਰ ਗਏ। ਲਛਮਣ ਦਾਸ ਦੇ ਮਨ 'ਤੇ ਏਨਾ ਅਸਰ ਹੋਇਆ ਕਿ ਉਸ ਨੇ ਸਦਾ ਲਈ ਸ਼ਿਕਾਰ ਕਰਨਾ ਛੱਡ ਦਿੱਤਾ ਤੇ ਹਥਿਆਰਾਂ ਨੂੰ ਵੀਹ ਸਾਲ ਤੱਕ ਹੱਥ ਨਾ ਲਾਇਆ। ਜਦੋਂ ਗੁਦਾਵਰੀ ਨਦੀ ਦੇ ਕੰਢੇ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਕੇਵਲ ਵੀਹ ਕੁ ਦਿਨ ਹੀ ਕੀਤੀ ਤਾਂ ਉਸ ਦਾ ਏਨਾ ਪ੍ਰਭਾਵ ਪਿਆ ਕਿ ਸਮੇਂ ਦੀ ਸਭ ਤੋਂ ਵੱਡੀ ਤਾਕਤ ਮੁਗ਼ਲ ਸਮਰਾਜ ਨਾਲ ਟੱਕਰ ਲੈ ਕੇ ਸਿੱਖ ਰਾਜ ਕਾਇਮ ਕੀਤਾ। ਅੰਤ ਸਮੇਂ ਜਦੋਂ ਬਾਬਾ ਜੀ ਤੇ ਹੋਰ ਸਿੰਘਾਂ ਨੂੰ ਕੈਦ ਕਰ ਲਿਆ ਗਿਆ ਤਾਂ ਆਪ ਦੇ ਚਾਰ ਸਾਲ ਦੇ ਬੱਚੇ ਦਾ ਦਿਲ ਕੱਢ ਕੇ ਬਾਬਾ ਜੀ ਦੇ ਮੂੰਹ ਵਿੱਚ ਤੁੰਨਿਆ ਗਿਆ। ਬਾਬਾ ਜੀ ਉਸ ਵੇਲੇ ਵੀ ਨਾ ਡੋਲੇ। ਓਹੋ ਬੰਦਾ ਸਿੰਘ ਬਹਾਦਰ ਜਿਹੜਾ ਹਿਰਨ ਦੇ ਬੱਚਿਆਂ ਨੂੰ ਤੜਫਦਾ ਵੇਖ ਕੇ ਵੈਰਾਗੀ ਬਣ ਗਿਆ ਸੀ ਤੇ ਹਥਿਆਰ ਛੱਡ ਦਿੱਤੇ ਸਨ, ਹੁਣ ਉਹੀ ਬੰਦਾ ਸਿੰਘ ਆਪਣੇ ਬੱਚੇ ਦਾ ਸਾਹਮਣੇ ਕਤਲ ਹੁੰਦਾ ਵੇਖ ਵੀ ਨਾ ਡੋਲਿਆ। ਇਹ ਸਭ ਗੁਰੂ ਸਾਹਿਬ ਦੀ ਕੀਤੀ ਸੰਗਤ ਦਾ ਹੀ ਫ਼.ਲ ਸੀ।


ਉਪਰੋਕਤ ਇਤਿਹਾਸਕ ਘਟਨਾਵਾਂ ਤੋਂ ਇਹ ਗੱਲ ਤਾਂ ਸਪਸ਼ਟ ਹੋ ਗਈ ਹੈ ਕਿ ਇਨ੍ਹਾਂ ਮਨੁੱਖਾਂ ਨੇ ਉਚੇਚੇ ਤੌਰ 'ਤੇ ਮਹਾਂਪੁਰਖਾਂ ਦੀ ਸੰਗਤ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ। ਇਹ ਸੰਗਤ ਉਨ੍ਹਾਂ ਦੇ ਲਿਖੇ ਹੋਏ ਪੂਰਬਲੇ ਕਰਮਾਂ ਅਨੁਸਾਰ ਹੀ ਉਨ੍ਹਾਂ ਨੂੰ ਮਿਲ ਗਈ ਤੇ ਜੀਵਨ ਵਿੱਚ ਕ੍ਰਾਂਤੀਕਾਰੀ ਤਬਦੀਲੀ ਆ ਗਈ। ਕੁੱਝ ਮਨੁੱਖ ਉਚਾ ਸੁਚਾ ਜੀਵਨ ਜਿਊਣ ਲਈ ਉਪਰਾਲਾ ਵੀ ਕਰਦੇ ਹਨ, ਪਰ ਉਨ੍ਹਾਂ ਦੇ ਪੁਰਾਣੇ ਸੰਸਕਾਰ ਐਨੇ ਡੂੰਘੇ ਉਕਰੇ ਹੁੰਦੇ ਹਨ ਕਿ ਉਹ ਕੋਸ਼ਿਸ਼ ਕਰਨ ਦੇ ਬਾਵਜੂਦ ਉਨ੍ਹਾਂ ਵੱਲ ਉਲਰੇ ਰਹਿੰਦੇ ਹਨ। ਉਨ੍ਹਾਂ 'ਚੋਂ ਕੁੱਝ ਮਨੁੱਖਾਂ ਨੂੰ ਸਾਧ ਸੰਗਤ ਦੀ ਵਡਿਆਈ ਦਾ ਗਿਆਨ ਤਾਂ ਹੁੰਦਾ ਹੈ ਪਰ ਪਰਵਾਰਿਕ ਝਮੇਲਿਆਂ ਕਾਰਨ ਸੰਗਤ ਵਿੱਚ ਆਉਣਾ ਕਠਿਨ ਲੱਗਦਾ ਹੈ ਜਾਂ ਅਜਿਹੇ ਵਿਅਕਤੀ ਨੂੰ ਘਰ ਦੇ ਹੋਰ ਜੀਅ ਜਾਂ ਉਨ੍ਹਾਂ ਜੀਆਂ ਦੇ ਮਿੱਤਰ ਹੀ ਕਹਿ ਦਿੰਦੇ ਹਨ ਕਿ ਗ੍ਰਿਹਸਤ ਦੇ ਫ਼ਰਜ਼ ਨਿਭਾਉਣਾ ਹੀ ਜੀਵਨ ਮਨੋਰਥ ਹੈ ਤੇ ਸੰਗਤ ਕਰਨੀ ਬਿਖਮ ਮਾਰਗ ਹੈ। ਗੁਰੂ ਅਮਰਦਾਸ ਜੀ 'ਅਨੰਦ' ਬਾਣੀ ਵਿੱਚ ਇਸ ਅਵਸਥਾ ਦਾ ਜ਼ਿਕਰ ਕਰਦੇ ਹੋਏ ਫ਼ੁਰਮਾਉਂਦੇ ਹਨ ''ਖੰਨਿਅਹੁ ਤਿਖੀ, ਵਾਲਹੁ ਨਿਕੀ; ਏਤੁ ਮਾਰਗਿ ਜਾਣਾ ॥'' (ਮਹਲਾ ੩/੯੧੯) ਇਸ ਕਰਕੇ ਗੁਰਬਾਣੀ ਵਿੱਚ ਸਤਿਸੰਗਤ ਭਾਵ ਗੁਰਮੁਖ ਪਿਆਰਿਆਂ ਦੇ ਮੇ.ਲ ਦੀ ਮਹਿਮਾ ਗਾਇਨ ਕੀਤੀ ਗਈ ਹੈ। ਇਸ ਪ੍ਰਥਾਇ ਗੁਰੂ ਅਰਜਨ ਦੇਵ ਜੀ ਦਾ ਬਚਨ ਹੈ ''ਹਰਿ ਕੀਰਤਿ ਸਾਧਸੰਗਤਿ ਹੈ; ਸਿਰਿ ਕਰਮਨ ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ; ਜਿਸੁ ਪੁਰਬ ਲਿਖੇ ਕਾ ਲਹਨਾ ॥'' (ਮਹਲਾ ੫/੬੪੨)

ਮਨੁੱਖ ਲਈ ਜਿੱਥੇ ਉਚੇ ਸੁੱਚੇ ਜੀਵਨ ਵਾਲੇ ਗੁਰਮੁਖ ਪਿਆਰਿਆਂ ਦੀ ਸੰਗਤ; ਜੀਵਨ ਵਿੱਚ ਤਬਦੀਲੀ ਲਿਆਉਂਦੀ ਹੈ, ਉੱਥੇ ਮਨੁੱਖ ਅਕਾਲ ਪੁਰਖ ਦੀ ਸਾਜੀ ਹੋਈ 'ਕੁਦਰਤ' ਦੀ ਸੰਗਤ ਕਰਕੇ ਵੀ ਆਤਮਿਕ ਹੁਲਾਰੇ ਮਾਣਦਾ ਹੈ। ਸੰਸਾਰ ਵਿੱਚ ਅਕਾਲ ਪੁਰਖ ਨੇ ਬੇਅੰਤ ਰੰਗਾਂ-ਰੂਪਾਂ ਵਿੱਚ ਆਪਣੀ ਮਨਮੋਹਣੀ ਕੁਦਰਤ ਰਚੀ ਹੋਈ ਹੈ। ਉਹ ਆਪ ਹੀ ਇਸ ਕੁਦਰਤ ਦੇ ਅੰਦਰ ਗੁਪਤ ਰੂਪ ਵਿੱਚ ਰਵਿਆ ਹੋਇਆ ਹੈ। ਆਸਾ ਕੀ ਵਾਰ ਵਿੱਚ ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ ''ਕੁਦਰਤਿ ਪਉਣੁ ਪਾਣੀ ਬੈਸੰਤਰੁ; ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ; ਤੂੰ ਕਾਦਿਰੁ ਕਰਤਾ; ਪਾਕੀ ਨਾਈ ਪਾਕੁ ॥ ਨਾਨਕ! ਹੁਕਮੈ ਅੰਦਰਿ ਵੇਖੈ; ਵਰਤੈ ਤਾਕੋ ਤਾਕੁ ॥'' (ਮਹਲਾ ੧/੪੬੪), ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥'' (ਮਹਲਾ ੧/੪੬੯)

ਅਸਲ ਵਿੱਚ ਸਾਡਾ ਮਨ ਮਾਇਆ ਵਿੱਚ ਇੰਨਾ ਗ਼ਲਤਾਨ ਹੋ ਚੁੱਕਾ ਹੈ ਕਿ ਸਾਨੂੰ ਇਸ 'ਕੁਦਰਤ' ਵੱਲ ਵੇਖਣ ਦੀ ਫ਼ੁਰਸਤ ਹੀ ਨਹੀਂ ਮਿਲਦੀ ਜਾਂ ਲੋੜ ਹੀ ਨਹੀਂ ਭਾਸਦੀ। ਬਾਗ਼ ਬਗ਼ੀਚੇ, ਪਾਰਕ, ਜੰਗ.ਲ, ਝਰਨੇ ਆਦਿ ਕੁਦਰਤੀ ਦ੍ਰਿਸ਼ਾਂ ਦਾ ਅਨੰਦ ਮਾਣਨ ਲਈ ਭਾਵ ਸੰਗਤ ਕਰਨ ਲਈ ਅਸੀਂ ਤਿਆਰ ਹੀ ਨਹੀਂ ਹੁੰਦੇ। ਜਦੋਂ ਅਕਾਲ ਪੁਰਖ ਦੀ ਇਸ ਕੁਦਰਤ ਦੇ ਵਿਲੱਖਣ ਅਤੇ ਸੋਹਣੇ ਸਰੂਪਾਂ ਦਾ ਰੰਗ ਮਾਣਦੇ ਹਾਂ ਤਾਂ ਅਸੀਂ ਮਾਨੋਂ ਕੁਦਰਤ ਦੀ ਸੰਗਤ ਕਰ ਰਹੇ ਹੁੰਦੇ ਹਾਂ। ਕੁਦਰਤ ਦੀ ਸੰਗਤ ਵਿੱਚ ਰਚਿਆ ਹੋਇਆ ਮਨ; ਵਿਸਮਾਦ ਦੀ ਅਵਸਥਾ ਵਿੱਚ ਆ ਜਾਂਦਾ ਹੈ ਅਤੇ ਕੁਦਰਤ ਦੇ ਰਚਨਹਾਰ ਕਾਦਿਰ ਅੱਗੇ ਆਪ ਮੁਹਾਰੇ ਸਿਰ ਝੁਕ ਜਾਂਦਾ ਹੈ। ਇਸ ਅਵਸਥਾ ਨੂੰ ਗੁਰੂ ਨਾਨਕ ਸਾਹਿਬ ਜੀ ਇਸ ਤਰ੍ਹਾਂ ਬਿਆਨ ਕਰਦੇ ਹਨ ''ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ; ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣੁ; ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ; ਖੇਡਹਿ ਵਿਡਾਣੀ ॥'' (ਮਹਲਾ ੧/੪੬੪) ਅਤੇ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ ''ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ; ਗੁਰਮੁਖਿ ਪਾਇਆ ਜਾਇ ॥'' (ਮਹਲਾ ੩/੫੧੫) ਇਹ ਕੁਦਰਤ ਦੀ ਆਤਮਿਕ ਸੰਗਤ ਹੈ, ਜਿਸ ਦੁਆਰਾ ਅਸੀਂ ਅਨੋਖੇ ਇਲਾਹੀ ਹਿਲੋਰੇ ਦਾ ਰੰਗ-ਰੱਸ ਮਾਣਦੇ ਹਾਂ। ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ ''ਜਲਿ ਥਲਿ ਮਹੀਅਲਿ ਗੁਪਤੋ ਵਰਤੈ; ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥'' (ਮਹਲਾ ੧/੫੯੭)

ਪੜ੍ਹੇ ਲਿਖੇ ਗੁਰਮੁਖਾਂ ਦੀ ਸੰਗਤ ਕਰਨ ਨਾਲ ਮਨੁੱਖ ਦੇ ਜੀਵਨ ਵਿੱਚ ਤਬਦੀਲੀ ਆ ਜਾਂਦੀ ਹੈ, ਇਸ ਲਈ ਗੁਰਮਤਿ ਨੇ ਸਾਨੂੰ ਇਹ ਪ੍ਰੇਰਨਾ ਕੀਤੀ ਹੈ ਕਿ ਹੇ ਮਨੁੱਖ! ਤੂੰ ਉਨ੍ਹਾਂ ਬੰਦਿਆਂ ਦੀ ਸੰਗਤ ਕਰ, ਜਿਨ੍ਹਾਂ ਦਾ ਜੀਵਨ ਜਗਦੇ ਦੀਵੇ ਦੀ ਤਰ੍ਹਾਂ ਹੈ। ਇਸ ਪਰਥਾਇ ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ''ਸਤੀ ਪਹਰੀ ਸਤੁ ਭਲਾ; ਬਹੀਐ ਪੜਿਆ ਪਾਸਿ ॥'' (ਮਹਲਾ ੨/੧੪੬)

ਸਤਿਗੁਰੂ ਜੀ ਦੀ ਨਜ਼ਰ ਵਿੱਚ ਪੜ੍ਹਿਆਂ ਪਾਸ ਬੈਠਣਾ ਕੀ ਹੈ ? ਉਹ ਮਨੁੱਖ ਜਿਨ੍ਹਾਂ ਦੇ ਅੰਦਰ ਗੁਰੂ ਗਿਆਨ ਦੀ ਰੌਸ਼ਨੀ ਹੈ ਅਤੇ ਸਤਸੰਗੀ ਹਨ। ਜਿਨ੍ਹਾਂ ਨੇ ਕੇਵਲ ਕਿਤਾਬਾਂ ਹੀ ਨਹੀਂ ਪੜ੍ਹੀਆਂ ਸਗੋਂ ਮਨ ਨੂੰ ਵੀ ਪੜ੍ਹਿਆ ਹੈ ਭਾਵ ਆਪਣੇ ਹਰ ਗੁਣ-ਅਵਗੁਣ ਨੂੰ ਪੜ੍ਹਿਆ ਹੈ। ਜੀਵਨ ਵਿੱਚੋਂ ਵਿਕਾਰਾਂ ਨੂੰ ਕੱਢ ਕੇ ਗੁਣ ਭਰੇ ਹਨ। ਇਸ ਲਈ ਅਸੀਂ ਪੜ੍ਹਿਆਂ ਨੂੰ ਵੀ ਪੜ੍ਹਾਉਣ ਵਾਲੇ ਸਤਿਗੁਰ ਦੇ ਪਾਸ ਬੈਠਣਾ ਹੈ। ਬਾਕੀ ਸਾਰਾ ਸਮਾਂ ਕਾਰ-ਵਿਹਾਰ ਕਰਦਿਆਂ ਉਚਾ ਤੇ ਸੁੱਚਾ ਜੀਵਨ ਜਿਊਣਾ ਹੈ। ਇਸ ਤਰ੍ਹਾਂ ਪੜ੍ਹਿਆ ਹੋਇਆ ਹਰ ਅੱਖਰ; ਮਨੁੱਖ ਦੇ ਅੰਦਰ ਵੱਸ ਕੇ ਅੱਖਰਾਂ ਦੇ ਮਾਲਕ ਪ੍ਰਭੂ ਨਾਲ ਜੁੜ ਜਾਵੇਗਾ। ਗੁਰੂ ਅਰਜਨ ਦੇਵ ਜੀ ਇਸ ਬਾਰੇ ਫ਼ੁਰਮਾਉਂਦੇ ਹਨ ''ਏਕ ਅਖਰੁ ਹਰਿ ਮਨਿ ਬਸਤ;




# ਸਿੱਖ ਰਾਜ ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**

ਕਿਸ਼ਤ - 55

**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

## ਮੀਰ ਮੁਹੰਮਦ ਖਾਂ ਸੂਬੇਦਾਰ ਲਾਹੌਰ

ਦੀਵਾਨ ਇਹ ਕੰਮ ਸੰਭਾਲਣ ਵਾਸਤੇ ਤਿਆਰ ਨਹੀਂ ਸੀ, ਪਰ ਕੁਛ ਚਿਰ ਵਾਸਤੇ ਬਦੋਬਦੀ ਇਹ ਅਹੁਦਾ ਉਹਦੇ ਮੱਥੇ ਮੱੜਿਆ ਗਿਆ। ਅੰਤ ਮੀਰ ਮੁਹੰਮਦ ਖ਼ਾਂ ਨੂੰ ਲਾਹੌਰ ਦਾ ਹਾਕਮ ਬਣਾ ਕੇ ਭੇਜਿਆ ਗਿਆ।

ਦੀਵਾਲੀ ਉੱਤੇ (ਨਵੰਬਰ, ੧760 ਈ।) ਸਿੰਘ ਅੰਮ੍ਰਿਤਸਰ ਕੱਠੇ ਹੋਏ, ਤਾਂ ਉਹਨਾਂ ਲਾਹੌਰ ਉੱਤੇ ਹਮਲਾ ਕਰਨ ਦਾ ਗੁਰਮਤਾ ਕੀਤਾ। ਕੁਛ ਦਿਨਾਂ ਪਿੱਛੋਂਹੀ 15 ਹਜ਼ਾਰ ਸਿੰਘਾਂ; ਨੇ ਜਾ ਕੇ ਲਾਹੌਰ ਨੂੰ

## ਸਿੰਘਾਂ ਨੇ ਲਾਹੌਰ ਨੂੰ ਘੇਰ ਕੇ ਨਜ਼ਰਾਨਾ ਲਿਆ

ਘੇਰਾ ਪਾ ਲਿਆ। ਮੀਰ ਮੁਹੰਮਦ ਖ਼ਾਂ ਨੇ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਲਏ ਤੇ ਆਪ ਕਿਲੇ ਵਿਚ ਜਾ ਲੁਕਿਆ। ਸਿੰਘਾਂ ਨੇ ਦਰਵਾਜ਼ਿਆਂ ਤੋਂ ਬਾਹਰਲੀਆਂ ਵਸਤੀਆਂ ਲੁੱਟ ਲਈਆਂ। ਸੂਬੇਦਾਰ ਨੇ ਕਿਲਿਓਂ ਬਾਹਰ ਝਾੜੀ ਤਕ ਨਾ ਪਾਈ। ਸਿੰਘਾਂ ਨੇ ਸ਼ਹਿਰ ਦੇ ਦਰਵਾਜ਼ੇ ਤੋੜਨ ਦੀ ਧਮਕੀ ਦਿੱਤੀ; ਤਾਂ ਸੂਬੇਦਾਰ ਨੇ ਸ਼ਹਿਰ ਦੇ ਚੌਧਰੀਆਂ ਹੱਥੀਂ ਤੀਹ ਲੱਖ ਨਜ਼ਰਾਨੇ ਵਜੋਂ ਸਿੰਘਾਂ ਦੀ ਭੇਟਾ ਕਰ ਦਿੱਤਾ। ਨਜ਼ਰਾਨਾ ਲੈ ਕੇ ਸਿੰਘ ਵਾਪਸ ਅੰਮ੍ਰਿਤਸਰ ਆ ਗਏ।

## ਕਲਾਨੌਰ ਦਾ ਹਸਨ ਅਲੀ ਕਤਲ

ਏਸੋ ਸਮੇਂ ਸਿੰਘਾਂ ਦੇ ਇਕ ਜੱਥੇ ਨੇ ਹਮਲਾ ਕਰਕੇ ਕਲਾਨੌਰ ਲੁੱਟ ਲਿਆ ਤੇ ਓਥੋਂ ਦਾ ਸੱਯਦ ਹਸਨ ਅਲੀ ਕਤਲ ਕਰ ਦਿੱਤਾ। ਇਸ ਵੇਲੇ ਸਿੰਘਾਂ ਦੀ ਤਾਕਤ ਬਹੁਤ ਵਧ ਗਈ ਸੀ। ਅਬਦਾਲੀ ਦਿੱਲੀ ਵਿਚ ਬੈਠਾ ਸੀ ਤੇ ਸਤਲੁਜ ਤੋਂ ਲੈ ਕੇ ਝਨਾਂ ਪਾਰ ਤਕ ਦਾ ਸਾਰਾ ਇਲਾਕਾ ਸਿੰਘਾਂ ਨੇ ਮੱਲਿਆ ਹੋਇਆ ਸੀ।

22 ਮਾਰਚ, 1761 ਈ। ਨੂੰ ਅਬਦਾਲੀ ਦਿੱਲੀਓਂ ਤੁਰਕੇ ਸਰਹਿੰਦ ਆ ਬੈਠਾ (ਪਾਨੀਪਤ ਦੀ ਲੜਾਈ ਵਿਚਸ: ਆਲਾਸਿੰਘ ਪਟਿਆਲਾ ਨੇ ਮਰਹੱਟਿਆਂ ਦੀ ਮਦਦ ਕੀਤੀ। ਸੋ, ਅਬਦਾਲੀ ਨੇ ਉਸਦੇ ਫੜਨ ਵਾਸਤੇ ਬਰਨਾਲੇ

## ਆਲਾ ਸਿੰਘ ਨੂੰ ਰਾਜੇ ਦਾ ਖ਼ਿਤਾਬ

ਵੱਲ ਫ਼ੌਜ ਭੇਜੀ, ਪਰ ਉਹ ਫ਼ੌਜ ਪਹੁੰਚਣ ਤੋਂ ਪਹਿਲਾਂ ਆਪ ਹੀ ਹਾਜ਼ਰ ਹੋ ਗਿਆ। ਅਬਦਾਲੀ ਨੇ ਆਲਾ ਸਿੰਘ ਨੂੰ ਕੈਦ ਕਰ ਲਿਆ। ਉਸਦੀ ਪ੍ਰਸਿੱਧ ਰਾਣੀ ਫੱਤੋ ਨੇ ਵਜ਼ੀਰ ਸ਼ਾਹ ਅਲੀ ਖ਼ਾਂ ਰਾਹੀਂ ਤਿੰਨ ਲੱਖ ਨਜ਼ਰਾਨਾ ਅਬਦਾਲੀ ਨੂੰ ਤਾਰ ਦਿੱਤਾ ਤੇ ਆਪਣੇ ਪਤੀ (ਸ: ਆਲਾ ਸਿੰਘ) ਨੂੰ ਛੁਡਾ ਲਿਆ। ਅਬਦਾਲੀ ਨੇ ਖ਼ੁਸ਼ ਹੋ ਕੇ ਸ: ਆਲਾ ਸਿੰਘ ਨੂੰ 'ਰਾਜੇ' ਦਾ ਖ਼ਿਤਾਬ ਦਿਤਾ"।

## ਸਿੰਘਾਂ ਨੇ ਅਬਦਾਲੀ ਦੀ ਫ਼ੌਜ ਲੁੱਟੀ

ਜ਼ੈਨਖ਼ਾਂ ਨੂੰ ਸਰਹਿੰਦ ਦਾ ਸੂਬੇਦਾਰ ਛੱਡ ਕੇ ਅਬਦਾਲੀ ਲਾਹੌਰ ਨੂੰ ਤੁਰਿਆ ਉਹ (ਅਪ੍ਰੈਲ ਵਿਚ) ਸਤਲੁਜ ਟਪਿਆ, ਤਾਂ ਸਿੰਘਾਂ ਵੀ ਦਰਸ਼ਨ ਦਿੱਤੇ। ਸਤਲੁਜ ਦੇ ਕੰਢਿਆਂ ਉਤੋਂ ਹੀ ਸਿੰਘਾਂ ਨੇ ਅਬਦਾਲੀ ਦੀ ਫ਼ੌਜ ਲੁੱਟਣੀ ਸ਼ੁਰੂ ਕਰ ਦਿੱਤੀ। ਦੁਰਾਨੀਫ਼ੌਜਲੁੱਟ ਦੇ ਮਾਲ ਨਾਲ ਲੱਦੀ ਹੋਈ ਸੀ। ਇਸ ਵਾਸਤੇ ਉਹ ਸਿੰਘਾਂ ਦਾ ਪਿੱਛਾ ਨਹੀਂ ਸੀ ਕਰ ਸਕਦੀ। ਸਿੰਘ ਛੋਟੇ੍ਛੋਟੇ ਜੱਥੇ ਬਣਾ ਕੇ ਰਾਤ ਨੂੰ ਚੁਫੇਰਿਓਂ ਛਾਪੇ ਮਾਰਦੇ ਤੇ ਦੁਰਾਨੀਆਂ ਨੂੰ ਲੁਟ ਮਾਰ ਕੇ ਦਿਨੇ ਦੂਰ ਜੰਗਲਾਂ ਵਿਚ ਜਾ ਲੁਕਦੇ। ਇਹ ਖੇਡ ਰੋਜ਼ ਹੁੰਦੀ ਰਹਿੰਦੀ। ਜਦ ਗੋਇੰਦਵਾਲ ਦੇ ਪੱਤਣ ਤੋਂ ਅਬਦਾਲੀ ਬਿਆਸ ਟੱਪਣ ਲੱਗਾ, ਸਿੰਘਾਂ ਨੇ ਹੱਲਾ ਕਰਕੇ ਲੱਖਾਂ ਰੁਪੈ ਦਾ ਮਾਲ ਲੁੱਟਿਆ ਤੇ ਹਜ਼ਾਰਾਂ ਇਸਤਰੀਆਂ ਪੁਰਸ਼ਦੁਰਾਨੀਆਂ ਦੀ ਕੈਦ 'ਚੋਂ ਛੁਡਾ ਲਏ।ਉਹਨਾਂ ਨੂੰ ਪੱਲਿਓਂ ਖ਼ਰਚ ਦੇ ਕੇ ਸਿੰਘਾਂ ਨੇ ਉਹਨਾਂ ਦੇ ਘਰੀਂ ਪੁਚਾ ਦਿੱਤਾ।

## ਢੱਕਾਂ ਛੁਡਾਈਆਂ

ਲਾਹੌਰ ਪਹੁੰਚ ਕੇ ਅਬਦਾਲੀ ਨੇ ਸਿੰਘਾਂ ਮਗਰ ਫ਼ੌਜ ਚੜ੍ਹਾਈ, ਪਰ ਆਪਣੇ ਕੰਮ ਵਿਚ ਉਸਨੂੰ ਬਹੁਤੀ ਸਫ਼ਲਤਾ ਨਾ ਹੋਈ। ਉਹ ਫ਼ੌਜ ਪਿੰਡਾਂ ਵਿਚੋਂ ਥੋੜੇ ਜਿਹੇ ਸਿੰਘ ਫੜ ਕੇ ਲਿਆਈ, ਜਿੰਨਾਂ ਵਿਚ ਪਿੰਡ ਕਾਹਨੇ ਦਾ ਸ। ਹਾਠੂ ਸਿੰਘ ਵੀ ਸੀ। ਇਸਲਾਮ ਨਾ ਮੰਨਣ

## ਹਾਠੂ ਸਿੰਘ ਦੀ ਸ਼ਹੀਦੀ

ਉਤੇ ਹਾਠੂ ਸਿੰਘ ਦੀਆਂ ਲੱਤਾਂ ਨੂੰ ਸੰਗਲ ਪਾਕੇ ਦੋ ਹਾਥੀਆਂ ਦੇ ਪੈਰਾਂ ਨਾਲ ਬੰਨਕੇ, ਤੇ ਉਹਨਾਂ ਨੂੰ ਵੱਖੋ-ਵੱਖ ਪਾਸੀਂਤੋਰਕੇ ਸਿੰਘ ਨੂੰਵਿਚੋਂ ਚੀਰ ਕੇ ਮਰਵਾ ਦਿੱਤਾ।

## ਉਬੇਦ ਖ਼ਾਂ ਸੂਬੇਦਾਰ ਲਾਹੌਰ

ਤੁਰਨ ਤੋਂ ਪਹਿਲਾਂ ਅਬਦਾਲੀ ਨੇ ਹਾਕਮਾਂ ਦੀ ਵੰਡ ਇਉਂ ਕੀਤੀ : ਉਬੇਦਖ਼ਾਂ ਲਾਹੌਰ ਦਾ ਸੂਬੇਦਾਰ, ਸਰਬੁਲੰਦਖ਼ਾਂ ਮੁਲਤਾਨ ਦਾ ਸੂਬੇਦਾਰ, ਰਾਜਾ ਘੁਮੰਡ ਚੰਦ ਜਲੰਧਰ ਦਾ ਫ਼ੌਜਦਾਰ ਤੇ ਸਆਦਤਖ਼ਾਂ ਤੇ ਸਦੀਕਖ਼ਾਂਅਫ਼ਰੀਦੀ ਰਾਜੇ ਦੇ ਨਾਇਬ ਬਣਾਏ। ਸਾਰਿਆਂ ਹਾਕਮਾਂ ਨੂੰ ਸਿੱਖਾਂ ਦੀ ਤਬਾਹੀ ਦਾ ਹੁਕਮ ਦੇ ਕੇ ਮਈ (1761) ਵਿਚ ਅਬਦਾਲੀ ਲਾਹੌਰੋਂ ਦੇਸ ਨੂੰ ਤੁਰਿਆ। ਉਹ ਸ਼ਹਿਰੋਂ ਬਾਹਰ ਹੋਇਆ, ਤਾਂ ਸਿੰਘਾਂ ਫੇਰ ਆਪਣਾ ਕੰਮ ਆਰੰਭ ਦਿੱਤਾ।

## ਜਿਹਲਮ ਕੰਢੇ ਲੜਾਈ ਸਿੰਘਾਂ ਢੱਕਾਂ ਛੁਡਾਈਆਂ

ਸਿੰਘ ਡਟਵਾਂ ਹਮਲਾ ਕਰਕੇ ਲੜਨ ਦੀ ਥਾਂ ਛਾਪੇ ਮਾਰਦੇ ਤੇ ਲੁੱਟ ਦਾ ਮਾਲ ਖੋਹ ਕੇ ਸ ਜਾਂਦੇ। ਜਿਹਲਮ ਕੰਢੇ ਸਿੰਘਾਂ ਨੇ ਬੜਾ ਮਾਰੂ ਹੱਲਾ ਕੀਤਾ। ਇਸ ਲੜਾਈ ਦੇ ਮੋਢੀ ਸ। ਜੱਸਾ ਸਿੰਘ ਆਹਲੂਵਾਲੀਆ ਤੈ ਸ। ਚੜ੍ਹਤ ਸਿੰਘ ਸੁਕਰਚੱਕੀਆ ਸਨ। ਏਥੇ ਦੁਰਾਨੀਆਂ ਦਾ ਬੜਾ ਨੁਕਸਾਨ ਹੋਇਆ। ਸਿੰਘਾਂ ਨੇ ਬਾਕੀ ਢੱਕਾਂ ਵੀ ਦੁਰਾਨੀਆਂ ਤੋਂ ਛੁਡਾ ਲਈਆਂ ਤੇ ਖ਼ਰਚ ਦੇ ਕੇ ਘਰੋਂ ਘਰੀ ਪੁਚਾ ਦਿੱਤੀਆਂ। ਇਸ ਨੇਕੀ ਬਦਲੇ ਸਿੰਘਾਂ ਦਾ ਜੱਸ ਸਾਰੇ ਦੇਸ ਵਿਚ ਖਿਲਰ ਗਿਆ। ਸਿੰਘਾਂ ਅਜੇ ਵੀ ਅਬਦਾਲੀ ਦਾ ਪਿੱਛਾ ਨਾ ਛੱਡਿਆ। ਉਹ ਉਸ ਨੂੰ ਅਟਕੋਂ ਪਾਰ ਕਰ ਕੇ ਮੁੜੇ।

ਜੂਨ, 1761 ਈ। ਵਿਚ 40 ਹਜ਼ਾਰ ਸਿੰਘ ਅਬਦਾਲੀ ਦਾ ਪਿੱਛਾ ਛੱਡ ਕੇ ਮੁੜੇ, ਤਾਂ ਉਹਨਾਂ ਗੁਜਰਾਤ ਤੇ ਵਜ਼ੀਰਾਬਾਦ ਲੁੱਟ ਲਏ'। ਏਥੋਂ ਉਹ ਸਿਆਲਕੋਟ ਵੱਲ ਵਧੇ। ਓਥੋਂ ਦਾ ਫ਼ੌਜਦਾਰ ਖ਼ਵਾਜਾ ਮਿਰਜ਼ਾ ਖ਼ਾਂ ਟਾਕਰੇ ਵਾਸਤੇ ਆਇਆ, ਜੋ ਪਹਿਲੇ ਹੱਲੇ ਵਿਚ ਹੀ ਮਾਰਿਆ ਗਿਆ।

## ਖ਼ਵਾਜਾ ਮਿਰਜ਼ਾ ਕਤਲ

ਸਿੰਘਾਂ ਨੇ ਸ਼ਹਿਰ ਲੁੱਟ ਲਿਆ। ਰਾਵੀ ਟੱਪ ਕੇ ਸਾਰਾ ਜੱਥਾ ਰਿਆੜਕੀ ਵਿਚ ਆ ਵੜਿਆ। ਆਕੀ ਇਲਾਕੇ ਸੋਧੇ ਤੇ ਆਪਣੀ ਰਾਖੀ ਵਿਚ ਆਏ ਹੋਏ ਇਲਾਕੇ ਪੱਕੇ ਕਰ ਕੇ ਉਹ ਦੁਆਬਾ ਜਲੰਧਰ ਜਲੰਧਰ ਦੇ ਹਾਕਮ ਨੱਸ ਗਏ। ਵਿਚ ਜਾ ਵੜੇ ਓਥੋਂ ਦੇ ਹਾਕਮ ਸਆਦਤਖ਼ਾਂ'ਤੇ ਸਦੀਕਖ਼ਾਂਅਫਰੀਦੀ ਟਾਕਰੇ ਵਾਸਤੇ ਆਏ,ਪਰ ਹਾਰ ਕੇ ਦੁਆਬਾ ਛਡ ਕੇ ਹੀ ਨੱਸ ਗਏ। - ਚਲਦਾ

# ਦੇਸ ਪੰਜਾਬ ਦੀ ਆਜ਼ਾਦੀ, ਅਖੰਡਤਾ ਦੇ ਪ੍ਰਤੀਕ ਸਿੱਖ ਰਾਜ ਦੇ ਸਿੱਕੇ

**ਲੇਖਕ : ਗੁਰਜਿੰਦਰ ਸਿੰਘ ਬੁੱਟਰ**

17ਵੀਂ ਸਦੀ ਦੇ ਅੰਤ ਅਤੇ 19ਵੀਂ ਸਦੀ ਦੇ ਸ਼ੁਰੂਆਤੀ ਸਾਲ ਹਿੰਦੋਸਤਾਨ ਦੇ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਦ੍ਰਿਸ਼ਟੀਕੋਣ ਤੋਂ ਬਹੁਤ ਹੀ ਅਹਿਮ ਸਨ। ਗੁਰੂ ਗੋਬਿੰਦ ਸਿੰਘ ਵੱਲੋਂ 1699 ਈ. ਵਿੱਚ 'ਖਾਲਸਾ' ਸਿਰਜਣਾ, ਆਨੰਦਪੁਰ ਸਾਹਿਬ ਦੀਆਂ ਜੰਗਾਂ, ਸਾਹਿਬਜ਼ਾਦਿਆਂ ਅਤੇ ਸਿੰਘਾਂ ਦੀਆਂ ਸ਼ਹਾਦਤਾਂ, ਔਰੰਗਜ਼ੇਬ ਨੂੰ ਜਿੱਤ ਦੀ ਚਿੱਠੀ 'ਜ਼ਫ਼ਰਨਾਮਾ' ਭੇਜਣਾ, ਔਰੰਗਜ਼ੇਬ ਦੀ ਮੌਤ, ਗੁਰੂ ਗੋਬਿੰਦ ਸਿੰਘ ਦਾ ਨਾਂਦੇੜ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਪਾਹੁਲ ਛਕਾ ਕੇ 25 ਸਿੰਘਾਂ ਅਤੇ ਪੰਜ ਪਿਆਰਿਆਂ ਨਾਲ ਪੰਜਾਬ ਨੂੰ ਮੁਗਲਾਂ ਦੀ ਗੁਲਾਮੀ ਤੋਂ ਆਜ਼ਾਦ ਕਰਾ ਕੇ ਖਾਲਸਾ ਰਾਜ ਸਥਾਪਿਤ ਕਰਨ ਲਈ ਭੇਜਣਾ, ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ 'ਗੁਰੂ' ਥਾਪਣਾ ਆਦਿ ਅਤਿ ਮਹੱਤਵਪੂਰਨ ਘਟਨਾਵਾਂ ਸਨ।

ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਦਾਖਲ ਹੁੰਦੇ ਹੀ ਸਾਰੇ ਧਰਮਾਂ ਦੇ ਲੋਕਾਂ ਨੂੰ ਮੁਗਲਾਂ ਦੇ ਜ਼ੁਲਮਾਂ ਖ਼ਿਲਾਫ਼ ਇਕਜੁੱਟ ਕੀਤਾ ਅਤੇ 1709 ਤੋਂ 1710 ਈ. ਦੌਰਾਨ ਸਮਾਣਾ, ਸਢੌਰਾ, ਕਪੂਰੀ ਅਤੇ ਚੱਪੜਚਿੜੀ ਦੇ ਮੈਦਾਨ ਵਿੱਚ ਵਜ਼ੀਰ ਖਾਨ ਨੂੰ ਹਰਾ ਕੇ ਸਰਹੰਦ 'ਤੇ ਫ਼ਤਹਿ ਹਾਸਲ ਕਰਕੇ ਖਾਲਸਾ ਰਾਜ ਸਥਾਪਤ ਕੀਤਾ। ਉਨ੍ਹਾਂ ਨੇ ਲੋਕਾਂ ਦੀ ਭਲਾਈ ਲਈ ਜ਼ਮੀਨਦਾਰੀ ਪਰੰਪਰਾ ਖਤਮ ਕਰਕੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੀ ਮਲਕੀਅਤ ਦੇ ਅਧਿਕਾਰ ਦੇਣ ਦਾ ਫ਼ੈਸਲਾ ਕੀਤਾ ਅਤੇ ਖਾਲਸਾ ਰਾਜ ਦੇ ਪਹਿਲੇ ਸਿੱਕੇ, ਮੋਹਰ ਅਤੇ ਕੈਲੰਡਰ ਵੀ ਜਾਰੀ ਕਰ ਦਿੱਤੇ। ਇਹ ਸਿੱਕੇ 1710 ਈ: ਤੋਂ 1713 ਈ: ਵਿੱਚ ਜਾਰੀ ਕੀਤੇ ਗਏ, ਜੋ ਕਿ ਸਿੱਖ ਗੁਰੂਆਂ ਦੇ ਨਾਂ 'ਤੇ ਆਧਾਰਿਤ ਹੋਣ ਕਰਕੇ ਨਾਨਕਸ਼ਾਹੀ ਕਹਿਲਾਏ। ਨਾਨਕਸ਼ਾਹੀ ਸਿੱਕੇ ਖਾਲਸਾ ਰਾਜ ਦੀ ਆਰੰਭਤਾ, ਸਵਤੰਤਰਤਾ, ਖੁਦਮੁਖਤਿਆਰੀ ਅਤੇ ਗੁਲਾਮੀ ਦੀ ਮਾਨਸਿਕਤਾ ਨੂੰ ਤੋੜਨ ਦੇ ਨਿਸ਼ਾਨ ਬਣੇ। ਇਨ੍ਹਾਂ ਸਿੱਕਿਆਂ 'ਤੇ ਫਾਰਸੀ ਭਾਸ਼ਾ ਦੀ ਵਰਤੋਂ ਕੀਤੀ ਗਈ ਅਤੇ ਧਾਤ ਦੇ ਤੌਰ 'ਤੇ ਚਾਂਦੀ ਵਰਤੀ ਗਈ ਸੀ। ਪਹਿਲੇ ਸਿੱਖ ਸਿੱਕਿਆਂ 'ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ ਸਨ;

ਅੱਗੇ: ਸਿੱਕਾ ਯਦ ਬਰ ਹਰ ਦੋ ਆਲਮ ਤੇਗ-ਏ-ਨਾਨਕ ਵਾਹਬਿ ਅਸਤ ਫ਼ਤਹਿ ਗੋਬਿੰਦ ਸਿੰਘ ਸ਼ਾਹ-ਏ-ਸ਼ਾਹਾਂ ਫ਼ਜ਼ਲ ਸੱਚਾ ਸਾਹਿਬ ਅਸਤ
ਪਿੱਛੇ: ਜ਼ਰਬ ਬਾ-ਅਮਨ-ਅਲ-ਦੀਨ ਮਾਸਵਾਰਤ ਸ਼ਹਿਰ ਜ਼ੀਨਤ-ਅਲ-ਤਖ਼ਤ ਖਾਲਸਾ ਮੁਬਾਰਕ ਬਖ਼ਤ ਸਿੱਖਾਂ ਦਾ ਪਹਿਲਾ ਰਾਜ ਬਹੁਤਾ ਲੰਮਾ ਸਮਾਂ ਸਥਾਪਿਤ ਨਹੀਂ ਰਹਿ ਸਕਿਆ। 1715 ਈ: ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੰਘਾਂ ਨੂੰ ਗੁਰਦਾਸ ਨੰਗਲ ਦੀ ਗੜ੍ਹੀ 'ਚੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ।

ਇਥੇ ਉਨ੍ਹਾਂ ਨੂੰ ਬਾਦਸ਼ਾਹ ਫਰਖਸੀਅਰ ਦੇ ਹੁਕਮਾਂ 'ਤੇ ਜੂਨ 1716 ਈ: ਵਿੱਚ ਸ਼ਹੀਦ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਖਾਲਸੇ ਦਾ ਪਹਿਲਾ ਰਾਜ ਅਤੇ ਪਹਿਲੇ ਸਿੱਕੇ ਖਤਮ ਹੋ ਗਏ।



ਅਗਲੇ ਪੰਜਾਹ ਸਾਲਾਂ (1715-1765) ਵਿੱਚ ਨਾਦਰ ਸ਼ਾਹ ਦਾ ਦਿੱਲੀ ਨੂੰ ਲੁੱਟਣਾ, ਮੁਗਲਾਂ ਦੀ ਸ਼ਾਨ ਦਾ ਖ਼ਤਮ ਹੋਣਾ, ਅਹਿਮਦ ਸ਼ਾਹ ਅਬਦਾਲੀ ਦੇ ਨਿਰੰਤਰ ਹਮਲੇ, ਪਾਣੀਪਤ ਦੇ ਰਣ ਵਿੱਚ ਮਰਾਠਿਆਂ ਦਾ ਅਬਦਾਲੀ ਦੇ ਹੱਥੋਂ ਹਾਰਨਾ, ਸਿੱਖਾਂ ਦਾ ਮਿਸਲਾਂ ਦੇ ਰੂਪ ਵਿੱਚ ਇਕਜੁੱਟ ਹੋ ਕੇ ਅਬਦਾਲੀ ਨੂੰ ਪੰਜਾਬ ਤੋਂ ਭਜਾਉਣਾ ਅਤੇ ਆਪ ਜਮਨਾ ਤੋਂ ਇੰਡਸ ਤੱਕ ਦੇ ਇਲਾਕਿਆਂ ਵਿੱਚ ਕਾਬਜ਼ ਹੋ ਕੇ ਮੁੜ ਤੋਂ ਪੰਜਾਬ ਦਾ ਸਰਦਾਰ ਬਣ ਜਾਣਾ ਵਿਸ਼ੇਸ਼ ਘਟਨਾਵਾਂ ਸਨ।

ਇਹ ਸਰਦਾਰੀ ਸਿੱਖਾਂ ਨੂੰ ਬੇਅੰਤ ਮੁਸ਼ਕਲਾਂ ਅਤੇ ਦੋ ਲੱਖ ਬਹਾਦਰ ਸਿੰਘਾਂ-ਸਿੰਘਣੀਆਂ ਦੇ ਸਿਰਾਂ ਦੀ ਕੁਰਬਾਨੀ ਦੇ ਕੇ ਹਾਸਲ ਹੋਈ ਸੀ। ਫਲਸਰੂਪ ਸਿੱਖਾਂ ਨੇ ਲਾਹੌਰ ਤੋਂ 1765 ਈ: ਵਿੱਚ ਚਾਂਦੀ ਦੇ ਸਿੱਕੇ ਜਾਰੀ ਕੀਤੇ ਜੋ ਕਿ ਪੰਜਾਬ ਦੀ ਆਜ਼ਾਦੀ, ਅਖੰਡਤਾ ਅਤੇ ਸੰਯੁਕਤਾ ਦੇ ਪ੍ਰਤੀਕ ਸਨ। ਇਨ੍ਹਾਂ ਸਿੱਕਿਆਂ 'ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ ਸਨ।

ਅੱਗੇ: ਦੇਗ ਤੇਗ ਫ਼ਤਹਿ ਓ ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ
ਪਿੱਛੇ: ਜ਼ਰਬ ਦਰ-ਅਲ-ਸਲਤਨਤ ਲਾਹੌਰ ਸੰਮਤ 1822

ਇਨ੍ਹਾਂ ਸਿੱਕਿਆਂ 'ਤੇ ਜਿਹੜੇ ਸ਼ਬਦ 'ਅੱਗੇ' ਅੰਕਿਤ ਕੀਤੇ ਗਏ ਸਨ, ਉਹ ਹੀ ਸ਼ਬਦ ਬਾਬਾ ਬੰਦਾ ਸਿੰਘ ਬਹਾਦਰ ਦੀ ਮੋਹਰ ਅਤੇ ਹੁਕਮਨਾਮਿਆਂ 'ਤੇ ਵੀ ਵਰਤੇ ਗਏ। ਦਸ ਸਾਲਾਂ ਬਾਅਦ 1775 ਈ: ਵਿੱਚ ਸਿੱਖਾਂ ਨੇ ਅੰਮ੍ਰਿਤਸਰ ਸ਼ਹਿਰ ਤੋਂ ਵੀ ਸਿੱਕੇ ਜਾਰੀ ਕੀਤੇ। ਇਸ ਦੇ 'ਅੱਗੇ' ਵਾਲੇ ਸ਼ਬਦ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਾਰੀ ਕੀਤੇ ਗਏ ਸਿੱਕੇ ਵਾਲੇ ਹੀ ਸਨ, ਪਰ 'ਪਿੱਛੇ' ਅੰਮ੍ਰਿਤਸਰ ਸ਼ਹਿਰ ਅਤੇ ਅਕਾਲ ਤਖ਼ਤ ਦਾ ਨਾਮ ਅੰਕਿਤ ਕੀਤਾ ਗਿਆ ਸੀ। ਇਨ੍ਹਾਂ ਸਿੱਕਿਆਂ 'ਤੇ 1783 ਈ: ਤੋਂ ਨਿਰੰਤਰ ਦਰੱਖਤਾਂ ਦੀਆਂ ਪੱਤੀਆਂ ਵੀ ਅੰਕਿਤ ਕੀਤੀਆਂ ਜਾਣ ਲੱਗੀਆਂ ਸਨ। ਇਨ੍ਹਾਂ ਪੱਤੀਆਂ ਨੂੰ 1781 ਤੋਂ 1783 ਈ: ਵਿੱਚ ਆਏ ਭਿਆਨਕ ਅਕਾਲ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਸਿੱਖ ਮਿਸਲਾਂ ਨੇ ਮਿਲ ਕੇ ਪੱਛਮ ਤੋਂ ਆਉਣ ਵਾਲੇ ਹਮਲਾਵਰਾਂ 'ਤੇ ਮੁਕੰਮਲ ਰੋਕ ਲਾ ਦਿੱਤੀ ਸੀ, ਪਰ ਹੁਣ ਇਹ ਮਿਸਲਾਂ ਧਨ, ਜ਼ਮੀਨ ਅਤੇ ਅਹੰਕਾਰ ਕਰਕੇ ਆਪਸ ਵਿਚ ਜੰਗਾਂ ਕਾਰਨ ਲੱਗ ਪਈਆਂ ਸਨ। ਇਨ੍ਹਾਂ ਮਿਸਲਾਂ ਨੂੰ ਇੱਕ ਕਰਨ ਅਤੇ ਪੰਜਾਬ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਸਿਰ ਤੋੜ ਰਣਨੀਤੀ, ਕੂਟਨੀਤੀ ਅਤੇ ਰਿਸ਼ਤੇਦਾਰੀਆਂ ਦਾ ਪ੍ਰਯੋਗ ਕਰਕੇ ਪੰਜਾਬ ਨੂੰ ਇੱਕ ਵੱਡੇ ਰਾਜ ਵਿੱਚ ਤਬਦੀਲ ਕਰ ਦਿੱਤਾ। ਇਸ ਦੀਆਂ ਸੀਮਾਵਾਂ ਉੱਤਰ ਵਿੱਚ ਲੱਦਾਖ, ਪੂਰਬ ਵਿੱਚ ਸਤਲੁਜ, ਦੱਖਣ ਵਿੱਚ ਸਿੰਧ ਅਤੇ ਪੱਛਮ ਵਿੱਚ ਅਫ਼ਗਾਨਿਸਤਾਨ ਤੱਕ ਲੱਗਦੀਆਂ ਸਨ। ਰਣਜੀਤ ਸਿੰਘ ਨੇ ਮਹਾਰਾਜਾ ਬਣਨ ਤੋਂ ਬਾਅਦ 1801 ਈ: ਵਿੱਚ ਨਵੇਂ ਸਿੱਕੇ ਜਾਰੀ ਕੀਤੇ ਜਿਹੜੇ ਕਿ ਲਾਹੌਰ 1765 ਈ: ਅਤੇ ਅੰਮ੍ਰਿਤਸਰ 1775 ਈ: ਦੇ ਸਿੱਕਿਆਂ 'ਤੇ ਹੀ ਆਧਾਰਿਤ ਸਨ। ਇਹ ਸਿੱਕੇ ਵੀ ਨਾਨਕਸ਼ਾਹੀ ਹੀ ਕਹਿਲਾਏ।

ਮਹਾਰਾਜਾ ਦੇ ਰਾਜ ਵਿੱਚ ਸਿੱਕੇ ਲਾਹੌਰ, ਅੰਮ੍ਰਿਤਸਰ, ਕਸ਼ਮੀਰ, ਮੁਲਤਾਨ, ਡੇਰਾਜੱਟ ਅਤੇ ਪੇਸ਼ਾਵਰ ਵਿੱਚ ਬਣਾਏ ਜਾਂਦੇ ਸਨ। ਸੋਨੇ ਅਤੇ ਚਾਂਦੀ ਦੇ ਸਿੱਕੇ ਦਰਬਾਰ ਵੱਲੋਂ ਅਤੇ ਤਾਂਬੇ ਦੇ ਸਿੱਕੇ ਵੱਡੇ ਵਪਾਰੀ ਦਰਬਾਰ ਤੋਂ ਆਗਿਆ ਲੈ ਕੇ ਆਪ ਬਣਵਾਉਂਦੇ ਸਨ। ਇਨ੍ਹਾਂ ਤਾਂਬੇ ਦੇ ਸਿੱਕਿਆਂ 'ਤੇ 'ਅਕਾਲ ਸਹਾਇ', 'ਗੁਰੂ ਨਾਨਕ ਜੀ' ਅਤੇ 'ਨਾਨਕ ਸ਼ਾਹੀ' ਅੰਕਿਤ ਕੀਤਾ ਜਾਂਦਾ ਸੀ।

ਸਿੱਖਾਂ ਦੇ ਫੂਲਕੀਆ ਮਿਸਲਾਂ ਦੇ ਰਾਜਿਆਂ 'ਚੋਂ ਪਟਿਆਲਾ, ਨਾਭਾ ਅਤੇ ਜੀਂਦ ਦੇ ਰਾਜਿਆਂ ਨੇ ਆਪਣੇ ਰਾਜਾਂ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਨਾਂ 'ਤੇ ਆਧਾਰਿਤ 'ਦੁਰਾਨੀ ਸਿੱਕੇ' ਚਲਾਏ। ਇਹ ਰਾਜੇ ਅਬਦਾਲੀ ਅਤੇ ਅੰਗਰੇਜ਼ਾਂ ਦੇ ਮੋਹਰੇ ਬਣ ਕੇ ਸ਼ੇਰ-ਏ-ਪੰਜਾਬ ਦੇ ਰਾਜ ਤੋਂ ਵੱਖਰੇ ਹੋ ਕੇ ਆਪਣਾ ਰਾਜ ਸਿਰਫ ਨਿੱਜੀ ਹਿੱਤਾਂ ਲਈ ਚਲਾ ਰਹੇ ਸਨ। ਇਨ੍ਹਾਂ ਰਾਜਿਆਂ 'ਚੋਂ ਸਿਰਫ ਨਾਭਾ ਦੇ ਰਾਜਾ ਜਸਵੰਤ ਸਿੰਘ ਨੇ 1835 ਈ: ਵਿੱਚ 'ਦੁਰਾਨੀ ਸਿੱਕੇ' ਬੰਦ ਕਰਾ ਕੇ ਸਿੱਖ ਗੁਰੂਆਂ ਦੇ ਨਾਂ 'ਤੇ ਸਿੱਕੇ ਚਲਵਾਏ, ਜਦੋਂ ਕਿ ਪਟਿਆਲਾ ਰਿਆਸਤ ਵਿੱਚ ਗੁਰੂਆਂ ਦੇ ਨਾਂ ਵਾਲੇ ਸਿੱਕੇ ਸਿਰਫ ਦੁਸਹਿਰੇ ਦੀ ਪੂਜਾ 'ਤੇ ਹੀ ਜਾਰੀ ਕੀਤੇ ਜਾਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੀ 27 ਜੂਨ 1839 ਈ: ਵਿੱਚ ਮੌਤ ਹੋ ਜਾਣ ਤੋਂ ਬਾਅਦ ਖ਼ਾਲਸਾ ਰਾਜ ਦਸਾਂ ਸਾਲਾਂ ਵਿੱਚ ਖ਼ਤਮ ਹੋ ਗਿਆ ਅਤੇ ਨਾਲ ਹੀ 'ਨਾਨਕਸ਼ਾਹੀ ਸਿੱਕੇ' ਵੀ ਬੰਦ ਹੋ ਗਏ।

# ਵਿਦਿਅਕ ਪ੍ਰਬੰਧ ਅਤੇ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ


ਲੇਖਕ : ਪ੍ਰਿੰ. ਨਵਜੋਤ ਕੌਰ ਬਰਾੜ
ਸੰਪਰਕ: 94172-24909

ਜ਼ਿੰਦਗੀ ਦੀ ਭੱਜਦੌੜ ਦੀ ਆਖਿਰੀ ਮੰਜ਼ਿਲ ਸਫਲਤਾ ਸਰ ਕਰਨਾ ਹੁੰਦੀ ਹੈ। ਹਰ ਇਨਸਾਨ ਦੀ ਇੱਛਾ ਕਾਮਯਾਬ ਮਨੁੱਖ ਬਣਨ ਦੀ ਹੈ। ਮਨੁੱਖੀ ਸੁਭਾਅ ਆਰਥਿਕ, ਸਮਾਜਿਕ ਤੇ ਧਾਰਮਿਕ ਬਲਕਿ ਹਰ ਤਰ੍ਹਾਂ ਦੀ ਆਜ਼ਾਦੀ ਦਾ ਆਸ਼ਕ ਹੈ। ਆਜ਼ਾਦੀ ਦੀ ਤਾਂਘ ਉਸ ਨੂੰ ਦੁਨੀਆ ਤੋਂ ਵੱਖਰਾ ਕਰ ਗੁਜ਼ਰਨ ਲਈ ਪ੍ਰੇਰਦੀ ਹੈ। ਮੰਜ਼ਿਲ 'ਤੇ ਪਹੁੰਚਣ ਲਈ ਰਾਹੀ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਦਾਸੀ ਨਿਰਾਸ਼ਾ ਨੂੰ ਜਨਮ ਦਿੰਦੀ ਹੈ; ਨਿਰਾਸ਼ਾ ਆਦਮੀ ਨੂੰ ਆਤਮ-ਹੱਤਿਆ ਲਈ ਉਕਸਾਉਂਦੀ ਹੈ। ਨਿਰਾਸ਼ ਵਿਅਕਤੀ ਨੂੰ ਜਦੋਂ ਲੱਗਦਾ ਹੈ ਕਿ ਹੁਣ ਸਾਰੇ ਰਾਹ ਬੰਦ ਹੋ ਗਏ ਹਨ ਤਾਂ ਉਹ ਮੌਤ ਨੂੰ ਹਮਸਫ਼ਰ ਬਣਾ ਲੈਂਦਾ ਹੈ। ਅਜੋਕੇ ਅਗਾਂਹਵਧੂ ਅਤੇ ਤਕਨਾਲੋਜੀ ਦੇ ਸਮੇਂ 'ਚ ਖ਼ੁਦਕੁਸ਼ੀਆਂ ਦਾ ਮੰਦਭਾਗਾ ਰੁਝਾਨ ਆਲਮੀ ਪੱਧਰ 'ਤੇ ਵਧ ਰਿਹਾ ਹੈ। ਮੁਕਾਬਲੇ ਦੇ ਇਸ ਯੁੱਗ ਵਿੱਚ ਇੱਕ ਦੂਜੇ ਨੂੰ ਪਛਾੜ ਕੇ ਅੱਗੇ ਨਿਕਲਣ ਦੀ ਹੋੜ ਨੇ ਇਨਸਾਨ ਨੂੰ ਮਸ਼ੀਨ ਬਣਾ ਦਿੱਤਾ ਹੈ। ਇਹ ਵਰਤਾਰਾ ਮਨੁੱਖ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਅਜੋਕੇ ਮਾਪੇ ਬੱਚੇ ਤੋਂ ਬਿਨਾਂ ਪੁੱਛੇ ਪਹਿਲਾਂ ਹੀ ਤੈਅ ਕਰ ਲੈਂਦੇ ਹਨ ਕਿ ਬੱਚੇ ਲਈ ਕਮਾਈ ਦਾ ਚੰਗਾ ਖੇਤਰ ਕਿਹੜਾ ਰਹੇਗਾ। ਬੱਚੇ ਨੂੰ ਸਿਰਫ਼ ਪੈਸੇ ਦੀ ਮਸ਼ੀਨ ਬਣਾਉਣਾ ਹੀ ਜ਼ਿਆਦਾਤਰ ਮਾਪਿਆਂ ਦਾ ਖ਼ਿਆਲ ਹੈ। ਜਦੋਂ ਕੋਈ ਦੁਨੀਆ ਦੀ ਦੌੜ 'ਚੋਂ ਪਛੜਦਾ ਹੈ ਤਾਂ ਉਹ ਆਤਮ-ਹੱਤਿਆ ਨੂੰ ਗਲੇ ਲਗਾ ਲੈਂਦਾ ਹੈ।

ਭਾਰਤ ਵਿੱਚ ਇਹ ਸਮੱਸਿਆ ਗੁੰਝਲਦਾਰ ਅਤੇ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਦੇਸ਼ ਦੇ 1.32 ਲੱਖ ਖ਼ੁਦਕੁਸ਼ੀ ਕਰਨ ਵਾਲੇ ਲੋਕ 14-30 ਸਾਲ ਉਮਰ ਦੇ ਹਨ। ਇਸ ਵਿੱਚ ਵਿਦਿਆਰਥੀ ਵਰਗ ਵੀ ਸ਼ਾਮਲ ਹੈ। ਦੇਸ਼ ਅੰਦਰ ਹੋਈਆਂ ਖ਼ੁਦਕੁਸ਼ੀਆਂ 'ਚ 6.1% ਵਿਦਿਆਰਥੀਆਂ ਦੀਆਂ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਵਿਦਿਆਰਥੀਆਂ ਵਿੱਚ ਆਤਮ-ਹੱਤਿਆ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ ਜੋ ਸਾਡੇ ਸਿੱਖਿਆ ਪ੍ਰਬੰਧਾਂ ਦੀ ਪੋਲ ਖੋਲ੍ਹਦਾ ਹੈ। ਰਾਜਸਥਾਨ ਦੇ ਕੋਟਾ ਸ਼ਹਿਰ ਵਿੱਚ ਮੈਡੀਕਲ ਅਤੇ ਇੰਜਨੀਅਰਿੰਗ ਦੀ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕਰ ਰਹੇ ਚਾਰ ਬੱਚਿਆਂ ਨੇ 24 ਘੰਟਿਆਂ ਵਿੱਚ ਇੱਕ ਤੋਂ ਬਾਅਦ ਇੱਕ ਨੇ ਆਤਮ-ਹੱਤਿਆ ਕਰ ਲਈ। ਇਹ ਦੁਖਦਾਈ ਘਟਨਾ 2022 ਦੇ ਦਸੰਬਰ ਮਹੀਨੇ ਦੀ ਹੈ। ਇਹ ਕੋਈ ਪਹਿਲੀ ਘਟਨਾ ਨਹੀਂ, ਇਸ ਤੋਂ ਪਹਿਲਾਂ 2020 ਵਿੱਚ ਮੱਧ ਪ੍ਰਦੇਸ਼ ਵਿੱਚ ਇੱਕ ਲੜਕੀ ਨੇ ਨੀਟ ਯੂਜੀ (ਐਨਈਈਟੀ ਅੰਡਰ-ਗ੍ਰੈਜੂਏਸ਼ਨ) ਦੇ ਨਤੀਜੇ ਤੋਂ ਬਾਅਦ ਖ਼ੁਦਕੁਸ਼ੀ ਕੀਤੀ ਸੀ। ਉਸ ਨੇ ਬਹੁਤ ਮਿਹਨਤ ਕਰ ਕੇ ਇਹ ਇਮਤਿਹਾਨ ਦਿੱਤਾ ਪਰ ਨਤੀਜੇ ਵਿੱਚ ਉਸ ਨੂੰ ਆਪਣੇ ਸਿਰਫ 6 ਅੰਕ ਦੇਖ ਕੇ ਬੜਾ ਧੱਕਾ ਲੱਗਾ। ਉਸ ਦੀ ਮੌਤ ਤੋਂ ਬਾਅਦ ਉਸ ਦੇ ਮਾਪਿਆਂ ਨੇ ਜਦ ਨਤੀਜੇ ਦੀ ਪੜਤਾਲ ਕਰਵਾਈ ਤਾਂ ਉਸ ਦੇ ਅੰਕ 560 ਸਨ। ਇਸ ਤਕਨੀਕੀ ਗਲਤੀ ਦਾ ਖ਼ਮਿਆਜ਼ਾ ਉਸ ਲੜਕੀ ਨੇ ਜ਼ਿੰਦਗੀ ਦੀ ਜੰਗ ਹਾਰ ਕੇ ਚੁਕਾਇਆ। ਅਜਿਹੀਆਂ ਘਟਨਾਵਾਂ ਨੇ ਵਿਦਿਆਰਥੀਆਂ ਵਿੱਚ ਪ੍ਰਵੇਸ਼ ਪ੍ਰੀਖਿਆ ਦੇ ਮੁਕਾਬਲੇ ਕਾਰਨ ਵਧ ਰਹੇ ਦਬਾਅ ਅਤੇ ਤਣਾਅ ਨੇ ਬੁੱਧੀਜੀਵੀਆਂ ਵਿੱਚ ਬਹਿਸ ਛੇੜ ਦਿੱਤੀ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਸਤੰਬਰ 2022 ਵਿੱਚ ਜਾਰੀ ਅੰਕੜਿਆਂ ਅਨੁਸਾਰ, ਪਿਛਲੇ ਸਾਲ 13000 ਵਿਦਿਆਰਥੀਆਂ ਨੇ ਆਤਮ-ਹੱਤਿਆ ਕੀਤੀ। ਹੈਰਾਨੀ ਦੀ ਗੱਲ ਹੈ ਕਿ 2020 ਦੇ ਮੁਕਾਬਲੇ 2021 ਵਿੱਚ ਇਹ ਗਿਣਤੀ 4.5% ਵਧੀ ਹੈ। ਅੰਕੜਿਆਂ ਅਨੁਸਾਰ ਵਿਦਿਆਰਥੀਆਂ ਦੀਆਂ ਕੁੱਲ ਖ਼ੁਦਕੁਸ਼ੀਆਂ 'ਚੋਂ 14% ਇਕੱਲੇ ਮਹਾਰਾਸ਼ਟਰ ਦਾ ਬਣਦਾ ਹੈ ਜਿੱਥੇ 1834 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਹੈ।



ਇਸ ਵਰਤਾਰੇ ਨੇ ਅਜੋਕੇ ਸਿੱਖਿਆ ਪ੍ਰਬੰਧਾਂ ਨੂੰ ਕਟਿਹਰੇ 'ਚ ਖੜ੍ਹਾ ਕੀਤਾ ਹੈ। ਵਿਦਿਆਰਥੀਆਂ 'ਚ ਖ਼ੁਦਕੁਸ਼ੀ ਦਾ ਮੁੱਖ ਕਾਰਨ ਇਮਤਿਹਾਨ ਵਿੱਚ ਫੇਲ੍ਹ ਹੋਣਾ ਨਿੱਕਲਿਆ ਹੈ। ਪ੍ਰਵੇਸ਼ ਪ੍ਰੀਖਿਆ ਟੈਸਟ ਦੀ ਤਿਆਰੀ ਕਰਾਉਣ ਵਾਲੇ ਕੋਚਿੰਗ ਕੇਂਦਰਾਂ 'ਚ ਵਿਦਿਆਰਥੀਆਂ ਦੀ ਭੀੜ ਲਗਾਤਾਰ ਵਧ ਰਹੀ ਹੈ ਪਰ ਕੋਰਸਾਂ ਦੀਆਂ ਸੀਟਾਂ ਸੀਮਤ ਹਨ। ਮੈਡੀਕਲ ਦੀ ਇੱਕ ਲੱਖ ਸੀਟ ਲਈ 2022 ਵਿੱਚ 18 ਲੱਖ ਬੱਚਿਆਂ ਨੇ ਇਮਤਿਹਾਨ ਦਿੱਤਾ ਸੀ। ਯੂਪੀਐੱਸਸੀ ਦੀਆਂ ਇੱਕ ਹਜ਼ਾਰ ਤੋਂ ਘੱਟ ਸੀਟਾਂ ਲਈ ਲੱਖਾਂ ਲੋਕ ਹਰ ਸਾਲ ਪ੍ਰੀਖਿਆ ਦਿੰਦੇ ਹਨ। ਆਤਮ-ਹੱਤਿਆ ਕਰਨ ਵਿੱਚ ਗ਼ਰੀਬ ਬੱਚਿਆਂ ਦੀ ਸ਼ਮੂਲੀਅਤ ਕਾਫੀ ਜ਼ਿਆਦਾ ਹੈ। ਜੁਲਾਈ 2021 ਦੇ ਅੰਕੜਿਆਂ ਅਨੁਸਾਰ, ਦੇਸ਼ ਅੰਦਰ 2017-19 ਤੱਕ 14-18 ਸਾਲ ਉਮਰ ਦੇ 24588 ਬੱਚਿਆਂ ਨੇ ਆਤਮ-ਹੱਤਿਆ ਕੀਤੀ ਜਿਨ੍ਹਾਂ 'ਚੋਂ 13325 ਲੜਕੀਆਂ ਹਨ। 2017 'ਚ 8029, 2018 'ਚ 8162 ਤੇ 2019 ਵਿੱਚ ਇਹ ਅੰਕੜਾ ਵਧ ਕੇ 8377 ਹੋ ਗਿਆ। ਵਿਆਹ ਆਦਿ ਨਾਲ ਸਬੰਧਿਤ ਮਾਮਲਿਆਂ ਕਾਰਨ 3954 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ; ਕਿਸੇ ਬਿਮਾਰੀ, ਨਸ਼ਿਆਂ ਤੋਂ ਗ੍ਰਸਤ, ਜਿਨਸੀ ਛੇੜਛਾੜ ਤੋਂ ਤੰਗ ਆ ਕੇ 2648 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ। ਕੌਮਾਂਤਰੀ ਲੇਬਰ ਖੋਜ ਸੰਗਠਨ ਦੀ ਖੋਜ ਅਨੁਸਾਰ, ਆਲਮੀ ਪੱਧਰ 'ਤੇ ਦਸ ਵਿਦਿਆਰਥੀਆਂ 'ਚੋਂ ਗੰਭੀਰ ਰੂਪ ਵਿੱਚ ਤਣਾਅ ਦਾ ਸ਼ਿਕਾਰ ਹੈ। ਨਤੀਜਾ ਐਲਾਨਣ ਤੋਂ ਬਾਅਦ ਅਕਸਰ ਬੱਚੇ ਖ਼ੁਦਕੁਸ਼ੀ ਕਰਦੇ ਹਨ। ਲਾਂਸੇਟ ਮੈਡੀਕਲ ਰਸਾਲੇ ਵਿੱਚ ਛਪੀ ਰਿਪੋਰਟ ਅਨੁਸਾਰ, ਸੰਸਾਰ ਅੰਦਰ 15-29 ਸਾਲ ਉਮਰ ਵਰਗ ਦੇ ਲੋਕਾਂ 'ਚ ਆਤਮ-ਹੱਤਿਆ ਦਰ ਹੋਰਨਾਂ ਨਾਲੋਂ ਸਭ ਤੋਂ ਉੱਚੀ ਹੈ।

ਵਿਸ਼ਵ ਸਿਹਤ ਸੰਗਠਨ ਦੇ ਸਹਾਇਕ ਨਿਰਦੇਸ਼ਕ ਅਨੁਸਾਰ ਸੰਸਾਰ ਅੰਦਰ ਜੰਗਾਂ ਅਤੇ ਮਹਾਮਾਰੀਆਂ ਦੇ ਮੁਕਾਬਲੇ ਆਤਮ-ਹੱਤਿਆ ਨਾਲ ਜ਼ਿਆਦਾ ਲੋਕ ਮਰਦੇ ਹਨ; ਤਣਾਅ ਨੰਬਰ ਇੱਕ 'ਤੇ ਹੈ। ਸੰਸਾਰ ਦੀ 69% ਆਬਾਦੀ ਤਣਾਅ ਦੀ ਸ਼ਿਕਾਰ ਹੈ। ਵਿਸ਼ਵਵਿਆਪੀ ਤੌਰ 'ਤੇ ਡਾਕਟਰ ਕੋਲ ਜਾਣ ਵਾਲੇ ਪੰਜ ਲੋਕਾਂ 'ਚੋਂ ਤਿੰਨ ਤਣਾਅ ਦੇ ਸ਼ਿਕਾਰ ਨਿੱਕਲੇ ਹਨ। ਅੰਦਾਜ਼ੇ ਮੁਤਾਬਿਕ, ਦੁਨੀਆ ਅੰਦਰ ਸਾਲਾਨਾ ਅੱਠ ਲੱਖ ਤੋਂ ਜ਼ਿਆਦਾ ਲੋਕ ਖ਼ੁਦਕੁਸ਼ੀ ਕਰਦੇ ਹਨ। ਹਰ ਚਾਲੀ ਸਕਿੰਟ ਵਿੱਚ ਇੱਕ ਜ਼ਿੰਦਗੀ ਆਤਮ-ਹੱਤਿਆ ਦੀ ਭੇਟ ਚੜ੍ਹ ਰਹੀ ਹੈ। ਖ਼ੁਦਕੁਸ਼ੀ ਦੀਆਂ ਮੰਦਭਾਗੀ ਘਟਨਾਵਾਂ ਬੇਰੋਕ ਲਗਾਤਾਰ ਵਧ ਰਹੀਆਂ ਹਨ ਜੋ ਨਰੋਏ ਸਮਾਜ ਦੇ ਹਿੱਤ ਵਿੱਚ ਨਹੀਂ ਹਨ। ਵਿੱਦਿਆ ਪਾਰਸ ਹੈ ਜੋ ਆਪਣੇ ਨਾਲ ਜੁੜਨ ਵਾਲੇ ਨੂੰ ਵੀ ਪਾਰਸ ਬਣਾ ਦਿੰਦੀ ਹੈ। ਸਿੱਖਿਆ ਜੀਵਨ ਜਾਚ ਸਿਖਾਉਂਦੀ ਹੈ ਅਤੇ ਰੋਜ਼ੀ ਰੋਟੀ ਦੇ ਕਾਬਲ ਬਣਾਉਂਦੀ ਹੈ। ਆਜ਼ਾਦੀ ਦੇ ਸਾਢੇ ਛੇ ਦਹਾਕਿਆਂ ਬਾਅਦ ਵੀ ਲੋਕ ਮੁੱਢਲੀਆਂ ਸਹੂਲਤਾਂ ਤੋਂ ਸੱਖਣੇ ਹਨ। ਅਜੋਕੇ ਦੌਰ ਅੰਦਰ ਸਿੱਖਿਆ ਖਾਸ ਕਰ ਕੇ ਉਚੇਰੀ ਸਿੱਖਿਆ ਬਹੁਤ ਮਹਿੰਗੀ ਹੋ ਚੁੱਕੀ ਹੈ ਜੋ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀ ਹੈ। ਨਿੱਜੀਕਰਨ ਅਤੇ ਸਰਕਾਰਾਂ ਦੀ ਅਣਗਹਿਲੀ ਇਸ ਨੂੰ ਦਿਨੋ-ਦਿਨ ਮਹਿੰਗਾ ਕਰ ਰਹੀ ਹੈ। ਇਸ ਕਰ ਕੇ ਵਿਦਿਆਰਥੀਆਂ ਤੇ ਮਾਪਿਆਂ ਦੀ ਚਿੰਤਾ ਵਧਣਾ ਲਾਜ਼ਮੀ ਹੈ। ਉਚੇਰੀ ਸਿੱਖਿਆ ਪ੍ਰਾਪਤੀ ਹਿਤ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਣ ਨੂੰ ਮਜਬੂਰ ਹੋਣਾ ਪੈ ਰਿਹਾ ਹੈ।

ਦੇਸ਼ ਅੰਦਰ ਜ਼ਿਆਦਾਤਰ ਯੂਨੀਵਰਸਿਟੀਆਂ ਬਗੈਰ ਮਾਨਤਾ ਪ੍ਰਾਪਤ ਕੋਰਸ ਕਰਵਾ ਰਹੀਆਂ ਹਨ। ਕਿਤੇ ਮਾਪਦੰਡਾਂ ਅਨੁਸਾਰ ਦਾਖਲੇ ਨਹੀਂ ਹੁੰਦੇ ਤੇ ਕਿਤੇ ਡਿਗਰੀ ਮਾਨਤਾ ਪ੍ਰਾਪਤ ਨਹੀਂ ਹੁੰਦੀ। ਉਕਤ ਕਾਰਨਾਂ ਨੇ ਵੀ ਵਿਦਿਆਰਥੀਆਂ ਨੂੰ ਅਸ਼ਾਂਤੀ ਦੀ ਦਲਦਲ 'ਚ ਧੱਕਿਆ ਹੈ। ਆਲਮੀ ਪੱਧਰ 'ਤੇ ਖ਼ੁਦਕੁਸ਼ੀਆਂ ਦੇ ਇਸ ਵਰਤਾਰੇ ਨੇ ਬੁੱਧੀਜੀਵੀਆਂ ਅਤੇ ਚਿੰਤਕਾਂ ਨੂੰ ਸੋਚਾਂ ਵਿੱਚ ਪਾ ਦਿੱਤਾ ਹੈ। ਹਰ ਵਰਗ ਦੇ ਲੋਕ ਇਸ ਮੰਦਭਾਗੇ ਰੁਝਾਨ 'ਚ ਸ਼ਾਮਲ ਹੋ ਰਹੇ ਹਨ। ਇਸ ਦੇ ਕਾਰਨ ਤਾਂ ਹੋਰ ਬਹੁਤ ਸਾਰੇ ਹੋ ਸਕਦੇ ਹਨ ਪਰ ਜਦੋਂ ਤੱਕ ਮਨੁੱਖ ਆਪਣੀ ਬਰਦਾਸ਼ਤ ਕਰਨ ਦੀ ਸੀਮਾ ਨਹੀਂ ਵਧਾਉਂਦਾ ਉਦੋਂ ਤੱਕ ਖ਼ੁਦਕੁਸ਼ੀਆਂ ਦੇ ਰਾਹ ਪੈਂਦਾ ਰਹੇਗਾ। ਜ਼ਿੰਦਗੀ ਦੇ ਉਤਾਰ ਚੜ੍ਹਾਅ ਨੂੰ ਸਹਿਜ ਨਾਲ ਲਿਆ ਜਾਣਾ ਚਾਹੀਦਾ ਹੈ। ਹਰ ਤਰ੍ਹਾਂ ਦੇ ਹਾਲਾਤ ਨਾਲ ਨਜਿੱਠਣਾ ਹੀ ਸਭ ਤੋਂ ਵੱਡੀ ਬਹਾਦਰੀ ਹੈ। ਜੋ ਸੁੱਖ ਸਾਧਨ ਮੌਜੂਦ ਹਨ, ਉਨ੍ਹਾਂ ਦਾ ਆਨੰਦ ਲਿਆ ਜਾਵੇ; ਜੋ ਕੁਝ ਨਹੀਂ ਹੈ, ਉਸ ਦੀ ਪ੍ਰਾਪਤੀ ਲਈ ਮਿਹਨਤ ਕੀਤੀ ਜਾਵੇ।

ਮਨੁੱਖ ਭਵਿੱਖ ਦੀ ਤਿਆਰੀ 'ਚ ਆਪਣਾ ਵਰਤਮਾਨ ਨਸ਼ਟ ਕਰ ਲੈਂਦਾ ਹੈ ਤੇ ਵਰਤਮਾਨ ਦਾ ਅਸਰ ਭਵਿੱਖ 'ਤੇ ਪੈਂਦਾ ਹੈ। ਮਨੁੱਖ ਦੂਜੇ ਸਫ਼ਲ ਲੋਕਾਂ ਤੋਂ ਪ੍ਰਭਾਵਿਤ ਹੋ ਕੇ ਜਲਦੀ ਉਨ੍ਹਾਂ ਵਾਂਗ ਸਫਲ ਹੋਣਾ ਲੋਚਦਾ ਹੈ ਪਰ ਉਨ੍ਹਾਂ ਲੋਕਾਂ ਦਾ ਸੰਘਰਸ਼, ਅਸਫਲਤਾ ਦੇ ਬਹੁਤ ਸਾਰੇ ਝਟਕਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਉਦਾਸੀ ਤੋਂ ਬਚਣ ਲਈ ਆਸਵੰਦ ਹੋਣਾ ਚਾਹੀਦਾ ਹੈ। ਆਸਵੰਦ ਹੋਣ ਲਈ ਚੰਗਾ ਸਾਹਿਤ ਪੜ੍ਹਨਾ ਜ਼ਰੂਰੀ ਹੈ; ਆਪਣੇ ਆਪ ਨੂੰ ਰੁੱਝੇ ਰੱਖਣਾ ਚਾਹੀਦਾ ਹੈ। ਮਨੁੱਖ ਨੂੰ ਇਹ ਗੱਲ ਸਦਾ ਚੇਤੇ ਰੱਖਣੀ ਚਾਹੀਦੀ ਹੈ ਕਿ ਜ਼ਿੰਦਗੀ ਸਿਰਫ਼ ਜਿਊਣ ਦਾ ਨਾਂ ਨਹੀਂ ਸਗੋਂ ਹੰਢਾਉਣ ਦਾ ਨਾਮ ਹੈ।

# ਅੱਖਾਂ 'ਚੋਂ ਸਿੰਮਦੀ ਉਦਾਸੀ

ਲੇਖਕ : ਮਨਸ਼ਾ ਰਾਮ ਮੱਕੜ, ਸੰਪਰਕ: 98144-39224

ਲੰਮੇ ਸਮੇਂ ਤੋਂ ਜ਼ਿਲ੍ਹਾ ਕਚਹਿਰੀ ਵਿੱਚ ਟਾਈਪਿਸਟ ਵਜੋਂ ਕੰਮ ਕਰ ਰਿਹਾ ਹਾਂ। ਆਸ ਪਾਸ ਦੇ ਪਿੰਡਾਂ ਦੇ ਬਹੁਤ ਲੋਕਾਂ ਨਾਲ ਨੇੜਤਾ ਤੇ ਸਾਂਝ ਬਣ ਗਈ ਹੈ। ਉਹ ਕੰਮ ਕਰਵਾਉਣ ਆਏ ਆਪਣੀਆਂ ਪਰਿਵਾਰਕ ਗੱਲਾਂ ਅਤੇ ਦੁੱਖ ਸੁੱਖ ਵੀ ਸਾਂਝੇ ਕਰ ਲੈਂਦੇ ਹਨ।



ਉਸ ਦਿਨ ਫੌਜਾ ਸਿੰਘ ਕੰਮ ਕਰਵਾਉਣ ਆਇਆ ਤਾਂ ਉਸ ਦਾ ਚਿਹਰਾ ਉਦਾਸ ਸੀ। ਪਹਿਲਾਂ ਜਦੋਂ ਵੀ ਆਉਂਦਾ ਤਾਂ ਉਸ ਦੇ ਚਿਹਰੇ 'ਤੇ ਰੌਣਕ ਅਤੇ ਆਵਾਜ਼ ਵਿੱਚ ਗੜ੍ਹਕ ਹੁੰਦੀ ਸੀ। ਉਹ ਸਕਾਰਾਤਮਕ ਸੋਚ ਦਾ ਮਾਲਕ ਸੁਲਝਿਆ ਕਿਸਾਨ ਹੈ। ਖੇਤੀਬਾੜੀ ਯੂਨੀਵਰਸਿਟੀ ਦੇ ਸੰਪਰਕ ਵਿੱਚ ਰਹਿ ਕੇ ਨਵੀਆਂ ਤਕਨੀਕਾਂ ਨਾਲ ਖੇਤੀ ਕਰਦਾ ਹੈ। ਉਸ ਦੇ ਦੱਸਣ ਅਨੁਸਾਰ, ਉਸ ਨੇ ਆਪਣੀਆਂ ਛੋਟੀਆਂ ਭੈਣਾਂ ਨੂੰ ਉਚ ਸਿੱਖਿਆ ਦਿਵਾਈ, ਉਨ੍ਹਾਂ ਦੇ ਵਿਆਹ ਮੇਲ ਖਾਂਦੇ ਚੰਗੇ ਪਰਿਵਾਰਾਂ ਵਿੱਚ ਕੀਤੇ। 1947 ਦੀ ਵੰਡ ਸਮੇਂ ਅਲਾਟ ਹੋਇਆ ਖਸਤਾ ਹਾਲ ਰਿਹਾਇਸ਼ੀ ਮਕਾਨ ਢਾਹ ਕੇ ਲੋੜ ਅਨੁਸਾਰ ਨਵਾਂ ਘਰ ਉਸਾਰਿਆ। ਉਸ ਦਾ ਇਕ ਪੁੱਤਰ ਅਤੇ ਇਕ ਧੀ ਹੈ। ਦੋਵੇਂ ਬੱਚੇ ਹੋਣਹਾਰ, ਮਿਲਣਸਾਰ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਹਨ।

ਉਸ ਨੇ ਦੱਸਿਆ: ਮੇਰੀ ਧੀ ਪੜ੍ਹ ਰਹੀ ਹੈ ਅਤੇ ਪੁੱਤਰ ਨੇ ਕਾਨੂੰਨ ਦੀ ਪੜ੍ਹਾਈ ਬੀਏਐੱਲਐੱਲਬੀ ਪੂਰੀ ਕਰ ਲਈ ਸੀ। ਪੁੱਤਰ ਨੇ ਵਕਾਲਤ ਕਰਨ ਦੀ ਥਾਂ ਵਿਦੇਸ਼ ਜਾਣ ਦੀ ਖਾਹਿਸ਼ ਦੱਸੀ। ਸਾਡੇ ਕੋਲ ਭਾਵੇਂ ਕਾਫੀ ਜ਼ਮੀਨ ਹੈ ਪਰ ਮੈਂ ਉਸ ਨਾਲ ਸਹਿਮਤ ਹੋ ਗਿਆ ਕਿ ਪੁੱਤਰ ਵਿਦੇਸ਼ ਵਿੱਚ ਕਮਾਈ ਕਰੇਗਾ ਅਤੇ ਚਾਰ ਕਿੱਲੇ ਜ਼ਮੀਨ ਹੋਰ ਜੁੜ ਜਾਵੇਗੀ। ਪੁੱਤਰ ਨੇ ਵਿਦੇਸ਼ ਜਾਣ ਲਈ ਕੇਸ ਮੁਕੰਮਲ ਕਰ ਕੇ ਫਾਈਲ ਕੈਨੇਡੀਅਨ ਅੰਬੈਸੀ ਵਿੱਚ ਲਾ ਦਿੱਤੀ। ਮਹੀਨੇ ਵਿੱਚ ਹੀ ਵੀਜ਼ਾ ਲੱਗ ਗਿਆ ਤੇ ਉਹ ਤਿਆਰੀ ਕਰ ਕੇ ਕੈਨੇਡਾ ਚਲਾ ਗਿਆ।

ਦੋ ਸਾਲ ਬਾਅਦ ਉਹ ਕੈਨੇਡਾ ਤੋਂ ਵਾਪਸ ਆਇਆ। ਉਥੇ ਉਹਨੇ ਮਿਹਨਤ ਕਰ ਕੇ ਕਮਾਈ ਕੀਤੀ। ਉਹਦਾ ਵਿਆਹ ਉਹਦੀ ਸਹਿਮਤੀ ਨਾਲ ਉਚ ਸਿੱਖਿਆ ਪ੍ਰਾਪਤ ਲੜਕੀ ਨਾਲ ਕਰ ਦਿੱਤਾ। ਉਹ ਆਪਣੀ ਪਤਨੀ ਦਾ ਵੀ ਕੈਨੇਡਾ ਦਾ ਵੀਜ਼ਾ ਲਗਵਾ ਕੇ ਉਹਨੂੰ ਨਾਲ ਲੈ ਗਿਆ।

ਉਥੇ ਦੋਵਾਂ ਨੇ ਮਿਹਨਤ ਕਰ ਕੇ ਛੋਟਾ ਮਕਾਨ ਖਰੀਦ ਲਿਆ। ਦੋ ਸਾਲ ਹੋਰ ਲੰਘ ਗਏ ਜਦੋਂ ਸੁਨੇਹਾ ਮਿਲਿਆ ਕਿ ਪੁੱਤਰ ਦੇ ਘਰ ਪੁੱਤਰ ਨੇ ਜਨਮ ਲਿਆ ਹੈ। ਪਤਾ ਲੱਗਣ 'ਤੇ ਸਾਡੇ ਘਰ ਪਰਿਵਾਰ ਵਿੱਚ ਖ਼ੁਸ਼ੀਆਂ ਦਾ ਕੋਈ ਅੰਤ ਨਹੀਂ ਸੀ। ਪਤਨੀ ਕਹਿਣ ਲੱਗੀ ਕਿ ਪੁੱਤਰ ਨੂੰ ਕਹੋ, ਆ ਕੇ ਮਿਲ ਜਾਵੇ। ਪੋਤਰੇ ਨੂੰ ਦੇਖਣ ਦੀ ਤਾਂਘ ਸੀ। ਪੁੱਤਰ ਨੂੰ ਭਾਰਤ ਆਉਣ ਲਈ ਕਿਹਾ। ਉਹਨੇ ਸਲਾਹ ਦਿੱਤੀ ਕਿ ਭੈਣ ਨੇ ਪੜ੍ਹਾਈ ਪੂਰੀ ਕਰ ਲਈ ਹੈ, ਉਸ ਵਾਸਤੇ ਯੋਗ ਲੜਕਾ ਲੱਭੋ, ਉਸ ਦੀ ਸ਼ਾਦੀ ਸਮੇਂ ਹੀ ਆਵਾਂਗੇ।

ਅਸੀਂ ਪਤੀ ਪਤਨੀ ਉਮਰ ਦੇ ਵਧਦਿਆਂ ਢਿੱਲੇ ਮੱਠੇ ਰਹਿਣ ਲੱਗੇ। ਮੈਨੂੰ ਗੋਡਿਆਂ ਅਤੇ ਬਲੱਡ ਪ੍ਰੈੱਸ਼ਰ ਦੀ ਤਕਲੀਫ ਰਹਿਣ ਲੱਗ ਪਈ। ਘਰ ਅਤੇ ਖੇਤੀ ਦੇ ਕੰਮ ਕਰਨੇ ਔਖੇ ਹੁੰਦੇ ਗਏ। ਜਾਣਕਾਰਾਂ ਅਤੇ ਰਿਸ਼ਤੇਦਾਰਾਂ ਦੀ ਸਹਾਇਤਾ ਨਾਲ ਧੀ ਦੀ ਸ਼ਾਦੀ ਲਈ ਪੜ੍ਹਿਆ ਲਿਖਿਆ, ਸੁਨੱਖਾ ਨੌਜਵਾਨ ਲੜਕਾ ਮਿਲ ਗਿਆ। ਲੜਕੇ ਅਤੇ ਉਨ੍ਹਾਂ ਦੇ ਪਰਿਵਾਰ ਦੀ ਸਾਰੀ ਜਾਣਕਾਰੀ ਲੈ ਕੇ ਲੜਕੇ ਵਾਲਿਆਂ ਨੂੰ ਹਾਂ ਕਰ ਦਿੱਤੀ, ਉਨ੍ਹਾਂ ਵੀ ਅੱਗਿਓਂ ਹਾਂ ਦਾ ਜਵਾਬ ਹਾਂ ਵਿੱਚ ਦਿੱਤਾ। ਵਿਦੇਸ਼ ਵਿੱਚ ਪੁੱਤਰ ਨੂੰ ਦੱਸਿਆ ਤਾਂ ਉਸ ਕਿਹਾ ਕਿ ਵਿਆਹ ਦਾ ਦਿਨ ਮੁਕੱਰਰ ਕਰ ਕੇ ਤਿਆਰੀ ਕਰੋ, ਅਸੀਂ ਛੁੱਟੀ ਲੈ ਕੇ ਪਹੁੰਚ ਜਾਵਾਂਗੇ।

ਪੁੱਤਰ ਨੂੰ ਫੋਨ 'ਤੇ ਵਿਆਹ ਦੀ ਤਾਰੀਖ ਦਾ ਸੁਨੇਹਾ ਦਿੱਤਾ। ਉਹ ਸ਼ਾਦੀ ਤੋਂ ਹਫਤਾ ਪਹਿਲਾਂ ਆਪਣੀ ਪਤਨੀ ਅਤੇ ਬੱਚੇ ਸਮੇਤ ਆ ਗਿਆ। ਉਨ੍ਹਾਂ ਦੇ ਆਉਣ ਨਾਲ ਘਰ ਦੇ ਵਿਹੜੇ ਵਿੱਚ ਰੌਣਕ ਆ ਗਈ, ਪੋਤਰੇ ਨੂੰ ਦੇਖ ਮੈਨੂੰ ਤੇ ਮੇਰੀ ਪਤਨੀ ਨੂੰ ਜਿਵੇਂ ਸਾਰੀਆਂ ਤਕਲੀਫਾਂ ਭੁੱਲ ਗਈਆਂ।

ਅਸੀਂ ਪਿਓ ਪੁੱਤਰ, ਦੋਵਾਂ ਨੇ ਵਿਆਹ ਲਈ ਲੋੜੀਂਦਾ ਸਮਾਨ ਖਰੀਦਿਆ ਅਤੇ ਹੋਰ ਸਾਰੇ ਪ੍ਰਬੰਧ ਕੀਤੇ। ਵਿਆਹ ਬਹੁਤ ਹੀ ਖ਼ੁਸ਼ੀ ਅਤੇ ਸੁਖਾਵੇਂ ਮਾਹੌਲ ਵਿੱਚ ਹੋਇਆ। ਸਮਾਂ ਜਿਵੇਂ ਅੱਖ ਝਪਕਦਿਆਂ ਹੀ ਲੰਘ ਗਿਆ ਹੋਵੇ।

ਇੱਕ ਦਿਨ ਮੇਰੀ ਪਤਨੀ ਸੋਚਾਂ ਵਿੱਚ ਡੁੱਬੀ ਬੈਠੀ ਸੀ। ਪੁੱਛਿਆ ਤਾਂ ਕਹਿਣ ਲੱਗੀ ਕਿ ਪੁੱਤਰ ਵਾਪਸ ਕੈਨੇਡਾ ਚਲਾ ਗਿਆ ਤਾਂ ਆਪਾਂ ਦੋਵੇਂ ਦਿਨ ਕਟੀ ਕਿਵੇਂ ਕਰਾਂਗੇ? ਸੁੰਨਾ ਘਰ ਵੱਢ-ਵੱਢ ਖਾਊਗਾ। ਤੁਸੀਂ ਉਹਨੂੰ ਕਹੋ, ਕੈਨੇਡਾ ਛੱਡ ਦੇਵੇ ਤੇ ਇੱਥੇ ਰਹੇ। ਮੈਂ ਉਸ ਨਾਲ ਸਹਿਮਤ ਹੁੰਦਿਆਂ ਪੁੱਤਰ ਨੂੰ ਕਿਹਾ ਕਿ ਕੈਨੇਡਾ ਵਾਪਸ ਨਾ ਜਾਵੇ, ਇੱਥੇ ਰਹੇ; ਆਪਣਾ ਕੈਨੇਡਾ ਇੱਥੇ ਹੀ ਹੈ। ਪੈਂਤੀ ਏਕੜ ਉਪਜਾਊ ਜ਼ਮੀਨ ਹੈ, ਇਸ ਨੂੰ ਸੰਭਾਲ। ਉਹ ਚੁੱਪ ਰਿਹਾ, ਕੋਈ ਜਵਾਬ ਨਾ ਦਿੱਤਾ।

ਮਹੀਨੇ ਬਾਅਦ ਹੀ ਪੁੱਤਰ ਅਤੇ ਨੂੰਹ ਆਪਣਾ ਸਮਾਨ ਇਕੱਠਾ ਕਰ ਕੇ ਅਟੈਚੀਕੇਸਾਂ ਵਿੱਚ ਪਾ ਰਹੇ ਸਨ। ਮੈਨੂੰ ਹੈਰਾਨੀ ਹੋਈ। ਪੁੱਛਣ 'ਤੇ ਕਹਿਣ ਲੱਗਿਆ, ਮੇਰੀ ਛੁੱਟੀ ਸਿਰਫ ਤਿੰਨ ਦਿਨ ਦੀ ਰਹਿ ਗਈ ਹੈ, ਕੱਲ੍ਹ ਅਸੀਂ ਵਾਪਸ ਜਾਣਾ ਹੈ।

ਇਹ ਸੁਣ ਕੇ ਜ਼ੋਰਦਾਰ ਝਟਕਾ ਲੱਗਿਆ। ਮੈਨੂੰ ਕੁਝ ਸੁੱਝ ਨਹੀਂ ਰਿਹਾ ਸੀ। ਥੋੜ੍ਹਾ ਸੰਭਲਣ 'ਤੇ ਮੈਂ ਪੁੱਤਰ ਨੂੰ ਕਿਹਾ ਕਿ ਘੱਟੋ-ਘੱਟ ਮਹੀਨਾ ਹੋਰ ਰੁਕ ਜਾਓ। ਗੋਡਿਆਂ ਦੀ ਤਕਲੀਫ ਕਰ ਕੇ ਮੈਂ ਲੰਮੇ ਸਮੇਂ ਤੋਂ ਰਿਸ਼ਤੇਦਾਰੀਆਂ ਅਤੇ ਨਜ਼ਦੀਕੀਆਂ ਕੋਲ ਦੁੱਖ ਸੁੱਖ 'ਤੇ ਨਹੀਂ ਜਾ ਸਕਿਆ। ਉਨ੍ਹਾਂ ਨੂੰ ਮਿਲਵਾ ਲਿਆ। ਪੁੱਤਰ ਕਹਿਣ ਲੱਗਿਆ, "ਪਾਪਾ, ਮਹੀਨਾ ਤਾਂ ਕੀ, ਮੈਂ ਇਕ ਦਿਨ ਵੀ ਵੱਧ ਨਹੀਂ ਰੁਕ ਸਕਦਾ, ਛੁੱਟੀ ਖ਼ਤਮ ਹੋਣ 'ਤੇ ਮੈਂ ਕੰਮ 'ਤੇ ਪਰਤਣਾ ਹੈ। ਜੇ ਨਾ ਪਹੁੰਚਿਆ ਤਾਂ ਨੌਕਰੀ ਤੋਂ ਜਵਾਬ ਮਿਲ ਜਾਵੇਗਾ। ਸਾਡੇ ਕੋਲ ਰਿਟਰਨ ਟਿਕਟਾਂ ਹਨ।"

ਮੈਂ ਬੇਵੱਸ ਹੋ ਗਿਆ। ਅਖ਼ੀਰ ਮੇਰੀ ਪਤਨੀ ਨੇ ਉਹਨੂੰ ਕਿਹਾ, "ਪੁੱਤ, ਇੱਕ ਬੱਚਾ ਤੁਹਾਡੇ ਕੋਲ ਹੈ, ਇਕ ਬੱਚਾ ਹੋਰ ਬਣਾ ਲਓ, ਤੇ ਉਹ ਸਾਨੂੰ ਦੇ ਦਿਓ। ਅਸੀਂ ਉਸ ਦੇ ਆਹਰੇ ਲੱਗੇ ਰਹਾਂਗੇ ਤੇ ਸਾਡੀ ਰਹਿੰਦੀ ਜ਼ਿੰਦਗੀ ਸੌਖੀ ਲੰਘ ਜਾਵੇਗੀ।"

ਇਹ ਦੱਸਦਿਆਂ ਫੌਜਾ ਸਿੰਘ ਦੀਆਂ ਅੱਖਾਂ ਭਰ ਆਈਆਂ। ਅਗਾਂਹ ਉਸ ਤੋਂ ਕੁਝ ਬੋਲਿਆ ਨਹੀਂ ਗਿਆ…।

# ਪਾਣੀ ਦੇ ਡਿਗਦੇ ਪੱਧਰ ਦੀ ਉਭਰ ਰਹੀ ਗੰਭੀਰ ਸਮੱਸਿਆ


**ਲੇਖਕ : ਡਾ. ਸ ਸ ਛੀਨਾ**

ਪਾਣੀ ਉਪਜ ਦਾ ਆਧਾਰ ਹੈ ਜਿਹੜਾ ਵਸੋਂ ਦੇ ਹਿਸਾਬ ਨਾਲ ਦੁਨੀਆ ਦੇ ਬਹੁਤੇ ਦੇਸ਼ਾਂ ਵਿੱਚ ਥੁੜ੍ਹ ਵਾਲੀ ਹਾਲਤ ਵਿੱਚ ਹੈ। ਸਪਸ਼ਟ ਹੈ ਕਿ ਭਾਰਤ ਵਸੋਂ ਦੇ ਭਾਰ ਨਾਲ ਜੂਝ ਰਿਹਾ ਹੈ। ਦੇਸ਼ ਦਾ ਖੇਤਰ ਦੁਨੀਆ ਦਾ ਸਿਰਫ਼ 2.4 ਫ਼ੀਸਦੀ ਹੈ ਅਤੇ ਪਾਣੀ ਦੇ ਸਾਧਨ ਸਿਰਫ਼ 4 ਫ਼ੀਸਦੀ, ਵਸੋਂ 17.6 ਫ਼ੀਸਦੀ ਹੈ। ਭਾਰਤ ਦੀ ਸੁਤੰਤਰਤਾ ਸਮੇਂ ਭਾਰਤ ਕੋਲ ਪਾਣੀ ਦੇ ਵਾਧੂ ਸਾਧਨ ਸਨ ਜਿਹੜੇ ਝੀਲਾਂ, ਦਰਿਆਵਾਂ ਅਤੇ ਧਰਤੀ ਦੇ ਹੇਠ ਪਾਣੀ ਦੇ ਰੂਪ ਵਿੱਚ ਸਨ। ਪ੍ਰਤੀ ਵਿਅਕਤੀ ਪਾਣੀ ਦੀ ਉਪਲਬਧਤਾ 5500 ਕਿਊਬਿਕ ਮੀਟਰ ਹਰ ਸਾਲ ਸੀ ਜਿਹੜੀ ਵਸੋਂ ਦਾ ਆਕਾਰ ਵਧਣ ਕਰ ਕੇ 1991 ਵਿੱਚ ਘਟ ਕੇ 2309 ਕਿਊਬਿਕ ਮੀਟਰ ਰਹਿ ਗਈ। ਇਹ 2001 ਵਿੱਚ ਹੋਰ ਘਟ ਕੇ 1902 ਕਿਊਬਿਕ ਮੀਟਰ ਅਤੇ ਅੱਜ ਕੱਲ੍ਹ ਸਿਰਫ਼ 1500 ਕਿਊਬਿਕ ਮੀਟਰ ਹੈ।

ਪਾਣੀ ਬਾਰੇ ਮਾਹਿਰਾਂ ਦੀ ਰਾਇ ਹੈ ਕਿ ਜਿਨ੍ਹਾਂ ਦੇਸ਼ਾਂ ਵਿੱਚ ਪ੍ਰਤੀ ਵਿਅਕਤੀ ਪਾਣੀ ਦੀ ਉਪਲਬਧਤਾ 1700 ਕਿਊਬਿਕ ਮੀਟਰ ਤੋਂ ਘੱਟ ਹੈ, ਉਹ ਪਾਣੀ ਦੀ ਥੁੜ੍ਹ ਦਾ ਸਾਹਮਣਾ ਕਰ ਰਹੇ ਹਨ ਪਰ ਜਿਸ ਤਰ੍ਹਾਂ ਵਸੋਂ ਵਿੱਚ ਵਾਧਾ ਹੋ ਰਿਹਾ ਹੈ, ਪਾਣੀ ਦੀ ਉਪਲਬਧਤਾ ਇੰਨੀ ਘਟ ਜਾਵੇਗੀ ਕਿ ਇਹ ਸਭ ਤੋਂ ਵੱਡੀ ਮੁਸ਼ਕਿਲ ਬਣ ਕੇ ਸਾਹਮਣੇ ਆ ਜਾਵੇਗੀ। ਇਉਂ ਹੀ ਕੁਦਰਤ ਦੇ ਹੋਰ ਸਾਧਨਾਂ ਦੀ ਥੁੜ੍ਹ ਦੀ ਸਮੱਸਿਆ ਹੈ ਪਰ ਮੁੱਢਲੀ ਲੋੜ ਹੋਣ ਕਰ ਕੇ ਪਾਣੀ ਸਰਕਾਰ ਦੇ ਯੋਗ ਅਤੇ ਫ਼ੌਰੀ ਧਿਆਨ ਦੀ ਮੰਗ ਕਰਦਾ ਹੈ।

ਹਰਾ ਇਨਕਲਾਬ 1960ਵਿਆਂ ਦੇ ਅਖੀਰ ਵਿੱਚ ਸ਼ੁਰੂ ਹੋਇਆ ਜਿਹੜਾ ਉਸ ਸਮੇਂ ਦੀ ਲੋੜ ਸੀ ਕਿਉਂ ਜੋ ਭਾਰਤ ਖੁਰਾਕ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਸੀ। ਕੀਮਤੀ ਵਿਦੇਸ਼ੀ ਮੁਦਰਾ, ਖੁਰਾਕ ਦੀ ਦਰਾਮਦ 'ਤੇ ਖ਼ਰਚ ਹੋ ਰਹੀ ਸੀ, ਇਉਂ ਸਰਬਪੱਖੀ ਵਿਕਾਸ ਨਹੀਂ ਸੀ ਹੋ ਰਿਹਾ। ਹਰਾ ਇਨਕਲਾਬ ਮੁੱਖ ਤੌਰ 'ਤੇ ਰਸਾਇਣਾਂ ਦੀ ਵਰਤੋਂ ਦੇ ਆਧਾਰ 'ਤੇ ਹੋਇਆ। ਇਹ ਰਸਾਇਣ ਉਨ੍ਹਾਂ ਖੇਤਰਾਂ ਵਿੱਚ ਹੀ ਪਾਏ ਜਾ ਸਕਦੇ ਸਨ ਜਿੱਥੇ ਪਾਣੀ ਬਹੁਤਾਤ ਵਿੱਚ ਮਿਲਦਾ ਸੀ। ਇਸ ਕਰ ਕੇ ਉਨ੍ਹਾਂ ਖੇਤਰਾਂ ਵਿੱਚ ਇਹ ਹਰਾ ਇਨਕਲਾਬ ਜ਼ਿਆਦਾ ਕਾਮਯਾਬ ਹੋਇਆ ਜਿੱਥੇ ਅਸਾਨੀ ਨਾਲ ਵਾਧੂ ਪਾਣੀ ਮਿਲ ਜਾਂਦਾ ਸੀ। ਪੰਜਾਬ ਵਿੱਚ ਪਾਣੀ ਦੇ ਬਹੁਤ ਜ਼ਿਆਦਾ ਅਤੇ ਅਸਾਨੀ ਨਾਲ ਪਾਣੀ ਮਿਲਣ ਕਰ ਕੇ ਜਿੱਥੇ ਧਰਤੀ ਹੇਠਲਾ ਪਾਣੀ ਸਿਰਫ਼ 10 ਫੁੱਟ 'ਤੇ ਮਿਲ ਜਾਂਦਾ ਸੀ। ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਟਿਊਬਵੈੱਲ ਲਗਵਾ ਦਿੱਤੇ। ਬਾਅਦ ਵਿੱਚ ਸਰਕਾਰ ਵੱਲੋਂ ਮੁਫ਼ਤ ਬਿਜਲੀ ਦੇਣ ਨਾਲ ਇਨ੍ਹਾਂ ਦਾ ਚਲਾਉਣਾ ਹੋਰ ਅਸਾਨ ਹੋ ਗਿਆ।

ਇਸ ਸਮੇਂ ਕੋਈ 14 ਲੱਖ ਟਿਊਬਵੈੱਲ ਦਿਨ ਰਾਤ ਧਰਤੀ ਹੇਠੋਂ ਪਾਣੀ ਕੱਢ ਰਹੇ ਹਨ। ਹੁਣ ਜਿਹੜਾ ਪਾਣੀ 8/10 ਫੁੱਟ ਨੀਵਾਂ ਮਿਲਦਾ ਸੀ, ਹੁਣ 150 ਫੁੱਟ ਨੀਵਾਂ ਚਲਾ ਗਿਆ ਹੈ, ਇਹ ਹੋਰ ਨੀਵਾਂ ਹੋ ਰਿਹਾ ਹੈ। ਪੰਜਾਬ ਕੋਲ ਦੇਸ਼ ਦਾ ਸਿਰਫ਼ 1.50 ਫ਼ੀਸਦੀ ਖੇਤਰ ਹੈ ਪਰ ਦੇਸ਼ ਵਿੱਚ ਲੱਗੇ ਹੋਏ ਟਿਊਬਵੈੱਲ ਵਿੱਚੋਂ 10 ਫ਼ੀਸਦੀ ਇਕੱਲੇ ਪੰਜਾਬ ਵਿੱਚ ਹਨ। ਦੂਜੀ ਤਰਫ਼ ਉਹੋ ਰਸਾਇਣ ਜ਼ਹਿਰ ਬਣ ਕੇ ਹਵਾ, ਪਾਣੀ ਅਤੇ ਧਰਤੀ ਵਿੱਚ ਮਿਲ ਕੇ ਖੁਰਾਕ




ਵਸਤੂਆਂ ਵਿੱਚ ਮਿਲਦੇ ਹਨ ਅਤੇ ਸਿਹਤ ਸਬੰਧੀ ਮੁਸ਼ਕਿਲਾਂ ਪੈਦਾ ਕਰਦੇ ਹਨ। ਇਹ ਰਸਾਇਣ ਕੁਦਰਤੀ ਵਾਤਾਵਰਨ ਵਿੱਚ ਮਿਲਨ ਕਰ ਕੇ, ਇਨ੍ਹਾਂ ਨੇ ਕੁਦਰਤੀ ਵਾਤਾਵਰਨ ਵਿੱਚ ਅਸੰਤੁਲਨ ਪੈਦਾ ਕਰ ਦਿੱਤਾ ਹੈ। ਪਾਣੀ ਦਾ ਦਿਨੋ-ਦਿਨ ਨੀਵਾਂ ਹੋ ਰਿਹਾ ਪੱਧਰ, ਵਾਤਾਵਰਨ ਦਾ ਅਸੰਤੁਲਨ, ਮਿੱਟੀ ਦੀ ਉਪਜਾਊ ਸ਼ਕਤੀ ਦਾ ਘਟਣਾ ਅਤੇ ਉਪਜਾਊ ਸ਼ਕਤੀ ਨੂੰ ਬਣਾਈ ਰੱਖਣ ਲਈ ਜ਼ਿਆਦਾ ਤੋਂ ਜ਼ਿਆਦਾ ਰਸਾਇਣ ਵਰਤਣ ਨੇ ਵਾਤਾਵਰਨ ਦੀ ਧੁੰਦਲੀ ਤਸਵੀਰ ਨੂੰ ਕਿੰਨਾ ਚਿਰ ਅਣਗੌਲਿਆ ਜਾਵੇਗਾ। ਇਹ ਮੁੱਦਾ ਹੁਣ ਕੌਮੀ ਸਮੱਸਿਆ ਬਣ ਗਈ ਹੈ, ਇਸ ਲਈ ਇਸ ਸਮੱਸਿਆ ਦੇ ਹੱਲ ਲਈ ਕੌਮੀ ਚੇਤਨਾ ਬਣਨੀ ਚਾਹੀਦੀ ਹੈ।

ਸਾਫ਼ ਪਾਣੀ ਵਿੱਚੋਂ 70 ਫ਼ੀਸਦੀ ਖੇਤੀ, 22 ਫ਼ੀਸਦੀ ਉਦਯੋਗ ਅਤੇ ਸਿਰਫ਼ 8 ਫ਼ੀਸਦੀ ਘਰੇਲੂ ਕੰਮਾਂ ਲਈ ਵਰਤਿਆ ਜਾਂਦਾ ਹੈ। ਇਹ ਠੀਕ ਹੈ ਕਿ ਸੰਘਣੀ ਖੇਤੀ ਲਈ ਪਾਣੀ ਦੀ ਜ਼ਿਆਦਾ ਵਰਤੋਂ ਨੂੰ ਅਣਗੌਲਿਆਂ ਨਹੀਂ ਜਾ ਸਕਦਾ ਨਾ ਹੀ ਉਦਯੋਗਕ ਲੋੜਾਂ ਲਈ ਅੱਖੋਂ ਓਹਲੇ ਕੀਤਾ ਜਾ ਸਕਦਾ ਹੈ ਪਰ ਨੀਤੀ ਬਣਾਉਣ ਵਾਲਿਆਂ ਲਈ ਪਾਣੀ ਦਾ ਠੀਕ ਪ੍ਰਬੰਧ ਅਤੇ ਵਾਤਾਵਰਨ ਦਾ ਸੰਤੁਲਨ ਤਰਜੀਹ ਦਾ ਖੇਤਰ ਹੋਣਾ ਚਾਹੀਦਾ ਹੈ। ਮੁਫ਼ਤ ਬਿਜਲੀ ਦਾ ਕੀ ਸਪਸ਼ਟੀਕਰਨ ਦਿੱਤਾ ਜਾ ਸਕਦਾ ਹੈ ਜਿਹੜੀ ਵਰਤੀ ਘੱਟ ਜਾਂਦੀ ਹੈ ਤੇ ਜਾਇਆ ਜ਼ਿਆਦਾ ਜਾਂਦੀ ਹੈ। ਇਸ ਤਰ੍ਹਾਂ ਪਾਣੀ ਵਰਤਿਆ ਘੱਟ ਅਤੇ ਜਾਇਆ ਜ਼ਿਆਦਾ ਜਾਂਦਾ ਹੈ। ਕੀ ਬਿਜਲੀ ਸਸਤੀ ਕਰਨ ਨਾਲੋਂ ਕੈਸ਼ ਸਬਸਿਡੀ ਨਾਲ ਖੇਤੀ ਦੀ ਮਦਦ ਨਹੀਂ ਕੀਤੀ ਜਾ ਸਕਦੀ। ਮੁਫ਼ਤ ਬਿਜਲੀ ਅਤੇ ਪਾਣੀ ਵਰਤਣ ਵਾਲਾ ਘੱਟੋ-ਘੱਟ ਇੰਨਾ ਚੇਤਨ ਤਾਂ ਹੋਵੇ ਕਿ ਬਿਜਲੀ ਦੀ ਲਾਗਤ ਹੈ ਅਤੇ ਪਾਣੀ ਕੁਦਰਤ ਦਾ ਮੁਫ਼ਤ ਤੋਹਫ਼ਾ ਹੈ ਤੇ ਥੁੜ੍ਹ ਵਾਲਾ ਸਾਧਨ ਹੈ; ਇਸ ਲਈ ਇਹ ਜਾਇਆ ਨਹੀਂ ਹੋਣੇ ਚਾਹੀਦੇ।

ਪਾਣੀ ਦੇ ਮਾਹਿਰਾਂ ਅਨੁਸਾਰ, ਧਰਤੀ ਹੇਠਲੇ ਪਾਣੀ ਦੀਆਂ ਤਿੰਨ ਪੱਧਰਾਂ ਹਨ। ਪਹਿਲੀ ਪੱਧਰ 'ਤੇ ਪਾਣੀ ਬਹੁਤ ਉਪਰ ਸੀ ਅਤੇ ਟਿਊਬਵੈੱਲ ਨਾਲ ਪਾਣੀ ਕੱਢਣ ਲਈ ਮੋਟਰਾਂ ਧਰਤੀ ਦੇ ਉਪਰ ਲਾਈਆਂ ਜਾਂਦੀਆਂ ਸਨ ਪਰ ਜਦ 10 ਸਾਲ ਬਾਅਦ ਉਸ ਪੱਧਰ ਤੋਂ ਪਾਣੀ ਖ਼ਤਮ ਹੋ ਗਿਆ ਤਾਂ ਦੂਜੀ ਪੱਧਰ ਤੋਂ ਪਾਣੀ ਕੱਢਣ ਲਈ ਧਰਤੀ ਦੇ ਹੇਠਾਂ ਖੂਹੀਆਂ ਕੱਢ ਕੇ ਮੋਟਰਾਂ ਲਾਉਣੀਆਂ ਪਈਆਂ। 2010 ਤੱਕ ਪੰਜਾਬ ਵਿੱਚ ਦੂਜੀ ਪੱਧਰ ਤੋਂ ਪਾਣੀ ਖ਼ਤਮ ਹੋ ਗਿਆ ਅਤੇ ਤੀਜੀ ਪੱਧਰ ਤੋਂ ਪਾਣੀ ਕੱਢਣ ਲਈ ਸਬਮਰਸੀਬਲ ਪੰਪ ਲਾ ਕੇ ਪਾਣੀ ਕੱਢਿਆ ਜਾ ਰਿਹਾ ਹੈ। ਜੇ ਤੀਜੀ ਪੱਧਰ ਤੋਂ ਵੀ ਪਾਣੀ ਖ਼ਤਮ ਹੋ ਗਿਆ ਤਾਂ ਫਿਰ ਕੀ ਹਾਲ ਬਣੇਗਾ? ਇਸ ਲਈ ਸਮਾਜ ਤੋਂ ਵੱਧ ਦੇਸ਼ ਅਤੇ ਪ੍ਰਾਂਤ ਦੀਆਂ ਸਰਕਾਰਾਂ ਨੂੰ ਸੁਚੇਤ ਹੋਣ ਦੀ ਲੋੜ ਹੈ।

ਪਾਣੀ ਦੇ ਪ੍ਰਬੰਧ ਅਧੀਨ ਕਿਸਾਨਾਂ ਨੂੰ ਫੁਹਾਰੇ ਵਾਲੀ ਅਤੇ ਤੁਪਕਾ ਸਿੰਜਾਈ ਵਧਾਉਣੀ ਚਾਹੀਦੀ ਹੈ। ਜਿਹੜੇ ਕਿਸਾਨ ਅਜਿਹੀਆਂ ਤਕਨੀਕਾਂ ਅਪਨਾਉਂਦੇ ਹਨ, ਉਨ੍ਹਾਂ ਦੀ ਸਬਸਿਡੀ ਦੇਣੀ ਚਾਹੀਦੀ ਹੈ ਤਾਂ ਕਿ ਪਾਣੀ ਦੀ ਬੱਚਤ ਹੋ ਸਕੇ। ਪਾਣੀ ਦੀ ਥੁੜ੍ਹ ਨੂੰ ਪ੍ਰਾਇਮਰੀ ਸਕੂਲ ਤੋਂ ਯੂਨੀਵਰਸਿਟੀ ਦੇ ਸਿਲੇਬਸ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਸ਼ਤਿਹਾਰ, ਪਾਣੀ ਬਚਾਉਣ ਲਈ ਪ੍ਰਾਪੇਗੰਡਾ, ਟੈਲੀਵਿਜ਼ਨ ਅਤੇ ਪ੍ਰਿੰਟ ਮੀਡੀਆ ਨੂੰ ਇਸ ਉਭਰਦੀ ਸਮੱਸਿਆ ਬਾਰੇ ਲਗਾਤਾਰ ਪ੍ਰਚਾਰ ਦੀ ਲੋੜ ਹੈ। ਪੰਜਾਬ ਹਰਿਆਣਾ ਵਿੱਚ ਕਣਕ ਅਤੇ ਝੋਨੇ ਦਾ ਫ਼ਸਲ ਚੱਕਰ ਜਿਸ ਅਧੀਨ 70 ਫ਼ੀਸਦੀ ਖੇਤਰ ਹੈ, ਨੂੰ ਹੋਰ ਫ਼ਸਲਾਂ ਨਾਲ ਬਦਲਣਾ ਚਾਹੀਦਾ ਹੈ। ਇੱਕ ਟਨ ਕਣਕ ਪੈਦਾ ਕਰਨ ਲਈ 1000 ਟਨ ਪਾਣੀ ਅਤੇ ਇੱਕ ਟਨ ਚੌਲ ਪੈਦਾ ਕਰਨ ਲਈ 8000 ਟਨ ਪਾਣੀ ਚਾਹੀਦਾ ਹੈ। ਗੰਨੇ ਦੀ ਪੈਦਾਵਾਰ ਲਈ ਇਸ ਤੋਂ ਕਿਤੇ ਜ਼ਿਆਦਾ ਪਾਣੀ ਦੀ ਲੋੜ ਹੈ ਪਰ ਦਾਲਾਂ, ਤੇਲਾਂ ਦੇ ਬੀਜ, ਮੱਕੀ ਅਤੇ ਹੋਰ ਫ਼ਸਲਾਂ ਲਈ ਬਹੁਤ ਘੱਟ ਪਾਣੀ ਦੀ ਲੋੜ ਹੈ। ਬਹੁ-ਫ਼ਸਲੀ ਚੱਕਰ ਵਿੱਚ ਇਹੋ ਜਿਹੀਆਂ ਫ਼ਸਲਾਂ ਦੀ ਬਿਜਾਈ ਕਰਨੀ ਚਾਹੀਦੀ ਹੈ ਪਰ ਇਸ ਵਿੱਚ ਮੁੱਖ ਰੁਕਾਵਟ ਯਕੀਨੀ ਮੰਡੀਕਰਨ ਦੀ ਹੈ। ਯਕੀਨੀ ਮੰਡੀਕਰਨ ਕੋਈ ਇਹੋ ਜਿਹੀ ਕਾਰਵਾਈ ਨਹੀਂ ਜਿਹੜੀ ਹੋ ਨਾ ਸਕੇ; ਖ਼ਾਸ ਕਰ ਕੇ ਦਾਲਾਂ ਤੇ ਤੇਲ ਬੀਜਾਂ ਵਾਲੀਆਂ ਫ਼ਸਲਾਂ ਲਈ ਜਿਹੜੀਆਂ ਵਿਦੇਸ਼ ਤੋਂ ਲੱਖਾਂ ਕਰੋੜਾਂ ਰੁਪਏ ਦੀਆਂ ਦਰਾਮਦ ਕੀਤੀਆਂ ਜਾਂਦੀਆਂ ਹਨ। ਸਰਕਾਰ ਦੀ ਮਦਦ ਨਾਲ ਯਕੀਨੀ ਮੰਡੀਕਰਨ ਇਹ ਦਰਾਮਦ ਘਟਾ ਸਕਦਾ ਹੈ।

ਅੱਜ ਕੱਲ੍ਹ 8000 ਸ਼ਹਿਰਾਂ ਵਿੱਚ ਅਤੇ 53 ਵੱਡੇ ਸ਼ਹਿਰਾਂ ਵਿੱਚ ਜਿਨ੍ਹਾਂ ਦੀ ਵਸੋਂ 10 ਲੱਖ ਤੋਂ ਉਪਰ ਹੈ, ਪਾਣੀ ਦੀ ਥੁੜ੍ਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੀ ਹਾਲ ਛੋਟੇ ਕਸਬਿਆਂ ਅਤੇ ਪਿੰਡਾਂ ਦਾ ਹੋ ਰਿਹਾ ਹੈ। ਘਰਾਂ ਦੇ ਨਲਕੇ ਸਾਧਾਰਨ ਪਰਿਵਾਰ ਲਈ ਪਾਣੀ ਦਾ ਸਾਧਨ ਸੀ, ਹੁਣ ਕੰਮ ਨਹੀਂ ਕਰਦੇ। ਵਾਤਾਵਰਨ ਦਾ ਅਸੰਤੁਲਨ ਰੋਕਣ ਲਈ ਯੋਗ ਨੀਤੀਆਂ ਅਪਨਾਉਣੀਆਂ ਚਾਹੀਦੀਆਂ ਹਨ ਜਿਸ ਵਿੱਚ ਕੋਈ ਵੀ ਦੇਰੀ ਨਹੀਂ ਕਰਨੀ ਚਾਹੀਦੀ ਤਾਂ ਕਿ ਧਰਤੀ ਬੰਜਰ ਹੋਣ ਤੋਂ ਬਚ ਜਾਵੇ।

# ਪਰਵਾਸੀ ਭਾਰਤੀਆਂ ਦੀ ਵਾਪਸੀ ਲਈ ਅਸਲ ਜ਼ਿੰਮੇਵਾਰ ਕੌਣ?

**ਲੇਖਕ : ਲੈਕਚਰਾਰ ਅਜੀਤ ਖੰਨਾ, ਸੰਪਰਕ: 76967-54669**

ਪਰਵਾਸ ਦਾ ਰੁਝਾਨ ਸਦੀਆਂ ਪੁਰਾਣਾ ਹੈ। ਰੋਜ਼ੀ ਰੋਟੀ ਲਈ ਬੰਦਾ ਪੰਛੀਆਂ ਵਾਂਗ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਂਦਾ ਰਹਿੰਦਾ ਹੈ; ਬੇਸ਼ੱਕ, ਪਰਵਾਸ ਕਾਰਨ ਉਸ ਨੂੰ ਅਨੇਕ ਦਿਕਤਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਪਰਵਾਸ ਦੌਰਾਨ ਗੈਰ-ਕਾਨੂੰਨੀ ਤਰੀਕਿਆਂ ਨਾਲ ਜਾਣ ਸਦਕਾ ਅਨੇਕ ਲੋਕਾਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣ ਪੈ ਜਾਂਦੇ ਹਨ ਪਰ ਇਸ ਦੇ ਬਾਵਜੂਦ ਪਰਵਾਸ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਪਿਛਲੇ ਇੱਕ-ਡੇਢ ਦਹਾਕਿਆਂ ਤੋਂ ਪਰਵਾਸ ਦਾ ਰੁਝਾਨ ਬੜੀ ਤੇਜ਼ ਰਫ਼ਤਾਰ ਨਾਲ ਅੱਗੇ ਵਧਿਆ ਹੈ। ਇਸ ਰੁਝਾਨ ਦੌਰਾਨ ਬਹੁਤ ਸਾਰੇ ਬੰਦੇ ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਕੇ ਬਾਹਰਲੇ ਮੁਲਕਾਂ ਦੀ ਧਰਤੀ ਉੱਤੇ ਪੈਰ ਟਿਕਾਉਣ ਵਿੱਚ ਸਫਲ ਹੋਏ ਹਨ। ਅਮਰੀਕਾ ਵਿਚ ਵੀ ਬਹੁਤ ਸਾਰੇ ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਗਏ ਪਰ ਹਾਲ ਹੀ ਵਿਚ ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਹੁੰ ਚੁੱਕਦਿਆਂ ਹੀ ਅਮਰੀਕਾ 'ਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਡਿਪੋਰਟ ਕਰਨ ਦਾ ਫ਼ੈਸਲਾ ਕੀਤਾ ਹੈ।

ਇੱਕ ਪਾਸੇ 5 ਫਰਵਰੀ ਨੂੰ ਅਮਰੀਕੀ ਫ਼ੌਜੀ ਜਹਾਜ਼ 104 ਭਾਰਤੀਆਂ ਨੂੰ ਲੈ ਕੇ ਅੰਮ੍ਰਿਤਸਰ ਦੀ ਧਰਤੀ ਉੱਤੇ ਉੱਤਰਿਆ, ਦੂਜੇ ਪਾਸੇ ਉਸ ਸਮੇਂ ਬਹੁਤ ਹੀ ਹੈਰਾਨੀ ਭਰੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਜਿਸ ਵਿਚ ਡਿਪੋਰਟ ਹੋ ਕੇ ਆਏ ਭਾਰਤੀਆਂ ਦੇ ਹੱਥਕੜੀਆਂ ਅਤੇ ਬੇੜੀਆਂ ਲੱਗੀਆਂ ਹੋਈਆਂ ਸਨ। ਇਸ ਨਾਲ ਲੋਕਾਂ ਵਿੱਚ ਅਮਰੀਕਾ ਤੇ ਭਾਰਤ ਸਰਕਾਰ ਖ਼ਿਲਾਫ ਰੋਸ ਪੈਦਾ ਹੋਣਾ ਸੁਭਾਵਿਕ ਸੀ। ਇਹ ਹੱਥਕੜੀਆਂ ਤੇ ਬੇੜੀਆਂ ਭਾਵੇਂ ਅਮਰੀਕੀ ਕਾਨੂੰਨ ਮੁਤਾਬਿਕ ਹਰ ਉਸ ਪਰਵਾਸੀ ਨੂੰ ਲਾਈਆਂ ਹੀ ਜਾਂਦੀਆਂ ਹਨ ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਫੜੇ ਜਾਂਦੇ ਹਨ ਪਰ ਲੋਕਾਂ ਵਿੱਚ ਰੋਸ ਹੈ ਕਿ ਭਾਰਤ ਸਰਕਾਰ ਨੇ ਕੁਝ ਨਹੀਂ ਕੀਤਾ।

ਡਿਪੋਰਟ ਹੋ ਕੇ ਆਏ ਇਨ੍ਹਾਂ ਭਾਰਤੀਆਂ ਵਿੱਚ ਗੁਜਰਾਤ ਤੇ ਹਰਿਆਣਾ ਦੇ 33-33, ਪੰਜਾਬ ਦੇ 30, ਮਹਾਰਾਸ਼ਟਰ ਤੇ ਯੂਪੀ ਦੇ 3-3 ਤੇ ਚੰਡੀਗੜ੍ਹ ਦੇ 2 ਨਾਗਰਿਕ ਸ਼ਾਮਲ ਸਨ। ਇਨ੍ਹਾਂ ਵਿੱਚ 24 ਔਰਤਾਂ ਅਤੇ 18 ਸਾਲ ਤੋਂ ਘੱਟ ਉਮਰ ਦੇ 12 ਬੱਚੇ ਵੀ ਹਨ। ਇਹ ਪਹਿਲਾ ਜਹਾਜ਼ ਹੈ, ਇਸ ਤੋਂ ਬਿਨਾਂ ਅਮਰੀਕਾ ਵਿੱਚ ਅਜੇ 18000 ਤੋਂ ਜ਼ਿਆਦਾ ਭਾਰਤੀਆਂ ਦੇ ਗੈਰ-ਕਾਨੂੰਨੀ ਹੋਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ ਜਿਨ੍ਹਾਂ ਉੱਤੇ ਡਿਪੋਰਟ ਦੀ ਤਲਵਾਰ ਲਟਕ ਰਹੀ ਹੈ। ਇਹ ਖ਼ਬਰਾਂ ਵੀ ਆ ਰਹੀਆਂ ਹਨ ਕਿ ਇਹ ਗਿਣਤੀ ਕਈ ਗੁਣਾ ਵੱਧ ਹੋ ਸਕਦੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਡਿਪੋਰਟ ਦੇ ਇਸ ਵਰਤਾਰੇ ਵਾਸਤੇ



ਜ਼ਿੰਮੇਵਾਰ ਕੌਣ ਹੈ? ਅਮਰੀਕਾ, ਭਾਰਤ, ਏਜੰਟ ਜਾਂ ਫਿਰ ਡਿਪੋਰਟ ਹੋਣ ਵਾਲੇ ਇਹ ਭਾਰਤੀ ਖ਼ੁਦ? ਜੇ ਗ਼ੌਰ ਨਾਲ ਇਸ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਭ ਤੋਂ ਜ਼ਿਆਦਾ ਦੋਸ਼ ਸਾਡੀਆਂ ਸਰਕਾਰਾਂ ਦਾ ਜਾਪਦਾ ਹੈ, ਇਹ ਭਾਵੇਂ ਕੇਂਦਰ ਸਰਕਾਰ ਹੋਵੇ ਜਾਂ ਸੂਬਾ ਸਰਕਾਰਾਂ ਕਿਉਂਕਿ ਦੇਸ਼ ਆਜ਼ਾਦ ਹੋਣ ਸਮੇਂ ਦੇਸ਼ ਦੀ ਸੰਖਿਆ 43 ਕਰੋੜ ਦੇ ਕਰੀਬ ਅਤੇ ਬੇਰੁਜ਼ਗਾਰਾਂ ਦੀ ਸੰਖਿਆ ਇੱਕ ਕਰੋੜ ਤੋਂ ਘੱਟ ਸੀ। ਪਹਿਲੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ ਹੁਣ ਤੱਕ ਸਾਡੇ ਨੇਤਾ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ, ਨੌਜਵਾਨਾ ਨੂੰ ਰੁਜ਼ਗਾਰ ਦੇਣ ਦੇ ਲਾਰੇ ਤਾਂ ਲਾਉਂਦੇ ਰਹੇ ਪਰ ਸੱਤਾ ਵਿੱਚ ਆਉਣ ਮਗਰੋਂ ਕਿਸੇ ਨੇ ਬਹੁਤਾ ਕੁਝ ਨਹੀਂ ਕੀਤਾ; ਨਾ ਨੌਕਰੀ ਦਿੱਤੀ, ਨਾ ਰੁਜ਼ਗਾਰ ਜਿਸ ਕਰ ਕੇ ਨੌਜਵਾਨਾਂ ਨੂੰ ਬਾਹਰਲੇ ਮੁਲਕਾਂ ਦਾ ਰੁਖ਼ ਕਰਨਾ ਪਿਆ। ਇਹ ਨੌਜਵਾਨ 40 ਤੋਂ 60 ਲੱਖ ਲਾ ਕੇ ਪੁੱਠੇ ਸਿੱਧੇ ਢੰਗ (ਡੌਂਕੀ) ਨਾਲ ਅਮਰੀਕਾ, ਕੈਨੇਡਾ ਜਾਂ ਇੰਗਲੈਂਡ ਦੀ ਧਰਤੀ ਉੱਤੇ ਇਸ ਉਮੀਦ ਨਾਲ ਜਾਂਦੇ ਹਨ ਤਾਂ ਜੋ ਆਪਣਾ ਭਵਿੱਖ ਬਣਾ ਸਕਣ। ਏਜੰਟਾਂ ਨੂੰ ਪੈਸਿਆਂ ਦੇ ਥੱਬੇ ਦੇ ਕੇ ਵਿਦੇਸ਼ ਪਹੁੰਚੇ ਇਨ੍ਹਾਂ ਭਾਰਤੀਆਂ ਨੂੰ ਹੁਣ ਜਦੋਂ ਵਾਪਸ ਆਪਣੇ ਮੁਲਕ ਆਉਣਾ ਪਿਆ ਹੈ ਤਾਂ ਉਨ੍ਹਾਂ ਦੀ ਹਾਲਤ ਧੋਬੀ ਦੇ ਕੁੱਤੇ ਵਾਲੀ ਬਣ ਗਈ ਹੈ ਜੋ ਨਾ ਘਰ ਦੇ ਰਹੇ, ਨਾ ਘਾਟ ਦੇ।

ਅਮਰੀਕਾ ਤੋਂ ਪਰਤੇ ਇਹ ਪਰਵਾਸੀ ਸਭ ਕੁਝ ਗੁਆਉਣ ਮਗਰੋਂ ਹੁਣ ਕੀ ਕਰਨ, ਇਹ ਵੱਡਾ ਸਵਾਲ ਹੈ। ਡਿਪੋਰਟ ਹੋਏ ਪਰਵਾਸੀ ਭਾਰਤੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਮਾਨਸਿਕ ਦਸ਼ਾ ਕੀ ਹੋਵੇਗੀ, ਇਹ ਵੀ ਸੋਚਣ ਵਾਲੀ ਗੱਲ ਹੈ। ਇਹ ਲੋਕ ਆਪਣੇ ਸਿਰ ਚੜ੍ਹਿਆ ਕਰਜ਼ਾ ਕਿੰਝ ਲਾਹੁਣਗੇ? ਇਨ੍ਹਾਂ ਗੱਲਾਂ ਨੂੰ ਸਮਝਣ ਦੀ ਲੋੜ ਹੈ। ਇਨ੍ਹਾਂ ਵਿਚੋਂ ਬਹੁਤਿਆਂ ਕੋਲ ਤਾਂ ਦੋ ਚਾਰ ਜਾਂ ਫਿਰ ਇਕ ਅੱਧਾ ਕਿੱਲਾ ਜ਼ਮੀਨ ਦਾ ਟੁਕੜਾ ਹੀ ਹੈ ਜੋ ਗਹਿਣਾ ਗੱਟਾ ਵੇਚ-ਵੱਟ ਕੇ ਇਸ ਆਸ ਨਾਲ ਜਹਾਜ਼ ਚੜ੍ਹੇ ਸਨ ਕਿ ਅਮਰੀਕਾ ਸੈੱਟ ਹੋਣ ਮਗਰੋਂ ਯਾਰਾਂ ਦੋਸਤਾਂ, ਰਿਸ਼ਤੇਦਾਰਾਂ ਤੋਂ ਲਏ ਕਰਜ਼ੇ ਦੀ ਪੰਡ ਨੂੰ ਕੁਝ ਸਾਲਾਂ 'ਚ ਉਤਾਰ ਕੇ ਖ਼ੁਸ਼ਹਾਲ ਜ਼ਿੰਦਗੀ ਜਿਊਣਗੇ ਪਰ ਹੁਣ ਡਿਪੋਰਟ ਹੋਣ ਦਾ ਸੱਲ ਉਮਰਾਂ ਲਈ ਸੀਨੇ ਲੈ ਆਏ ਹਨ। ਇਨ੍ਹਾਂ ਵਾਸਤੇ ਕਰਜ਼ਾ ਲਾਹੁਣਾ ਅਸੰਭਵ ਜਿਹਾ ਲੱਗਦਾ ਹੈ। ਇਨ੍ਹਾਂ ਵਿਚੋਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਅਮਲੋਹ ਦਾ 30 ਸਾਲਾ ਨੌਜਵਾਨ ਤਾਂ ਅਜੇ ਇਸੇ ਵਰ੍ਹੇ 15 ਜਨਵਰੀ ਨੂੰ ਹੀ ਅਮਰੀਕਾ ਪਹੁੰਚਿਆ ਸੀ। ਉਸ ਕੋਲ ਸਿਰਫ਼ 9 ਕਨਾਲ ਜ਼ਮੀਨ ਹੈ। ਉਹ 50 ਲੱਖ ਰੁਪਏ ਲਾ ਕੇ ਜਹਾਜ਼ ਚੜ੍ਹਿਆ ਸੀ। ਹੁਣ ਉਹਦੇ ਮਾਪਿਆਂ ਤੇ ਉਸ ਦੀ ਹਾਲਤ ਦੁਖਦਾਇਕ ਹੈ। ਇਸੇ ਤਰ੍ਹਾਂ ਦੀ ਹਾਲਤ ਵਾਪਸ ਪਰਤੇ ਹੋਰ ਨੌਜਵਾਨਾਂ ਦੀ ਹੈ ਜੋ ਅਜੇ ਕੁਝ ਮਹੀਨੇ ਪਹਿਲਾਂ ਹੀ ਅਮਰੀਕਾ ਪਹੁੰਚੇ ਸਨ। ਇਨ੍ਹਾਂ ਸਾਰਿਆਂ ਦੇ ਸੁਪਨੇ ਟੁੱਟ ਗਏ ਹਨ ਜਿਸ ਨੂੰ ਨਾ ਤਾਂ ਸਾਡੀਆਂ ਸਰਕਾਰਾਂ ਅਤੇ ਨਾ ਹੀ ਡੋਨਲਡ ਟਰੰਪ ਵਰਗੇ ਸਮਝ ਸਕਦੇ ਹਨ।

ਇੱਥੇ ਇੱਕ ਸਵਾਲ ਇਹ ਵੀ ਹੈ ਕਿ ਅਮਰੀਕਾ ਪਰਵਾਸੀ ਦੇਸ਼ ਹੈ ਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਦਾਖਲ ਹੋਣ ਵਾਲੇ ਪਰਵਾਸੀਆਂ ਨੂੰ ਰੋਕਣ ਦੀ ਜ਼ਿੰਮੇਵਾਰੀ ਅਮਰੀਕਾ ਦੀ ਹੈ। ਇਸ ਲਈ ਸਭ ਤੋਂ ਵੱਡਾ ਦੋਸ਼ ਅਮਰੀਕਾ ਦਾ ਕਿਹਾ ਜਾ ਸਕਦਾ ਹੈ ਕਿਉਂਕਿ ਆਪਣੀ ਸਰਹੱਦ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਅਮਰੀਕਾ ਦੀ ਹੈ, ਨਾ ਕਿ ਕਿਸੇ ਹੋਰ ਦੀ। ਅਗਲੀ ਗੱਲ, ਇਨ੍ਹਾਂ ਪਰਵਾਸੀਆਂ ਦਾ ਰਿਕਾਰਡ ਚੈੱਕ ਕੀਤਾ ਜਾਂਦਾ; ਅਗਰ ਇਹ ਅਪਰਾਧੀ ਹੁੰਦੇ, ਫਿਰ ਬੇਸ਼ੱਕ ਇਨ੍ਹਾਂ ਨੂੰ ਡਿਪੋਰਟ ਕਰ ਦਿੱਤਾ ਜਾਂਦਾ। ਇਸ ਵਿਚ ਦੂਜਾ ਦੋਸ਼ ਸਾਡੀਆਂ ਸਰਕਾਰਾਂ ਦਾ ਹੈ ਜੋ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਅਸਫਲ ਰਹੀਆਂ ਹਨ। ਜੇਕਰ ਆਪਣੇ ਮੁਲਕ ਵਿੱਚ ਰੁਜ਼ਗਾਰ ਹੋਵੇ ਤਾਂ ਕੌਣ ਘਰ-ਬਾਰ ਛੱਡ ਕੇ ਬਾਹਰਲੇ ਮੁਲਕੀਂ ਜਾਣਾ ਚਾਹੁੰਦਾ ਹੈ। ਤੀਜਾ ਦੋਸ਼ ਉਨ੍ਹਾਂ ਏਜੰਟਾਂ ਦਾ ਹੈ ਜੋ ਸਹੀ ਸਲਾਹ ਨਾ ਦੇ ਕੇ, ਲੱਖਾਂ ਰੁਪਏ ਬਟੋਰ ਕੇ ਗੈਰ-ਕਾਨੂੰਨੀ ਢੰਗ ਨਾਲ ਸਰਹੱਦਾਂ ਟੱਪਣ-ਟਪਾਉਣ 'ਚ ਮਦਦ ਕਰਦੇ ਹਨ। ਚੌਥੀ ਗੱਲ ਗੈਰ-ਕਾਨੂੰਨੀ ਢੰਗ ਨਾਲ ਬਾਹਰਲੇ ਮੁਲਕਾਂ 'ਚ ਜਾਣ ਵਾਲੇ ਇਹ ਲੋਕ ਕਾਫ਼ੀ ਹੱਦ ਤੱਕ ਖ਼ੁਦ ਵੀ ਜ਼ਿੰਮੇਵਾਰ ਹਨ ਕਿਉਂਕਿ ਕਿਸੇ ਵੀ ਗੈਰ-ਕਾਨੂੰਨੀ ਕੰਮ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ।

ਇਹ ਗੱਲ ਵੀ ਕਦੇ ਨਹੀਂ ਭੁੱਲਣੀ ਚਾਹੀਦੀ ਕਿ 40 ਤੋਂ 50 ਲੱਖ ਰੁਪਏ ਲਾ ਕੇ, ਉਹ ਵੀ ਗੈਰ-ਕਾਨੂੰਨੀ ਢੰਗ ਵਿਦੇਸ਼ ਜਾਣਾ ਬਿਲਕੁਲ ਗਲਤ ਹੈ। ਹਮੇਸ਼ਾ ਸਹੀ ਢੰਗ ਨਾਲ ਵਿਦੇਸ਼ ਜਾਓ। ਇੰਨੀ ਵੱਡੀ ਰਕਮ ਲਾ ਕੇ ਖ਼ੁਦ ਨੂੰ ਜੋਖ਼ਿਮ ਵਿੱਚ ਪਾ ਕੇ ਵਿਦੇਸ਼ ਜਾਣ ਦੀ ਬਜਾਇ ਆਪਣੇ ਮੁਲਕ 'ਚ ਹੀ ਸਵੈ-ਰੁਜ਼ਗਾਰ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਨਾ ਗਹਿਣੇ ਵੇਚਣੇ ਪੈਣ, ਨਾ ਕਰਜ਼ਾ ਲੈਣਾ ਪਵੇ ਅਤੇ ਨਾ ਜ਼ਿੰਦਗੀ ਜੋਖ਼ਿਮ 'ਚ ਪਵੇ।




## ਰੋਚਕ ਤੱਥ


ਵੈਟੀਕਨ ਦੇਸ਼

- ਸੰਸਾਰ ਵਿਚ ਖੇਤਰ ਦੇ ਪੱਖ ਤੋਂ ਵੈਟੀਕਨ ਦੇਸ਼ ਸਭ ਤੋਂ ਛੋਟਾ ਦੇਸ਼ ਹੈ।
- ਅਮਰੀਕਾ ਦੇ ਉਪਰਲੇ ਸਦਨ ਨੂੰ ਸੈਨੇਟ ਕਹਿੰਦੇ ਹਨ ।
- ਠੰਢੇ ਅਤੇ ਗਰਮ ਪਾਣੀ ਦੇ ਮਿਲਣ ਨਾਲ ਕੋਹਰਾ ਪੈਂਦਾ ਹੈ ।
- ਭਾਰਤ ਅਤੇ ਚੀਨ ਵਿਚਕਾਰ ਜੋ ਰੇਖਾ ਹੈ, ਉਸ ਦਾ ਨਾਂਅ ਮੈਕਮੋਹਨ ਰੇਖਾ ਹੈ ।
- ਮਨੁੱਖ ਦੇ ਦਿਮਾਗ ਦਾ ਔਸਤਨ ਭਾਰ 1.5 ਕਿਲੋਗ੍ਰਾਮ ਹੁੰਦਾ ਹੈ ।
- ਤੰਦਰੁਸਤ ਮਨੁੱਖ ਦਾ ਦਿਲ 72 ਵਾਰ ਇਕ ਮਿੰਟ ਵਿਚ ਧੜਕਦਾ ਹੈ ।



**-ਅਜੇਸ਼ ਗੋਇਲ ਬਿੱਟੂ, ਮੋਬਾ : 98140-97917**

## ਅਨਮੋਲ ਬਚਨ

- ਔਖੇ ਸਮਿਆਂ ਵਿਚ ਸਿੱਖੇ ਸਬਕ ਸਾਰੀ ਜ਼ਿੰਦਗੀ ਕੰਮ ਆਉਂਦੇ ਹਨ ।
- ਜ਼ਿੰਦਗੀ ਦੀ ਪਾਠਸ਼ਾਲਾ ਵਿਚ ਤਜਰਬਾ ਇਕ ਅਜਿਹਾ ਅਧਿਆਪਕ ਹੈ, ਜੋ ਪ੍ਰੀਖਿਆ ਪਹਿਲਾਂ ਲੈਂਦਾ ਹੈ ਤੇ ਸਿਖਾਉਂਦਾ ਬਾਅਦ ਵਿਚ ਹੈ ।
- ਚੰਗਾ ਇਨਸਾਨ ਬਣਨ ਦੀ ਕੋਸ਼ਿਸ਼ ਉਸੇ ਤਰ੍ਹਾਂ ਕਰੋ ਜਿਵੇਂ ਕਿ ਖ਼ੂਬਸੂਰਤ ਬਣਨ ਦੀ ।
- ਜ਼ਿੰਦਗੀ ਆਸਾਨ ਨਹੀਂ ਹੁੰਦੀ ਆਸਾਨ ਬਣਾਉਣੀ ਪੈਂਦੀ ਹੈ, ਕੁਝ ਬਰਦਾਸ਼ਤ ਕਰਨਾ ਪੈਂਦਾ ਹੈ ਤੇ ਬਹੁਤ ਕੁਝ ਨਜ਼ਰ ਅੰਦਾਜ਼ ।
- ਇਨਸਾਨ ਸਬ ਕੁਝ ਭੁਲਾ ਸਕਦਾ ਹੈ ਸਿਵਾਏ ਉਨ੍ਹਾਂ ਪਲਾਂ ਤੋਂ ਜਦੋਂ ਉਸ ਨੂੰ ਆਪਣਿਆਂ ਦੀ ਲੋੜ ਸੀ ਤੇ ਉਨ੍ਹਾਂ ਨੇ ਸਾਥ ਨਹੀਂ ਦਿੱਤਾ ।
- ਆਪਣਿਆਂ ਦੇ ਨਾਲ ਸਮੇਂ ਦਾ ਪਤਾ ਨਹੀਂ ਚਲਦਾ ਪਰ ਸਮੇਂ ਦੇ ਨਾਲ ਆਪਣਿਆਂ ਦਾ ਜ਼ਰੂਰ ਪਤਾ ਲੱਗ ਜਾਂਦਾ ਹੈ ।
- ਜੋ ਤੁਹਾਡੇ ’ਤੇ ਵਿਸ਼ਵਾਸ ਕਰਦਾ ਹੋਵੇ ਉਸ ਨਾਲ ਕਦੇ ਵਿਸ਼ਵਾਸਘਾਤ ਨਾ ਕਰੋ ।


**-ਬਲਵਿੰਦਰਜੀਤ ਕੌਰ ਬਾਜਵਾ**

## ਬੁਝਾਰਤਾਂ

1. ਹਵਾ ਖਾਵੇ ਤਾਂ ਜੁੱਗ ਜੁੱਗ ਜੀਵੇ, ਮਰਜਾਵੇ ਜੇ ਪਾਣੀ ਪੀਵੇ ।
2. ਹਰੀ ਹਰਿਆਲੀ ਹਾਂ, ਮੋਤੀਆਂ ਦੀ ਡਾਲੀ ਹਾਂ, ਚੰਦ ਦੀ ਭੈਣ ਹਾਂ, ਸੂਰਜ ਦੀ ਸਾਲੀ ਹਾਂ ।
3. ਜਦ ਤੂੰ ਸੌਂ ਜਾਵੇ, ਤਾਂ ਕੋਲ ਮੈਂ ਤੇਰੇ ਆਵਾਂ, ਹਸਾ, ਰਵਾ ਕੇ ਤੈਨੂੰ, ਬਿਨ ਪੈਸੇ ਸੈਰ ਕਰਾਵਾਂ।
4. ਨਿੱਕਾ ਜਿਹਾ ਕਾਕਾ, ਉਹ ਬੂਹੇ ਦਾ ਰਾਖਾ ।
5. ਨਾ ਕੁਝ ਖਾਂਦਾ, ਨਾ ਕੁਝ ਪੀਂਦਾ, ਫਿਰ ਵੀ ਘਰ ਘਰ ਖ਼ਬਰ ਪਹੁੰਚਾਉਂਦਾ ।
6. ਸਿਰ ਤੇ ਕਲਗੀ ਰੰਗ ਨਿਆਰੇ, ਸਾਰੇ ਉਸ ’ਤੇ ਜਾਵਣ ਵਾਰੇ ।

ਉੱਤਰ : 1. ਅੱਗ, 2. ਤਰੇਲ, 3. ਸੁਪਨਾ, 4. ਜਿੰਦਾ, 5. ਅਖ਼ਬਾਰ, 6. ਮੋਰ ।

## ਕਿਤਾਬਾਂ



ਜੇ ਮੰਜ਼ਿਲਾਂ ਨੂੰ ਕਰਨਾ ਹੈ ਸਰ ਬੱਚਿਓ,
ਪੜ੍ਹ ਲੋ ਕਿਤਾਬਾਂ ਧਿਆਨ ਧਰ ਬੱਚਿਓ।
ਉੱਠ ਸਵੇਰੇ ਯਾਦ ਕਰੋ ਬੋਲ ਬੋਲ ਬੱਚਿਓ,
ਮਨ ਲਾ ਕੇ ਜਿਨ੍ਹਾਂ ਪੜ੍ਹੀਆਂ ਇਹ ਕਿਤਾਬਾਂ।
ਦਿੱਤੇ ਚਾਨਣ ਦੇ ਬੂਹੇ ਉਨ੍ਹਾਂ ਦੇ ਖੋਲ੍ਹ ਬੱਚਿਓ,
ਮਨ ਲਾ ਕੇ ਜਿਨ੍ਹਾਂ... ... .... .... ... ...।
ਲੰਘ ਗਿਆ ਸਮਾਂ ਕਦੇ ਹੱਥ ਨਹੀਂ ਆਉਂਦਾ,
ਸਾਂਭ ਗਿਆ ਜਿਹੜਾ ਉਹ ਨਹੀਂ ਪਛਤਾਉਂਦਾ।
ਗੁਆਚ ਗਿਆ ਕਦੇ ਲੱਭਣਾ ਨੀ ਫੇਰ,
ਪੜ੍ਹਾਈ ਜੀਵਨ ਦਾ ਗਹਿਣਾ ਅਨਮੋਲ ਬੱਚਿਓ।
ਮਨ ਲਾ ਕੇ ਜਿਨ੍ਹਾਂ... ... .... .... ... ...।
ਮੰਨਦੇ ਅਧਿਆਪਕਾਂ ਨੂੰ ਜੋ ਮਾਪਿਆਂ ਸਮਾਨ ਨੇ,
ਜੀਵਨ ’ਚ ਮੱਲ ਲੈਂਦੇ ਅਹੁਦੇ ਬੱਚੇ ਉਹ ਮਹਾਨ ਨੇ।
ਉਨ੍ਹਾਂ ਮਾਪਿਆਂ ਦੇ ਸੁਪਨੇ ਸਾਕਾਰ ਕੀ ਕਰਨੇ,
ਵੇਖੀ ਨਾ ਕਿਤਾਬ ਕਦੇ ਜਿਨ੍ਹਾਂ ਨੇ ਫਰੋਲ ਬੱਚਿਓ।
ਮਨ ਲਾ ਕੇ ਜਿਨ੍ਹਾਂ... ... .... .... ... ...।
ਗੱਲਾਂ ਇਹ ’ਘਲੋਟੀ’ ਦੀਆਂ ਲਵੋ ਦਿਮਾਗ਼ ’ਚ ਪਾ,
ਜੇ ਉੱਚੇ ਰੁਤਬੇ ’ਤੇ ਤੁਸੀਂ ਬੈਠਣਾ ਹੈ ਜਾ।
ਸੰਗਤ ਹੈ ਚੰਗਿਆਂ ਦੀ ਤੁਸੀਂ ਕਰਨੀ ਹਮੇਸ਼ਾ,
ਦਿੰਦੀ ਸੰਗਤ ਨਾਲਾਇਕਾਂ ਦੀ ਰੋਲ ਬੱਚਿਓ।
ਮਨ ਲਾ ਕੇ ਜਿਨ੍ਹਾਂ... ... .... .... ... ...।

**-ਸੁਖਦੇਵ ਸਿੰਘ ’ਕੁੱਕੂ**

## ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਉ

**ਸਰ੍ਹੀ ਦੇ ਸਕੂਲਾਂ ਦੇ ਕੁੱਲ ਵਿਦਿਆਰਥੀਆਂ ਵਿੱਚੋਂ ਪੰਜਾਬੀ ਪਰਿਵਾਰਾਂ ਦੇ 20% ਤੋਂ ਵੱਧ ਬੱਚੇ ਹਨ।**




- ਬੀ.ਸੀ ਸਰਕਾਰ ਵਲੋਂ 1994 ਤੋਂ ਬੀ.ਸੀ ਦੇ ਸਕੂਲਾਂ ਵਿੱਚ,ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਦੀ ਪੜ੍ਹਾਈ ਚਾਲੂ ਹੈ।
- ਸੋ ਆਪਦੀ ਮਾਂ-ਬੋਲੀ ਬੱਚਿਆਂ ਨੂੰ ਬੋਲਣੀ,ਪੜ੍ਹਨੀ ਤੇ ਲਿਖਣੀ ਜ਼ਰੂਰ ਸਿਖਾਓ।ਤੁਸੀਂ ਆਪਦੇ ਨੇੜੇ ਦੇ ਸਕੂਲਾਂ ਵਿੱਚ 5ਵੀਂ ਗਰੇਡ ਤੋਂ 8ਵੀਂ ਗਰੇਡ ਤੱਕ ਪੰਜਾਬੀ ਪੜ੍ਹਾ ਸਕਦੇ ਹੋ।ਇਸ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕਰੋ:
- ਜੇ ਤੁਹਾਡਾ ਬੱਚਾ ਚੌਥੀ ਗਰੇਡ ਵਿਚ ਹੈ ਤਾਂ ਤੁਸੀਂ ਇਸ ਸਾਲ ਪੰਜਾਬੀ ਪੜ੍ਹਨ ਦਾ ਫਾਰਮ ਭਰਕੇ ਆਪਦੇ ਸਕੂਲ ਦੇ ਪ੍ਰਿੰਸੀਪਲ ਨੂੰ ਦੇ ਦਿਓ।
- ਪੰਜਾਬੀ ਪੜ੍ਹਨ ਦੇ,ਫਰੈਂਚ ਪੜ੍ਹਨ ਨਾਲੋਂ ਜਿਆਦਾ ਲਾਭ ਹਨ ਅਤੇ ਭਵਿੱਖ ਵਿੱਚ ਤਰੱਕੀਆਂ(ਨੌਕਰੀਆਂ) ਲੱਭਣ ਵਿੱਚ ਸੌਖ ਹੋਵੇਗੀ।
- ਸਕੂਲਾਂ ਵਿੱਚ ਪੰਜਾਬੀ ਤਾਂ ਹੀ ਚਾਲੂ ਹੋਵੇਗੀ ਘੱਟੋ-ਘੱਟ 25 ਬੱਚੇ 5ਵੀਂ ਕਲਾਸ ਵਿੱਚ ਪੰਜਾਬੀ ਪੜ੍ਹਨ ਵਾਸਤੇ ਫਾਰਮ ਭਰਕੇ ਦੇਣਗੇ।


**ਮਾਪਿਆਂ ਵਾਸਤੇ ਫਾਇਦੇ:**

- ਸਮੇਂ ਦੀ ਬੱਚਤ : ਤੁਹਾਡੇ ਬੱਚੇ ਸਕੂਲ ਵਿੱਚ ਹੀ ਆਪਣੇ ਹਮ-ਉਮਰ ਬੱਚਿਆਂ ਨਾਲ ਪੰਜਾਬੀ ਪੜ੍ਹਨਗੇ,ਜਿਸ ਨਾਲ ਮਾਪਿਆਂ ਨੂੰ ਬਹੁਤ ਸੌਖ ਰਹੇਗੀ।
- ਪਰਿਵਾਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਅਤੇ ਰਿਸ਼ਤੇਦਾਰਾਂ ਨਾਲ ਹੋਰ ਨੇੜਤਾ ਵਧੇਗੀ।
- ਜਿਸ ਨਾਲ ਬੱਚੇ ਆਪਦੇ ਸੱਭਿਆਚਾਰ ਨਾਲ ਜੁੜੇ ਰਹਿਣਗੇ ਅਤੇ ਉਹ ਬਾਹਰਲੇ ਭੈੜੇ ਅਨਸਰਾਂ ਤੋਂ ਵੀ ਬੱਚੇ ਰਹਿਣਗੇ।
- ਮਾਂ ਬੋਲੀ ਪੰਜਾਬੀ ਪੜ੍ਹਨ ਨਾਲ ਬੱਚੇ ਦਾ ਮਨੋ-ਬਲ ਵੀ ਉੱਚਾ ਹੋ ਜਾਂਦਾ ਹੈ।
- ਅੱਜ ਕੱਲ ਅੰਗਰੇਜ਼ੀ ਦੇ ਨਾਲ, ਜੇ ਤੁਹਾਡੇ ਬੱਚੇ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਹੈ ਤਾਂ ਜੌਬ(ਕੰਮ) ਲੈਣ ਲਈ ਪਹਿਲ ਮਿਲਦੀ ਹੈ।

## ਰਸਤਾ ਲੱਭੋ



## ਬਿੰਦੂ ਮਿਲਾਓ



# ਫਾਈਲਾਂ ਦਾ ਅਣਮੁੱਕ ਸਫ਼ਰ

ਲੇਖਕ : ਗੁਰਦੀਪ ਢੁੱਡੀ, ਸੰਪਰਕ: 95010-20731

ਗੱਲ 2001 ਦੇ ਮਾਰਚ ਮਹੀਨੇ ਦੀ ਹੈ। ਉਸ ਸਮੇਂ ਮੇਰੀ ਤਾਇਨਾਤੀ ਸਰਕਾਰੀ ਇਨ-ਸਰਵਿਸ ਟ੍ਰੇਨਿੰਗ ਸੈਂਟਰ ਵਿਚ ਸੀ। ਇਸ ਸੰਸਥਾ ਵਿਚ ਸ਼ਨਿਚਰਵਾਰ ਅਤੇ ਐਤਵਾਰ ਦੀ ਛੁੱਟੀ ਹੁੰਦੀ ਸੀ। ਇਸ ਕਰਕੇ ਅਵੇਸਲਾ ਜਿਹਾ ਘਰੇ ਹੀ ਬੈਠਾ ਸਾਂ ਕਿ ਤਤਕਾਲੀਨ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਦਾ ਲੈਂਡ ਲਾਈਨ 'ਤੇ ਫ਼ੋਨ ਆਇਆ,''ਗੁਰਦੀਪ ਸਿੰਘ ਜੀ, ਛੁੱਟੀ ਵਾਲੇ ਦਿਨ ਤੁਹਾਨੂੰ ਤਕਲੀਫ਼ ਦੇਣ ਲੱਗੀ ਹਾਂ।'' ਬੜੇ ਨਿਮਰ ਸੁਭਾਅ ਦੇ, ਸਲੀਕੇ ਨਾਲ ਬੋਲਣ ਵਾਲੇ ਅਤੇ ਬਹੁਤਾ ਸ਼ਾਂਤ ਰਹਿਣ ਵਾਲੇ ਮੈਡਮ ਨੇ ਗੱਲ ਜਾਰੀ ਰੱਖਦਿਆਂ ਕਿਹਾ,''. . . ਸਕੂਲ ਵਿੱਚ ਨਕਲ ਬਹੁਤ ਚੱਲ ਰਹੀ ਹੈ। ਉੱਪਰੋਂ ਹੁਕਮ ਆਇਆ ਹੈ। ਨਕਲ ਰੋਕਣੀ ਹੈ, ਮੈਨੂੰ ਪਤੈ, ਤੁਹਾਡੇ ਤੋਂ ਵੱਧ ਕੇ ਕੋਈ ਅਜਿਹਾ ਸ਼ੁੱਭ ਕਰਮ ਨਹੀਂ ਕਰ ਸਕਦਾ। ਤੁਹਾਡੀ ਅਬਜ਼ਰਵਰ ਦੀ ਡਿਊਟੀ ਲਾਈ ਹੈ।'' ਮੇਰੀ ਲੋੜੋਂ ਵੱਧ ਤਾਰੀਫ਼ ਕਰਕੇ ਉਨ੍ਹਾਂ ਮੇਰੇ 'ਤੇ ਭਰੋਸਾ ਵੀ ਵਿਖਾ ਦਿੱਤਾ ਅਤੇ ਡਿਊਟੀ ਵੀ ਪੱਕੀ ਕਰ ਦਿੱਤੀ। ਉਸ ਸਮੇਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਸਾਲਾਨਾ ਪੇਪਰ ਹੋ ਰਹੇ ਸਨ। ਮੈਂ ਤਥਾ-ਅਸਤੂ ਆਖ ਕੇ ਪ੍ਰੀਖਿਆ ਹਾਲ ਵਿਚ ਨਿਸਚਤ ਸਮੇਂ 'ਤੇ ਪਹੁੰਚ ਗਿਆ।



ਪ੍ਰੀਖਿਆ ਕੇਂਦਰ ਵਿਚ ਬਾਹਰੀ ਲੋਕਾਂ ਦਾ ਦਖ਼ਲ ਵੇਖ ਕੇ ਮੈਂ ਸਹਿਜੇ ਹੀ ਅੰਦਾਜ਼ਾ ਲਾ ਲਿਆ ਸੀ ਕਿ ਇਸ ਕੇਂਦਰ ਵਿਚ ਨਕਲ ਖੁੱਲ੍ਹ ਕੇ ਕਰਵਾਈ ਜਾ ਰਹੀ ਹੋਵੇਗੀ। ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ ਪ੍ਰੀਖਿਆ ਅਮਲੇ ਨੂੰ ਮੈਂ ਬੜੀ ਸਖ਼ਤੀ ਨਾਲ ਆਪਣੇ ਇਰਾਦੇ ਸਪਸ਼ਟ ਕਰਦਿਆਂ ਇਥੋਂ ਤੱਕ ਆਖਿਆ ''ਮੇਰੀ ਡਿਊਟੀ ਸਪੈਸ਼ਲ ਲੱਗੀ ਹੈ, ਜਿਸ ਵੀ ਅਧਿਆਪਕ ਨੂੰ ਮੈਂ ਨਕਲ ਕਰਵਾਉਂਦਿਆਂ ਵੇਖ ਲਿਆ, ਮੈਂ ਬਿਨਾਂ ਕਿਸੇ ਲਿਹਾਜ਼ ਦੇ ਰਿਪੋਰਟ ਕਰ ਦੇਣੀ ਹੈ।'' ਪ੍ਰੀਖਿਆ ਸ਼ੁਰੂ ਹੋਈ ਤਾਂ ਥੋੜ੍ਹੇ ਸਮੇਂ ਬਾਅਦ ਮੇਰੇ ਕੋਲ ਤਰ੍ਹਾਂ ਤਰ੍ਹਾਂ ਦੇ ਸਿਫ਼ਾਰਸ਼ੀ ਸੁਨੇਹੇ ਆਉਣ ਲੱਗੇ। ਪਰ ਮੈਂ ਹਰ ਇਕ ਸੁਨੇਹੇ ਨੂੰ ਅਣਸੁਣਿਆਂ ਕਰਦਿਆਂ ਆਪਣਾ 'ਸਫ਼ਰ' ਜਾਰੀ ਰੱਖਿਆ। ਥੋੜ੍ਹੇ ਸਮੇਂ ਬਾਅਦ ਮੈਂ ਭਾਂਪ ਲਿਆ ਕਿ ਸਾਰਾ ਮਾਹੌਲ ਮੇਰੀ ਮੁੱਠੀ ਵਿਚ ਆ ਚੁੱਕਿਆ ਹੈ। ਪੇਪਰ ਪੈਕ ਕਰਵਾ ਕੇ ਜਦੋਂ ਮੈਂ ਘਰ ਨੂੰ ਆਇਆ ਤਾਂ ਰਸਤੇ ਵਿਚ ਕੁੱਝ ਪਹੁੰਚ ਵਾਲੇ ਘਰਾਂ ਦੇ ਕਾਕਿਆਂ ਨੇ ਮੇਰੇ ਨਾਲ ਬਦਤਮੀਜ਼ੀ ਕੀਤੀ। ਅਧਿਆਪਕ ਜਥੇਬੰਦੀਆਂ ਦੇ ਦਬਾਅ ਸਦਕਾ ਪੁਲੀਸ ਵਾਲਿਆਂ ਨੂੰ ਮੇਰੇ ਨਾਲ ਅਜਿਹਾ ਵਿਹਾਰ ਵਾਲਿਆਂ ਵਿਰੁੱਧ ਕੇਸ ਦਰਜ ਕਰਨਾ ਪਿਆ। ਕੇਸ ਦੀ ਤਫ਼ਤੀਸ਼ ਕਰਨ ਵਾਲੇ ਮੁਲਾਜ਼ਮ ਨੇ ਮੌਕਾ-ਏ-ਵਾਰਦਾਤ ਵਾਲੀ ਥਾਂ ਤੇ ਮੈਨੂੰ ਬੁਲਾ ਕੇ ਕੁੱਝ ਪੁੱਛ-ਗਿੱਛ ਕੀਤੀ।

ਇਸ ਸਮੇਂ ਤੱਕ ਮੈਂ ਕੁੱਝ ਸਹਿਜ ਹੋ ਚੁੱਕਿਆ ਸਾਂ। ਉਸ ਸਥਾਨ ਤੇ ਜਾ ਕੇ ਮੈਂ ਤਫ਼ਤੀਸ਼ੀ ਅਫ਼ਸਰ (ਪੁਲੀਸ ਦੇ ਸਬ ਇੰਸਪੈਕਟਰ) ਨੂੰ ਸਹਿਵਨ ਹੀ ਪੁੱਛਿਆ,''ਜਨਾਬ, ਕਦੋਂ ਕੁ ਤੱਕ ਚਲਾਨ ਪੇਸ਼ ਕਰ ਦਿਓਗੇ।'' ਐੱਸ.ਆਈ. ਦਾ ਕੱਦ ਛੇ ਕੁ ਫੁੱਟ ਦੇ ਕਰੀਬ ਹੋਵੇਗਾ, ਪੁਲੀਸ ਵਾਲੀ ਵਰਦੀ ਵਿਚ ਉਸ ਦਾ ਵਧਿਆ ਹੋਇਆ ਢਿੱਡ ਅਤੇ ਮੁੱਛਾਂ ਨੂੰ ਚਾੜ੍ਹਿਆ ਹੋਇਆ ਵੱਟ ਉਸ ਦੇ ਰੋਹਬ ਵਿਚ ਵਾਧਾ ਕਰ ਰਹੇ ਸਨ। ''ਮਾਸਟਰ ਜੀ, ਤੁਸੀਂ ਤਾਂ ਇਕ ਕਾਗਜ਼ ਉੱਤੇ ਦਰਖ਼ਾਸਤ ਦੇ ਕੇ ਸੁਰਖ਼ੁਰੂ ਹੋ ਗਏ ਹੋ, ਜਦੋਂ ਤੱਕ ਚਲਾਨ ਪੇਸ਼ ਕਰਨਾ ਹੈ, ਆਹ ਖਾਕੀ ਫ਼ਾਈਲ ਪੂਰੀ ਭਰੀ ਹੋਵੇਗੀ। ਅਸੀਂ ਕਿਵੇਂ ਕਾਗਜ਼ਾਂ ਦਾ ਢਿੱਡ ਭਰਨੈ, ਇਹ ਤਾਂ ਅਸੀਂ ਜਾਣਦੇ ਹਾਂ।'' ਉਸ ਨੇ ਬੋਲਾਂ ਵਿਚੋਂ ਗੁੱਸਾ ਲੁਕੋਣ ਦੀ ਕੋਸ਼ਿਸ਼ ਕਰਦਿਆਂ ਵੀ ਸੁਆਲੀਆ ਨਜ਼ਰਾਂ ਮੇਰੇ ਚਿਹਰੇ 'ਤੇ ਸੁੱਟੀਆਂ। ਘਰ ਆ ਕੇ ਮੈਨੂੰ ਫ਼ਾਈਲਾਂ ਭਰਨ ਵਾਲੀਆਂ ਸੋਚਾਂ ਵਾਲੀ ਗੱਲ ਦੀ ਘੁੰਮਣ ਘੇਰੀ ਨੇ ਘੇਰ ਲਿਆ। ਥੋੜ੍ਹੇ ਜਿਹੇ ਸਾਲਾਂ ਬਾਅਦ ਹੀ ਸਿੱਧੇ ਤੌਰ 'ਤੇ ਮੇਰਾ ਵਾਹ ਦਫ਼ਤਰੀ ਕੰਮਾਂ ਨਾਲ ਪੈ ਗਿਆ। ਅਕਸਰ ਮੈਨੂੰ ਜ਼ਿਲ੍ਹਾ ਸਿੱਖਿਆ ਦਫ਼ਤਰ ਜਾਣਾ ਪੈਂਦਾ ਸੀ। ਉੱਥੇ ਦਫ਼ਤਰ ਦੇ ਕਲਰਕਾਂ ਨੂੰ ਇਕ ਇਕ ਕਾਗਜ਼ ਤੋਂ ਪੂਰੀ ਫ਼ਾਈਲ ਤਿਆਰ ਕਰਦੇ ਵੇਖਦਾ, ਕਾਗਜ਼ਾਂ 'ਤੇ ਦਫ਼ਤਰੀ ਨੋਟ ਲਿਖੇ ਹੋਏ ਵੀ ਵੇਖਦਾ ਅਤੇ ਮੇਰੇ ਸਾਹਮਣੇ ਰੋਹਬਦਾਰ ਪ੍ਰੰਡੂ ਵਿਚਾਰੇ ਬਣੇ ਥਾਣੇਦਾਰ ਦਾ ਚਿਹਰਾ ਆ ਜਾਂਦਾ। ਇਹ ਕਾਗਜ਼ਾਂ ਦਾ ਢਿੱਡ ਕਿਵੇਂ ਭਰੀਦਾ ਹੈ; ਇਸ ਦਾ ਵੀ ਪਤਾ ਲੱਗਣ ਲੱਗ ਪਿਆ।

ਫਿਰ ਤਾਂ ਇਕ ਇਕ ਕਾਗਜ਼ ਤੋਂ ਭਾਰੀ ਭਰਕਮ ਫਾਈਲਾਂ, ਆਮ ਹੀ ਵੇਖਣ ਲੱਗ ਪਿਆ ਅਤੇ ਇਨ੍ਹਾਂ ਫ਼ਾਈਲਾਂ ਨੂੰ ਜੂੰ ਦੀ ਤੋਰ ਮੇਜ਼ਾਂ 'ਤੇ ਸਫ਼ਰ ਕਰਦਿਆਂ ਤੱਕ ਕੇ ਮੈਂ ਅੰਤਾਂ ਦਾ ਪ੍ਰੇਸ਼ਾਨ ਹੁੰਦਾ। ਬੜੇ ਵਾਰੀ ਤਾਂ ਫ਼ਾਈਲਾਂ ਬਿਨਾਂ ਕਿਸੇ ਨਤੀਜੇ ਤੋਂ ਹੀ ਸਫ਼ਰ ਕਰਦੀਆਂ ਵੇਖੀਆਂ ਹਨ। ਉਂਜ ਸੋਚਿਓ ਤਾਂ ਸਹੀ, ਜਾਣਿਓ ਅਤੇ ਕਿਸੇ ਸਿੱਟੇ ਤੇ ਪਹੁੰਚਿਓ ਕਿ ਅੰਗਰੇਜ਼ਾਂ ਦੇ ਸਮੇਂ ਦੀ ਬਾਬੂਸ਼ਾਹੀ ਅਜੇ ਤਕ ਸਾਡੇ ਦੇਸ਼ ਵਿਚੋਂ ਗਈ ਕਿਉਂ ਨਹੀਂ ਹੈ? ਕੀ ਸਾਡੇ ਆਜ਼ਾਦ ਅਤੇ ਜਮਹੂਰੀ ਮੁਲਕ ਅਤੇ ਅੰਗਰੇਜ਼ ਹਾਕਮਾਂ ਦੇ ਸਮੇਂ ਦੇ ਗ਼ੁਲਾਮ ਮੁਲਕ ਵਿਚ ਕੋਈ ਅੰਤਰ ਆਇਆ ਹੈ? ਹੁਣ ਦੇਸ਼ ਦੇ ਹਾਕਮ, ਲੋਕਾਂ ਦੇ ਚੁਣੇ ਹੋਏ ਹਾਕਮ ਹਨ ਜਾਂ ਫਿਰ ਬਾਬੂਸ਼ਾਹੀ ਦੇਸ਼ ਤੇ ਰਾਜ ਕਰਦੀ ਹੈ!

# ਡੀਪਸੀਕ : ਏ.ਆਈ. ਦੇ ਸਾਵੇਂ ਵਿਕਾਸ ਦੀ ਸੂਚਕ

ਲੇਖਕ : ਸਤਿਆਜੀਤ ਜੇਨਾ

ਇੱਕ ਬੇਮਿਸਾਲ ਘਟਨਾਕ੍ਰਮ ਵਿੱਚ ਚੀਨ ਵੱਲੋਂ ਵਿਕਸਤ ਕੀਤੀ ਗਈ ਇੱਕ ਆਰਟੀਫੀਸ਼ੀਅਲ ਇੰਟੈਲੀਜੈਂਸ ਐਪਲੀਕੇਸ਼ਨ ਦਾ ਜਾਦੂ ਆਲਮੀ ਤਕਨੀਕੀ ਸਫ਼ਾਂ ਵਿੱਚ ਸਿਰ ਚੜ੍ਹ ਕੇ ਬੋਲ ਰਿਹਾ ਹੈ। ਇਸ ਨੇ ਏਆਈ ਸਨਅਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਅਤੇ ਇਸ ਖੇਤਰ ਵਿੱਚ ਸਥਾਪਿਤ ਦਿਓਕੱਦ ਕੰਪਨੀਆਂ ਲਈ ਚੁਣੌਤੀ ਪੇਸ਼ ਕਰ ਦਿੱਤੀ ਹੈ। ਡੀਪਸੀਕ ਦੀ ਲੋਕਪ੍ਰਿਅਤਾ ਕਰ ਕੇ ਮਾਈਕਰੋਸਾਫਟ, ਮੇਟਾ, ਐਨਵਿਡੀਆ ਅਤੇ ਅਲਫਾਬੈੱਟ ਜਿਹੀਆਂ ਅਮਰੀਕਾ ਦੀਆਂ ਵੱਡੀਆਂ ਟੈੱਕ ਕੰਪਨੀਆਂ ਦੇ ਸ਼ੇਅਰਾਂ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਹੈ। ਕੁੱਲ ਮਿਲਾ ਕੇ ਇਨ੍ਹਾਂ ਕੰਪਨੀਆਂ ਦੀ ਬਾਜ਼ਾਰੀ ਕੀਮਤ ਨੂੰ ਇੱਕ ਖਰਬ ਡਾਲਰ ਤੋਂ ਵੱਧ ਨੁਕਸਾਨ ਹੋਇਆ ਹੈ। ਇਕੱਲੀ ਐਨਵਿਡੀਆ ਦੇ ਸ਼ੇਅਰਾਂ ਵਿੱਚ 17.5 ਫ਼ੀਸਦੀ ਨਿਘਾਰ ਆਇਆ ਹੈ ਜਿਸ ਕਰ ਇਸ ਦੀ ਮਾਰਕੀਟ ਪੂੰਜੀਕਾਰੀ ਵਿੱਚ 600 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਡੀਪਸੀਕ ਦੀ ਪ੍ਰਗਤੀ ਨੂੰ 'ਅੱਖਾਂ ਖੋਲ੍ਹਣ ਵਾਲੀ ਘਟਨਾ' ਦੱਸਿਆ ਤੇ ਨਾਲ ਹੀ ਉਨ੍ਹਾਂ ਅਮਰੀਕਾ ਨੂੰ ਏਆਈ ਦੇ ਵਿਕਾਸ ਵਿੱਚ ਪ੍ਰਤੀਯੋਗੀ ਬਣਨ ਦੀ ਲੋੜ ਉੱਪਰ ਜ਼ੋਰ ਦਿੱਤਾ ਹੈ। ਮਾਈਕਰੋਸਾਫਟ ਦੇ ਸੀਈਓ ਸਤਿਆ ਨਾਡੇਲਾ ਅਤੇ ਓਪਨਏਆਈ ਸੀਈਓ ਸੈਮ ਆਲਟਮੈਨ ਜਿਹੇ ਇਸ ਸਨਅਤ ਦੇ ਮੋਹਰੀਆਂ ਨੇ ਡੀਪਸੀਕ ਦੀ ਪ੍ਰਗਤੀ ਨੂੰ ਪ੍ਰਵਾਨ ਕੀਤਾ ਹੈ ਅਤੇ ਆਲਟਮੈਨ ਨੇ ਡੀਪਸੀਕ ਦੇ ਮਾਡਲ ਨੂੰ 'ਬਹੁਤ ਹੀ ਦਿਲਕਸ਼' ਆਖਿਆ ਹੈ।

ਫਿਰ ਇਹ ਡੀਪਸੀਕ ਆਖ਼ਰ ਕੀ ਹੈ? ਡੀਪਸੀਕ ਚੀਨ ਵੱਲੋਂ ਵਿਕਸਤ ਕੀਤਾ ਗਿਆ ਇੱਕ ਐਡਵਾਂਸਡ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰਾਜੈਕਟ ਹੈ। ਇਹ ਲਾਰਜ ਲੈਂਗੁਏਜ ਮਾਡਲ (ਐੱਲਐੱਲਐੱਮ) ਉੱਪਰ ਆਧਾਰਿਤ ਹੈ ਜੋ ਗਹਿਨ ਸਿੱਖਿਆ ਅਤੇ ਟ੍ਰਾਂਸਫਾਰਮਰ ਆਧਾਰਿਤ ਆਰਕੀਟੈਕਚਰ ਨੂੰ ਇਨਸਾਨਾਂ ਜਿਹਾ ਟੈਕਸਟ ਪੈਦਾ ਕਰਨ, ਤਰਕ ਆਧਾਰਿਤ ਕਾਰਜ ਨਿਭਾਉਣ ਅਤੇ ਏਆਈ ਸੰਚਾਲਿਤ ਐਪਲੀਕੇਸ਼ਨਾਂ ਵਿੱਚ ਇਜ਼ਾਫ਼ਾ ਕਰਨ ਦੇ ਯੋਗ ਬਣਾਉਂਦਾ ਹੈ। ਡੀਪਸੀਕ ਨੇ ਓਪਨਏਆਈ ਦੇ ਜੀਪੀਟੀ-4 ਅਤੇ ਗੂਗਲ ਦੇ ਜੈਮਿਨੀ ਜਿਹੇ ਮਾਡਲਾਂ ਲਈ ਚੁਣੌਤੀ ਪੇਸ਼ ਕੀਤੀ ਹੈ। ਮਈ 2023 ਵਿੱਚ ਲਿਆਂਗ ਵੈਨਫੈਂਗ ਵੱਲੋਂ ਇੱਕ ਹੈੱਜ ਫੰਡ ਪ੍ਰਬੰਧਕੀ ਏਜੰਟ ਹਾਈ ਫਲਾਇਰ ਏਆਈ ਦੀ ਮਸ਼ਹੂਰੀ ਵਜੋਂ ਡੀਪਸੀਕ ਦੀ ਸਥਾਪਨਾ ਕੀਤੀ ਗਈ ਸੀ ਜਿਸ ਨੂੰ ਰਵਾਇਤੀ ਵਿੱਤੀ ਔਜ਼ਾਰਾਂ ਲਈ ਏਆਈ ਅਲਗੋਰਿਦਮਾਂ ਦਾ ਆਧਾਰ ਦੇਣ ਲਈ ਵਿਉਂਤਿਆ ਗਿਆ ਸੀ। ਉਸ ਸਮੇਂ ਤੱਕ ਕੰਪਨੀ ਵੱਲ ਕਿਸੇ ਦਾ ਧਿਆਨ ਨਹੀਂ ਸੀ ਗਿਆ ਜਦੋਂ ਇਸ ਨੇ ਇੱਕ ਪੇਪਰ ਜਾਰੀ ਕੀਤਾ ਸੀ ਜਿਸ ਵਿਚ ਮਾਹਿਰਾਂ ਦੇ ਮਿਸ਼ਰਣ (ਐੱਮਓਈ) ਦੇ ਬੁਨਿਆਦੀ ਮਾਡਲ ਤਹਿਤ ਤੱਤਾਂ ਨੂੰ ਜੋੜਨ ਵਾਲੇ ਇੱਕ ਮੌਲਿਕ ਲੋਡ ਬੈਲੈਂਸਰ ਦਾ ਉਲੇਖ ਕੀਤਾ ਗਿਆ ਸੀ।

ਬਾਅਦ ਵਿੱਚ ਛੁੱਟੀਆਂ ਦੇ ਸੀਜ਼ਨ ਦੌਰਾਨ,




ਡੀਪਸੀਕ ਏਆਈ ਨੇ ਆਪਣੇ ਡੀਪਸੀਕ ਵੀ3 ਫਾਊਂਡੇਸ਼ਨਲ ਮਾਡਲ ਦੇ ਚੌਖਟੇ ਦੇ ਵੇਰਵੇ ਨਸ਼ਰ ਕੀਤੇ ਸਨ। ਇਸ ਵਿੱਚ 671 ਖਰਬ ਮਾਪਕ ਸ਼ਾਮਿਲ ਹਨ ਜਿਨ੍ਹਾਂ 'ਚੋਂ ਜੈਨਰੇਟ ਕੀਤੇ ਜਾਂਦੇ ਹਰੇਕ ਟੋਕਨ ਲਈ ਸਿਰਫ਼ 37 ਅਰਬ ਹੀ ਸਰਗਰਮ ਹੁੰਦੇ ਹਨ ਅਤੇ 14.8 ਖਰਬ ਟੋਕਨਾਂ ਦੇ ਡੇਟਾਸੈੱਟ (ਅੰਕੜਾ ਸਮੂਹ) ਲਈ ਸਿਖਲਾਈਯਾਫ਼ਤਾ ਹਨ। 21 ਜਨਵਰੀ 2025 ਨੂੰ ਡੀਪਸੀਕ ਨੇ ਡੀਪਸੀਕ ਆਰ1 ਲਾਂਚ ਕੀਤਾ ਹੈ ਜਿਸ ਵਿੱਚ ਤਾਰਕਿਕਤਾ ਨੂੰ ਸੁਧਾਰਨ ਲਈ ਦੋ ਵਾਧੂ ਰੀਇਨਫੋਰਸਮੈਂਟ ਲਰਨਿੰਗ ਸਟੇਜ ਅਤੇ ਦੋ ਨਿਗਰਾਨੀਯੁਕਤ ਫਾਈਨ ਟਿਊਨਿੰਗ ਸਟੇਜ ਸ਼ਾਮਿਲ ਕੀਤੇ ਗਏ ਹਨ। ਲਾਰਜ ਲੈਂਗੁਏਜ ਮਾਡਲ ਬਹੁਤ ਜ਼ਿਆਦਾ ਟ੍ਰਾਂਸਫਾਰਮਰ ਆਧਾਰਿਤ ਨਿਊਰਲ ਨੈੱਟਵਰਕ ਹਨ ਜਿਨ੍ਹਾਂ ਦਾ ਡਿਜ਼ਾਈਨ ਨੈਕਸਟ ਵਰਡ ਪ੍ਰਿਡਿਕਸ਼ਨ ਸਮੱਸਿਆ ਨੂੰ ਸੁਲਝਾਉਣ ਲਈ ਤਿਆਰ ਕੀਤਾ ਗਿਆ ਹੈ। ਇਨ੍ਹਾਂ ਮਾਡਲਾਂ ਵਿੱਚ ਪ੍ਰਗਤੀ ਉਦੋਂ ਹੋਈ ਜਦੋਂ ਟ੍ਰਾਂਸਫਾਰਮਰ ਆਰਕੀਟੈਕਚਰ ਨੇ ਟੈਕਸਟ (ਪਾਠ ਜਾਂ ਇਬਾਰਤ) ਉਤਪਾਦਨ ਵਿੱਚ ਕ੍ਰਾਂਤੀ ਲਿਆਂਦੀ। ਖ਼ਾਸ ਤੌਰ 'ਤੇ ਇਹ ਬਹੁਤ ਵੱਡੇ ਮਾਡਲ ਹਨ ਜਿਨ੍ਹਾਂ ਲਈ ਚੋਖੇ ਕੰਪਿਊਟੇਸ਼ਨਲ ਸਰੋਤਾਂ ਦੀ ਲੋੜ ਪੈਂਦੀ ਹੈ ਅਤੇ ਤਰ੍ਹਾਂ ਤਰ੍ਹਾਂ ਦੇ ਸਿਖਲਾਈ ਚੱਕਰਾਂ ਵਾਸਤੇ ਅਕਸਰ ਲੱਖਾਂ ਦੀ ਤਾਦਾਦ ਵਿੱਚ ਗ੍ਰਾਫਿਕਸ ਪ੍ਰਾਸੈਸਿੰਗ ਯੂਨਿਟਾਂ (ਜੀਪੀਯੂਜ਼) ਦਰਕਾਰ ਹੁੰਦੀਆਂ ਹਨ ਜੋ ਕਿ ਇੰਟਰਨੈੱਟ ਤੋਂ ਹਾਸਿਲ ਕੀਤੇ ਜਾਣ ਵਾਲੇ ਬੇਤਹਾਸ਼ਾ ਟੈਕਸਟ ਡੇਟਾ ਦੀ ਵਰਤੋਂ ਕਰਦੇ ਹਨ। ਇਸ ਵਾਰ ਵਾਰ ਸਿੱਖਣ ਪ੍ਰਕਿਰਿਆ ਜ਼ਰੀਏ, ਐੱਲਐੱਲਐੱਮਜ਼ ਵਧੇਰੇ ਸਟੀਕਤਾ ਨਾਲ ਟੈਕਸਟ ਦੀ ਪੇਸ਼ੀਨਗੋਈ ਅਤੇ ਪੈਦਾਇਸ਼ ਕਰਨ ਦੀ ਆਪਣੀ ਕਾਬਲੀਅਤ ਨੂੰ ਨਿਖਾਰਦੇ ਹਨ।

ਜਿਵੇਂ-ਜਿਵੇਂ ਏਆਈ ਦਾ ਖੋਜ ਕਾਰਜ ਅੱਗੇ ਵਧਿਆ, ਮੋਹਰੀ ਤਕਨੀਕੀ ਕੰਪਨੀਆਂ ਵਿਚਾਲੇ ਹੋਰ ਵੱਡੇ ਮਾਡਲ ਵਿਕਸਤ ਕਰਨ ਦੀ ਦੌੜ ਸ਼ੁਰੂ ਹੋ ਗਈ, ਬਿਹਤਰ ਕਾਰਗੁਜ਼ਾਰੀ ਲਈ ਇਨ੍ਹਾਂ ਨੂੰ ਪਹਿਲਾਂ ਨਾਲੋਂ ਵੱਡੇ ਡੇਟਾਸੈੱਟਸ (ਅੰਕੜਿਆਂ) ਉੱਤੇ ਟਰੇਨਿੰਗ ਦੇਣੀ ਸ਼ੁਰੂ ਕੀਤੀ ਗਈ। ਇਸ ਦੌੜ ਨੇ ਇੱਕ ਧਾਰਨਾ ਨੂੰ ਜਨਮ ਦਿੱਤਾ ਕਿ ਏਆਈ 'ਚ ਦਬਦਬਾ ਤਾਕਤਵਰ ਕੰਪਿਊਟਰ ਗਣਿਤ ਢਾਂਚੇ ਤੇ ਵਡੇਰੇ ਮਾਡਲਾਂ 'ਤੇ ਨਿਰਭਰ ਕਰਦਾ ਹੈ। ਸਿੱਟੇ ਵਜੋਂ, ਬਾਜ਼ਾਰ 'ਚ ਇੱਕ ਏਕਾਧਿਕਾਰ ਬਣਨਾ ਸ਼ੁਰੂ ਹੋ ਗਿਆ, ਜਿੱਥੇ ਕੇਵਲ ਉਹ ਅਮੀਰ ਕੰਪਨੀਆਂ ਹੀ ਆਪਣੀ ਮਾਲਕੀ ਵਾਲੇ ਵਡੇਰੇ ਮਾਡਲਾਂ ਨਾਲ ਏਆਈ ਦੇ ਵਿਕਾਸ 'ਚ ਦਬਦਬਾ ਰੱਖ ਸਕਦੀਆਂ ਸਨ ਜਿਨ੍ਹਾਂ ਕੋਲ ਅਤਿ-ਆਧੁਨਿਕ ਹਾਰਡਵੇਅਰ ਮੌਜੂਦ ਹੈ।

ਹਾਲਾਂਕਿ, ਡੀਪਸੀਕ ਨੇ ਆਪਣੇ ਉੱਨਤ ਮਾਡਲ ਨਾਲ ਇਸ ਬਿਰਤਾਂਤ ਨੂੰ ਤੋੜ ਦਿੱਤਾ। ਰਵਾਇਤੀ ਪਹੁੰਚਾਂ ਤੋਂ ਉਲਟ ਜਿਹੜੀਆਂ ਕੰਪਨੀਆਂ ਨਿਰੋਲ ਕੰਪਿਊਟਰੀ ਗਣਿਤ ਦੇ ਪੱਧਰ ਨੂੰ ਪਹਿਲ ਦਿੰਦੀਆਂ ਹਨ, ਡੀਪਸੀਕ-ਆਰ। ਅਨੁਕੂਲ ਵਿਧੀਆਂ ਤੋਂ ਕੰਮ ਲੈਂਦਾ ਹੈ ਜਿਸ ਨਾਲ ਬੇਹਿਸਾਬੇ ਹਾਰਡਵੇਅਰ ਤੋਂ ਬਿਨਾਂ ਵੀ ਉੱਚ ਕਾਰਗੁਜ਼ਾਰੀ ਸੰਭਵ ਬਣਦੀ ਹੈ। ਉਦਾਹਰਨ ਵਜੋਂ ਡੀਪਸੀਕ-ਵੀ3, 2048 ਐਨਵਿਡੀਆ ਐੱਚ 800 ਜੀਪੀਯੂ ਦੇ ਕਲੱਸਟਰ 'ਤੇ ਬਣਿਆ ਹੈ, ਜੋ ਲਗਭਗ ਰਵਾਇਤੀ ਮਾਡਲ ਜਿੰਨਾ ਹੀ ਸਟੀਕ ਹੈ, ਸਗੋਂ ਕਈ ਵਾਰ ਉਸ ਤੋਂ ਬਿਹਤਰ ਵੀ ਹੈ।

ਇਸ ਨੇ ਏਆਈ ਦੇ ਮੌਜੂਦਾ ਏਕਾਧਿਕਾਰ ਨੂੰ ਤਕੜੀ ਚੁਣੌਤੀ ਦਿੱਤੀ ਹੈ ਤੇ ਦਰਸਾਇਆ ਹੈ ਕਿ ਸਭ ਤੋਂ ਵਧੀਆ ਤਕਨੀਕੀ ਢਾਂਚਾ ਨਾ ਹੋਣ ਦੇ ਬਾਵਜੂਦ ਵੀ ਉੱਨਤ ਏਆਈ ਲਾਂਚ ਕੀਤੀ ਜਾ ਸਕਦੀ ਹੈ। ਰਵਾਇਤੀ ਏਆਈ ਢਾਂਚਾ ਜਿਸ ਲਈ ਕਾਫ਼ੀ ਊਰਜਾ ਖਪਾਉਣ ਦੀ ਲੋੜ ਪੈਂਦੀ ਹੈ, ਤੋਂ ਉਲਟ ਡੀਪਸੀਕ ਮਾਡਲ ਕਾਫੀ ਹੱਦ ਤੱਕ ਊਰਜਾ ਦੀ ਲੋੜ ਤੇ ਕਾਰਬਨ ਨਿਕਾਸੀ ਨੂੰ ਘਟਾਉਂਦਾ ਹੈ। ਇਹ ਵਾਤਾਵਰਨ ਪੱਖੀ ਅਨੁਕੂਲਤਾ ਇੱਕ ਟਿਕਾਊ ਬਦਲ ਉਪਲਬਧ ਕਰਾਉਂਦੀ ਹੈ, ਵਾਤਾਵਰਨ ਬਚਾਉਣ ਦੇ ਨਾਲ-ਨਾਲ ਏਆਈ ਦੀ ਪ੍ਰਗਤੀ 'ਚ ਡੀਪਸੀਕ ਦੀ ਭੂਮਿਕਾ ਨੂੰ ਵੀ ਮਜ਼ਬੂਤ ਕਰਦੀ ਹੈ।

ਦੂਜੇ ਪਾਸੇ ਸਭ ਕੁਝ 'ਓਪਨ ਸੋਰਸ' (ਵਰਤੋਂ, ਸੋਧ ਲਈ ਖੁੱਲ੍ਹਾ) ਰੱਖ ਤੇ ਇਸ ਨੂੰ ਜਨਤਕ ਕਰ ਕੇ, ਡੀਪਸੀਕ ਨੇ ਇਸ ਮੱਤ ਨੂੰ ਵੀ ਚੁਣੌਤੀ ਦਿੱਤੀ ਹੈ ਕਿ ਚੀਨੀ ਕੰਪਨੀਆਂ ਡੇਟਾ ਚੋਰੀ ਕਰਦੀਆਂ ਹਨ। ਇਸ ਪਾਰਦਰਸ਼ਤਾ ਨੇ ਵਰਤੋਂਕਾਰਾਂ ਨੂੰ ਮਜਬੂਰ ਕੀਤਾ ਹੈ ਕਿ ਉਹ ਆਪਣੀ ਧਾਰਨਾ 'ਤੇ ਮੁੜ ਗ਼ੌਰ ਕਰਨ ਤੇ ਡੀਪਸੀਕ ਵਿਚਲੀਆਂ ਸੰਭਾਵਨਾਵਾਂ ਅਤੇ ਇਸ ਦੀ ਉਪਲਬਧਤਾ ਨੂੰ ਜਾਂਚਣ।

ਅਮਰੀਕਾ 'ਚ ਆਈਓਐੱਸ ਐਪ ਸਟੋਰ ਤੋਂ ਸਭ ਤੋਂ ਵੱਧ ਡਾਊਨਲੋਡ ਕੀਤੀ ਗਈ ਫਰੀ ਐਪ ਦੇ ਮਾਮਲੇ 'ਚ ਡੀਪਸੀਕ ਨੇ 27 ਜਨਵਰੀ ਨੂੰ ਓਪਨ ਏਆਈ ਦੇ ਚੈਟ ਜੀਪੀਟੀ ਨੂੰ ਪਛਾੜ ਦਿੱਤਾ ਸੀ। ਇਸ ਦੇ ਤੇਜ਼ੀ ਨਾਲ ਹੋਏ ਉਭਾਰ ਨੇ ਕੌਮਾਂਤਰੀ ਪੱਧਰ 'ਤੇ ਧਿਆਨ ਖਿੱਚਿਆ ਹੈ ਜੋ ਏਆਈ ਤਕਨੀਕਾਂ ਦੇ ਵਿਕਾਸ 'ਚ ਇੱਕ ਫ਼ੈਸਲਾਕੁਨ ਮੋੜ ਹੈ।

ਡੀਪਸੀਕ ਨੇ ਇਹ ਮਿੱਥ ਤੋੜ ਦਿੱਤਾ ਹੈ ਕਿ ਏਆਈ 'ਚ ਨਿਪੁੰਨਤਾ ਲਈ ਕੰਪਿਊਟਰੀ ਗਣਿਤ 'ਚ ਸਰਬਉੱਚ ਹੋਣ ਦੀ ਲੋੜ ਹੈ। ਕੌਮਾਂਤਰੀ ਪਾਬੰਦੀਆਂ ਕਾਰਨ ਉੱਚ-ਪੱਧਰੀ ਜੀਪੀਯੂਜ਼ ਤੱਕ ਸੀਮਤ ਪਹੁੰਚ ਨਾਲ ਪਏ ਅੜਿੱਕੇ ਨੇ ਸਗੋਂ ਚੀਨੀ ਇੰਜਨੀਅਰਾਂ ਨੂੰ ਨਵੇਂ ਤੇ ਕਲਾਤਮਕ ਹੱਲ ਕੱਢਣ ਵੱਲ ਤੋਰਿਆ।

ਇਸ ਨੇ ਫੇਰ ਸਾਬਿਤ ਕੀਤਾ ਹੈ ਕਿ ਲੋੜ ਕਾਢ ਦੀ ਮਾਂ ਹੈ। ਅਸਲ 'ਚ ਇਸ ਤਰ੍ਹਾਂ ਦੀ ਯੋਗਤਾ ਹਾਸਿਲ ਕਰਨਾ ਇੱਕ ਤਕਨੀਕੀ ਉਪਲਬਧੀ ਹੈ ਤੇ ਇਸ ਤੱਥ ਨੂੰ ਮੱਦੇਨਜ਼ਰ ਰੱਖਦਿਆਂ ਕਿ ਚੀਨ ਨੂੰ ਉੱਚ-ਮਿਆਰੀ ਐਨਵਿਡੀਆ ਗਰਾਫਿਕਸ ਦੇਣ 'ਤੇ ਰੋਕ ਲੱਗੀ ਹੋਈ ਹੈ, ਇਹ ਕਾਢ ਹੋਰ ਵੀ ਮਹੱਤਵਪੂਰਨ ਬਣ ਗਈ ਹੈ।

ਭਾਵੇਂ ਇੱਕ ਗ਼ੈਰ-ਲੋਕਤੰਤਰੀ ਮੁਲਕ ਵੱਲੋਂ ਏਆਈ ਦੇ ਜਮਹੂਰੀਕਰਨ ਦੇ ਯਤਨ ਵਿਰੋਧਾਭਾਸ ਜਿਹੇ ਜਾਪਦੇ ਹਨ, ਫਿਰ ਵੀ ਡੀਪਸੀਕ ਏਆਈ ਖੇਤਰ ਨੂੰ ਨਵੀਂ ਦਿੱਖ ਦੇਣ ਵੱਲ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਹੈ। ਇਸ ਦੀ ਪਹੁੰਚ ਨਾ ਸਿਰਫ਼ ਉਪਲਬਧਤਾ ਨੂੰ ਵਧਾਉਣ ਵਾਲੀ ਹੈ ਬਲਕਿ ਕੰਪਿਊਟਰੀ ਗਣਿਤ ਨੂੰ ਵੱਧ ਅਸਰਦਾਰ ਬਣਾ ਕੇ ਇਹ ਏਆਈ ਦੀ ਸਰਬਉੱਚਤਾ 'ਚ ਵੀ ਹਿੱਸਾ ਪਾ ਰਿਹਾ ਹੈ। ਲਾਂਚ ਹੋਣ ਤੋਂ ਬਾਅਦ ਤੋਂ ਹੀ ਡੀਪਸੀਕ ਨੇ ਡਿਜੀਟਲ ਦੁਨੀਆ 'ਚ ਤੂਫਾਨ ਖੜ੍ਹਾ ਕੀਤਾ ਹੋਇਆ ਹੈ। ਸ਼ੇਅਰ ਬਾਜ਼ਾਰਾਂ 'ਚ ਅਚਾਨਕ ਹੋਈ ਉਥਲ-ਪੁਥਲ ਦਰਸਾਉਂਦੀ ਹੈ ਕਿ ਚੀਨ ਦੀ ਤਕਨੀਕੀ ਮੁਹਾਰਤ 'ਚ ਪੱਛਮ ਦੇ ਏਆਈ ਦਬਦਬੇ ਨੂੰ ਚੁਣੌਤੀ ਦੇਣ ਦੀ ਪੂਰੀ ਸਮਰੱਥਾ ਹੈ।

ਨਿਵੇਸ਼ਕਾਂ ਨੇ ਡੀਪਸੀਕ ਵੱਲੋਂ ਦਿੱਤੇ ਜਾ ਰਹੇ ਮੁਕਾਬਲੇ ਤੇ ਇਸ ਦੇ ਹੋਰਨਾਂ ਏਆਈ ਫਰਮਾਂ 'ਤੇ ਪੈਣ ਵਾਲੇ ਅਸਰਾਂ ਬਾਰੇ ਖ਼ਦਸ਼ੇ ਜ਼ਾਹਿਰ ਕੀਤੇ ਹਨ। ਓਪਨ ਏਆਈ ਆਪਣੇ ਜੀਪੀਟੀ-4 ਮਾਡਲ ਲਈ 2.50 ਡਾਲਰ ਪ੍ਰਤੀ ਮਿਲੀਅਨ ਇਨਪੁਟ ਟੋਕਨ ਚਾਰਜ ਕਰ ਰਹੀ ਹੈ, ਜਦੋਂਕਿ ਡੀਪਸੀਕ ਇਸ ਤੋਂ ਕਾਫ਼ੀ ਘੱਟ 0.14 ਡਾਲਰ ਪ੍ਰਤੀ ਮਿਲੀਅਨ ਟੋਕਨ ਲੈ ਰਹੀ ਹੈ। ਡੀਪਸੀਕ ਨੂੰ ਵਿਕਸਤ ਕਰਨ ਵਿੱਚ ਲਗਭਗ 50-60 ਲੱਖ ਡਾਲਰ ਦਾ ਖ਼ਰਚਾ ਆਇਆ ਹੈ, ਜਦੋਂਕਿ ਇਸ ਦੇ ਮੁਕਾਬਲੇ 'ਚ ਪੱਛਮੀ ਮੁਲਕਾਂ ਦੀਆਂ ਵੱਡੀਆਂ ਏਆਈ ਲੈਬਾਂ ਨੇ ਕਰੋੜਾਂ ਡਾਲਰ ਖਰਚ ਦਿੱਤੇ ਹਨ। ਹੈਰਾਨੀ ਦੀ ਗੱਲ ਨਹੀਂ ਕਿ ਉਦਯੋਗਿਕ ਵਰਤੋਂਕਾਰ ਏਆਈ ਵਿਕਸਤ ਕਰਨ 'ਤੇ ਪੱਛਮੀ ਮੁਲਕਾਂ ਵੱਲੋਂ ਕੀਤੇ ਐਨੇ ਜ਼ਿਆਦਾ ਖਰਚ ਉੱਤੇ ਸਵਾਲ ਚੁੱਕ ਰਹੇ ਹਨ।

ਕੀ ਅਸੀਂ ਉਮੀਦ ਰੱਖ ਸਕਦੇ ਹਾਂ ਕਿ ਇਨ੍ਹਾਂ ਤਕਨੀਕੀ ਢਾਂਚਿਆਂ ਨੂੰ ਤਿਆਰ ਕਰਨ ਦੇ ਪੱਖ ਤੋਂ ਅਗਲੀ ਵੱਡੀ ਕਾਢ ਨਵੇਂ ਵਿਚਾਰਾਂ ਵਾਲੀਆਂ ਛੋਟੀਆਂ ਟੀਮਾਂ ਵੱਲੋਂ ਕੱਢੀ ਜਾਵੇਗੀ?

# ਸਿਹਤ ਸੰਸਾਰ



# ਧੌਣ ਦੀ ਕਸਰਤ
## ਕਈ ਰੋਗਾਂ ਨੂੰ ਦੂਰ ਕਰਦੀ ਹੈ

ਰੀੜ੍ਹ ਦੀ ਹੱਡੀ ਨੂੰ ਮੇਰੂਦੰਡ ਕਿਹਾ ਜਾਂਦਾ ਹੈ। ਇਸ ਨਾਲ ਸਮੁੱਚੇ ਕੰਕਾਲ ਨੂੰ ਸਹਾਰਾ ਮਿਲਦਾ ਹੈ। ਰੀੜ੍ਹ ਦੀ ਹੱਡੀ ਜਾਂ ਮੇਰੂਦੰਡ ਵਿਚ 33 ਕਸ਼ੇਰੂਕਾਵਾਂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ 7 ਕਸ਼ੇਰੂਕਾਵਾਂ ਧੌਣ ਵਿਚ ਹੁੰਦੀਆਂ ਹਨ। ਇਨ੍ਹਾਂ ਨੂੰ ਸਰਵਾਈਕਲ ਵਰਟਿਬਰਾ ਕਿਹਾ ਜਾਂਦਾ ਹੈ। ਇਨ੍ਹਾਂ ਕਸ਼ੇਰੂਕਾਵਾਂ ਦੇ ਵਿਚ ਫਾਈਬਰੋ ਕਾਲਟੀਲੇਜ ਡਿਸਕ ਹੁੰਦੀ ਹੈ, ਜਿਸ ਦੇ ਚਲਦੇ ਕਸ਼ੇਰੂਕਾਵਾਂ ਇਕ-ਦੂਜੇ ਨਾਲ ਨਹੀਂ ਜੁੜਦੀਆਂ ਅਤੇ ਸਿਰ ਨੂੰ ਮੋੜਨ ਜਾਂ ਘੁਮਾਉਣ ਵਿਚ ਇਸ ਨਾਲ ਮਦਦ ਮਿਲਦੀ ਹੈ।

ਜੇ ਧੌਣ ਵਿਚ ਦਰਦ ਹੋਣ ਲੱਗੇ ਅਤੇ ਇਹ ਦਰਦ ਹੱਥਾਂ ਤੱਕ ਪਹੁੰਚ ਜਾਵੇ ਅਤੇ ਉਂਗਲੀਆਂ ਵਿਚ ਝਨਝਨਾਹਟ ਮਹਿਸੂਸ ਹੋਵੇ ਤਾਂ ਇਹ ਸਰਵਾਈਕਲ ਸਪਾਂਡੇਲਾਈਟਿਸ ਤੋਂ ਪੀੜਤ ਹੋਣ ਦੀ ਨਿਸ਼ਾਨੀ ਹੈ ਜਾਂ ਅੱਗੇ ਚੱਲ ਕੇ ਤੁਸੀਂ ਇਸ ਰੋਗ ਦੇ ਸ਼ਿਕਾਰ ਹੋ ਸਕਦੇ ਹੋ। ਧੌਣ ਵਿਚ ਹੋਣ ਵਾਲਾ ਸਪਾਂਡੇਲਾਈਟਿਸ ਨਸਾਂ 'ਤੇ ਦਬਾਅ ਪਾਉਂਦਾ ਹੈ, ਜਿਸ ਕਾਰਨ ਦਰਦਾਂ ਵਿਚ ਵਾਧਾ ਹੁੰਦਾ ਹੈ।

**ਵਾਤਰੋਗ ਦੇ ਕਾਰਨ ਧੌਣ ਵਿਚ ਹੇਠ ਲਿਖੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ-**

* ਹੱਥਾਂ ਵਿਚ ਦਰਦ,
* ਮੋਢਿਆਂ ਵਿਚ ਦਰਦ,
* ਚੱਕਰ ਆਉਣੇ,
* ਅੱਖਾਂ ਵਿਚ ਤਕਲੀਫ,
* ਉਨੀਂਦਰਾ,
* ਛੋਟੀਆਂ-ਛੋਟੀਆਂ ਗੱਲਾਂ 'ਤੇ ਗੁੱਸਾ ਆਉਣਾ। ਵਾਤ ਰੋਗ ਤੋਂ ਬਚਣ ਲਈ ਹੇਠ ਲਿਖੇ ਉਪਾਅ ਅਮਲ ਵਿਚ ਲਿਆਓ-
* ਸਖ਼ਤ ਬਿਸਤਰ ਦੀ ਵਰਤੋਂ ਕਰੋ।
* ਆਪਣੀ ਸਮਰੱਥਾ ਅਨੁਸਾਰ ਕਸਰਤ ਅਤੇ ਯੋਗ ਆਸਣ ਕਰੋ।
* ਆਪਣਾ ਭਾਰ ਕਾਬੂ ਵਿਚ ਰੱਖੋ।
* ਹਮੇਸ਼ਾ ਸਮਤਲ ਬਿਸਤਰ ਦੀ ਹੀ ਵਰਤੋਂ ਕਰੋ।
* ਠੰਢੇ ਕਮਰੇ ਵਿਚ ਨਿਵਾਸ ਨਾ ਕਰੋ।
* ਮੱਖਣ, ਘਿਓ, ਸ਼ਰਾਬ, ਮਿੱਠੀ ਡਬਲ ਰੋਟੀ, ਆਂਡੇ, ਮਾਸ, ਸੇਮ ਅਤੇ ਕੰਦਮੂਲ ਵਰਗੇ ਖਾਧ ਪਦਾਰਥਾਂ ਦਾ ਸੇਵਨ ਨਾ ਕਰੋ।

ਇਹ ਰੋਗ ਹੇਠ ਲਿਖੇ ਕਾਰਨਾਂ ਕਰਕੇ ਹੁੰਦੇ ਹਨ-

* ਉੱਚੇ ਸਿਰਹਾਣੇ ਦੀ ਵਰਤੋਂ ਕਰਨ ਨਾਲ।
* ਧੌਣ ਝੁਕਾ ਕੇ ਕੰਮ ਕਰਨ ਨਾਲ (ਦਫ਼ਤਰ, ਕੰਪਿਊਟਰ, ਸਿਲਾਈ-ਕਢਾਈ ਦੇ ਕੰਮ ਆਦਿ)।
* ਗ਼ਲਤ ਤਰੀਕੇ ਨਾਲ ਸੌਣ ਜਾਂ ਲੇਟਣ ਨਾਲ।
* ਬਹੁਤ ਜ਼ਿਆਦਾ ਮਾਨਸਿਕ ਤਣਾਅ ਕਾਰਨ।

ਇਲਾਜ : ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਐਕਸਰੇ ਕਰਵਾ ਕੇ ਹੇਠ ਲਿਖੀਆਂ ਗੱਲਾਂ ਦਾ ਪਤਾ ਲਗਾਉਣਾ ਚਾਹੀਦਾ ਹੈ-

* ਰੀੜ੍ਹ ਦੇ ਧੌਣ ਵਾਲੇ ਹਿੱਸੇ ਦਾ ਟੇਢਾ ਹੋ ਜਾਣਾ।
* ਵੱਖ-ਵੱਖ ਕਸ਼ੇਰੂਕਾਵਾਂ ਵਿਚ ਦਰਦ ਦਾ ਸਹੀ ਕਾਰਨ।
* ਰੀੜ੍ਹ ਦੀਆਂ ਕਸ਼ੇਰੂਕਾਵਾਂ ਦੇ ਵਿਚ ਫਰਕ ਵਿਚ ਆਈ ਕਮੀ ਦੀ ਸੰਭਾਵਨਾ।

ਜੇ ਕਿਸੇ ਮਾਸਪੇਸ਼ੀ ਵਿਚ ਦਰਦ ਹੋ ਰਹੀ ਹੋਵੇ ਤਾਂ ਪਤਲੇ ਸਿਰਹਾਣੇ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਸਖ਼ਤ ਬਿਸਤਰ 'ਤੇ ਸੌਣਾ ਚਾਹੀਦਾ ਹੈ। ਜੇ ਤੁਸੀਂ ਧੌਣ ਝੁਕਾ ਕੇ ਕੰਮ ਕਰਦੇ ਹੋ ਤਾਂ ਧੌਣ ਝੁਕਾ ਕੇ ਕੰਮ ਕਰਨਾ ਬੰਦ ਕਰ ਦਿਓ। ਇਸ ਨਾਲ ਧੌਣ ਨੂੰ ਰਾਹਤ ਮਿਲੇਗੀ। ਸਿਰ ਝੁਕਾ ਕੇ ਕੋਈ ਕਸਰਤ ਜਾਂ ਯੋਗ ਆਸਣ ਜਿਵੇਂ ਸ਼ੀਸ਼ ਆਸਣ, ਸਰਵਾਂਗ ਆਸਣ, ਹਲ ਆਸਣ ਆਦਿ ਕਦੇ ਨਾ ਕਰੋ।

**ਧੌਣ ਦੀਆਂ ਹੇਠ ਲਿਖੀਆਂ ਕਸਰਤਾਂ ਕਰੋ-**

**ਕਸਰਤ 1 :** ਸਿੱਧੇ ਖੜ੍ਹੇ ਹੋ ਜਾਓ ਜਾਂ ਬੈਠ ਜਾਓ। ਸੁਭਾਵਿਕ ਰੂਪ ਨਾਲ ਸਾਹ ਲੈਂਦੇ ਹੋਏ ਅਤੇ ਸਾਹ ਛੱਡਦੇ ਹੋਏ ਸਿਰ ਨੂੰ ਇਕ ਵਾਰ ਸੱਜੇ ਵੱਲ ਜਿੰਨਾ ਘੁਮਾ ਸਕੋ, ਘੁਮਾਓ। ਫਿਰ ਖੱਬੇ ਵੱਲ ਜਿੰਨਾ ਸੰਭਵ ਹੋਵੇ, ਸਿਰ ਘੁਮਾਓ। ਇਸ ਪ੍ਰਕਿਰਿਆ ਨੂੰ ਇਕ ਵਾਰ ਮੰਨ ਕੇ ਇਸ ਕਸਰਤ ਨੂੰ 10 ਵਾਰ ਕਰੋ।

**ਕਸਰਤ 2 :** ਇਸ ਕਸਰਤ ਨੂੰ ਕਰਨ ਲਈ ਵੀ ਪਿਛਲੀ ਕਸਰਤ ਦੀ ਤਰ੍ਹਾਂ ਖੜ੍ਹੇ ਹੋ ਜਾਓ ਜਾਂ ਬੈਠ ਜਾਓ। ਫਿਰ ਸੁਭਾਵਿਕ ਰੂਪ ਨਾਲ ਸਾਹ ਲੈਂਦੇ ਹੋਏ ਅਤੇ ਛੱਡਦੇ ਹੋਏ ਸਿਰ ਨੂੰ ਇਕ ਵਾਰ ਪਿੱਛੇ ਵੱਲ ਝੁਕਾਓ, ਫਿਰ ਸਿੱਧਾ ਕਰੋ। ਇਸ ਪੂਰੀ ਪ੍ਰਕਿਰਿਆ ਨੂੰ ਇਕ ਵਾਰ ਮੰਨ ਕੇ ਇਸ ਕਸਰਤ ਨੂੰ ਵੀ 10 ਵਾਰ ਕਰੋ।

**ਕਸਰਤ 3 :** ਹੁਣ ਪਿੱਛੇ ਵੱਲ ਮੋੜ ਕੇ-ਸਿੱਧਾ ਰਹਿ ਕੇ।

**ਕਸਰਤ 4 :** ਸਿਰ ਨੂੰ ਵ੍ਰਿਤਾਕਾਰ ਸੱਜੇ ਤੋਂ ਖੱਬੇ ਵੱਲ ਘੁਮਾਓ ਅਤੇ ਖੱਬੇ ਤੋਂ ਸੱਜੇ ਵੱਲ ਘੁਮਾਓ। ਇਸ ਪ੍ਰਕਿਰਿਆ ਨੂੰ ਇਕ ਵਾਰ ਮੰਨ ਕੇ ਇਸੇ ਤਰ੍ਹਾਂ 10 ਵਾਰ ਕਰੋ। ਸਿਰ ਨੂੰ ਵ੍ਰਿਤਾਕਾਰ ਘੁਮਾਉਣ ਨਾਲ ਜਿਨ੍ਹਾਂ ਨੂੰ ਚੱਕਰ ਆਉਂਦੇ ਹੋਣ, ਉਹ ਇਹ ਕਸਰਤ ਨਾ ਕਰਨ।

ਰੁਕਾਵਟ ਪਾਉਣ ਵਾਲੀ ਕਸਰਤ (ਸਟੇਟਿਕ ਐਕਸਰਸਾਈਜ਼) : ਸੱਜੇ-ਖੱਬੇ ਧੌਣ ਘੁਮਾਉਂਦੇ ਸਮੇਂ ਹੱਥ ਨਾਲ ਉਲਟ ਦਿਸ਼ਾ ਵਿਚ ਦਬਾਅ ਪਾਇਆ ਜਾਂਦਾ ਹੈ। ਉਸ ਸਮੇਂ ਦਬਾਅ ਅਤੇ ਧੌਣ ਦਾ ਦਬਾਅ ਬਰਾਬਰ ਰਹਿਣ 'ਤੇ ਸਿਰ ਸਥਿਰ ਰਹੇਗਾ, ਹਿੱਲੇਗਾ ਨਹੀਂ।

ਸ਼ੋਲਡਰ ਰੋਲਿੰਗ : ਪਹਿਲਾਂ ਸਿੱਧੇ ਖੜ੍ਹੇ ਹੋ ਜਾਓ। ਉਸ ਤੋਂ ਬਾਅਦ ਦੋਵੇਂ ਮੋਢਿਆਂ ਨੂੰ ਸਾਹਮਣੇ ਤੋਂ ਪਿੱਛੇ ਵੱਲ ਵਾਰੀ-ਵਾਰੀ ਨਾਲ ਵ੍ਰਿਤਾਕਾਰ ਘੁਮਾਓ। ਫਿਰ ਉਲਟ ਦਿਸ਼ਾ ਵਿਚ ਪਿੱਛੇ ਤੋਂ ਸਾਹਮਣੇ ਵੱਲ 10 ਵਾਰ ਘੁਮਾਓ। ਕਸਰਤ ਕਰਦੇ ਸਮੇਂ ਸਾਹ ਸੁਭਾਵਿਕ ਰੂਪ ਨਾਲ ਲਓ ਅਤੇ ਛੱਡੋ।

# ਸੰਗੀਤ ਨਾਲ ਘੱਟਦਾ ਦਰਦ



ਆਸਟਰੀਆ ਦੇ ਖੋਜੀਆਂ ਨੇ ਦਰਦ ਦੂਰ ਕਰਨ ਦੀ ਇਕ ਨਵੀਂ ਦਵਾਈ ਖੋਜੀ ਹੈ । ਇਹ ਦਵਾਈ ਹੈ ਸੰਗੀਤ ।

ਖੋਜੀਆਂ ਨੇ ਸਲਿਪ ਡਿਸਕ ਜਾਂ ਹਾਲੀਆ ਸਰਜਰੀ ਵਾਲੇ 65 ਮਰੀਜ਼ਾਂ ਨੂੰ ਫਿਜ਼ੀਓਥਰੈਪੀ ਦਿੰਦੇ ਸਮੇਂ ਉਨ੍ਹਾਂ 'ਤੇ ਸੰਗੀਤ ਦੇ ਪ੍ਰਭਾਵ ਦਾ ਅਧਿਐਨ ਕੀਤਾ । ਉਨ੍ਹਾਂ ਵਿਚੋਂ ਮਰੀਜ਼ਾਂ ਨੂੰ ਫਿਜ਼ੀਓਥਰੈਪੀ ਦਿੰਦੇ ਸਮੇਂ ਸੰਗੀਤ ਸੁਣਾਇਆ ਗਿਆ ਜਦੋਂ ਕਿ ਅੱਧੇ ਮਰੀਜ਼ਾਂ ਨੂੰ ਕਿਸੇ ਹੋਰ ਢੰਗ ਨਾਲ ਤਣਾਅ-ਰਹਿਤ ਕੀਤਾ ਗਿਆ । ਤਿੰਨ ਹਫਤੇ ਦੇ ਬਾਅਦ ਪਾਇਆ ਗਿਆ ਕਿ ਸੰਗੀਤ ਸੁਣਦੇ ਸਮੇਂ ਫਿਜ਼ੀਓਥਰੈਪੀ ਲੈਣ ਵਾਲੇ ਰੋਗੀਆਂ ਵਿਚ ਦਰਦ ਦਾ ਪੱਧਰ ਜ਼ਿਆਦਾ ਘੱਟ ਹੋਇਆ ਸੀ ।

ਖੋਜਕਰਤਾਵਾਂ ਨੇ ਸੰਗੀਤ ਸੁਣਨ ਅਤੇ ਤਣਾਅ-ਰਹਿਤ ਹੋਣ ਸਬੰਧੀ ਤਾਂ ਹਾਲੇ ਖੋਜ ਨਹੀਂ ਕੀਤੀ ਪਰ ਇਸ ਤੋਂ ਪਹਿਲਾਂ ਦੇ ਅਧਿਐਨ ਵਿਚ ਵੀ ਇਹ ਪਾਇਆ ਗਿਆ ਸੀ ਕਿ ਸੰਗੀਤ ਦਰਦ ਦੇ ਪ੍ਰਭਾਵ ਨੂੰ ਘੱਟ ਕਰਦਾ ਹੈ । ਖੋਜ-ਕਰਤਾਵਾਂ ਅਨੁਸਾਰ ਸੰਗੀਤ ਉਨ੍ਹਾਂ ਰਸਾਇਣਾਂ ਦਾ ਪੱਧਰ ਘੱਟ ਕਰਦਾ ਹੈ ਜੋ ਸਰੀਰ ਵਿਚ ਦਰਦ ਨੂੰ ਫੈਲਾਉਂਦੇ ਹਨ । ਹਾਂ, ਇਸ ਉਦੇਸ਼ ਲਈ ਤਣਾਅ-ਰਹਿਤ ਕਰਨ ਵਾਲੇ ਹਲਕੇ ਸੰਗੀਤ ਦੀ ਵਰਤੋਂ ਕਰਨੀ ਚਾਹੀਦੀ ਹੈ ।

ਸਫੈਦ ਵਾਈਨ ਨਾਲ ਵੀ ਘੱਟ ਹੁੰਦਾ ਹੈ ਭਾਰ

ਜਿਥੇ ਹਿਚਕੀ ਜਾਂ ਹੋਰ ਮਾਦਕ ਪੀਣ ਵਾਲੇ ਪਦਾਰਥਾਂ ਨੂੰ ਸਿਹਤ ਲਈ ਚੰਗਾ ਨਹੀਂ ਮੰਨਿਆ ਜਾਂਦਾ, ਉਥੇ ਸਫੈਦ ਅਤੇ ਲਾਲ ਵਾਈਨ ਵਿਚ ਕਈ ਤਰ੍ਹਾਂ ਦੇ ਗੁਣ ਪਾਏ ਗਏ ਹਨ । ਜਰਮਨ ਵਿਚ 'ਫੋਰਮ ਆਫ ਵਾਈਨ ਐਂਡ ਹੈਲਥ' ਅਤੇ 'ਜਰਮਨ ਵਾਈਨ ਅਕੈਡਮੀ' ਦੇ ਮਾਹਿਰਾਂ ਨੇ ਹਾਲ ਵਿਚ ਇਕ ਖੋਜ ਵਿਚ ਪਾਇਆ ਕਿ ਭਾਰ ਘੱਟ ਕਰਨ ਲਈ 'ਖੁਰਾਕ' ਡ੍ਰਿੰਕਸ ਦੀ ਜਗ੍ਹਾ ਸਫੈਦ ਵਾਈਨ ਪੀਣਾ ਜ਼ਿਆਦਾ ਲਾਭਦਾਇਕ ਹੈ । ਖੋਜ ਵਿਚ ਸ਼ਾਮਿਲ ਅੱਧੇ ਵਿਅਕਤੀਆਂ ਨੂੰ 200 ਐੱਮ. ਐੱਲ. ਵਾਈਨ ਅਤੇ ਅੱਧੇ ਵਿਅਕਤੀਆਂ ਨੂੰ ਫਲਾਂ ਦਾ ਰਸ ਹਰ ਰੋਜ਼ ਦਿੱਤਾ ਗਿਆ ।

ਖੋਜ ਦਾ ਅਰਸਾ ਪੂਰਾ ਹੋਣ 'ਤੇ ਪਾਇਆ ਗਿਆ ਕਿ ਫਲਾਂ ਦਾ ਰਸ ਪੀਣ ਵਾਲੇ ਲੋਕਾਂ ਦਾ ਭਾਰ ਲਗਭਗ 8 ਪੌਂਡ ਘੱਟ ਹੋਇਆ ਸੀ, ਜਦੋਂ ਕਿ ਵਾਈਨ ਪੀਣ ਵਾਲੇ ਲੋਕਾਂ ਦਾ ਭਾਰ 10 ਪੌਂਡ ਘੱਟ ਹੋਇਆ ਸੀ । ਡਾਕਟਰਾਂ ਅਨੁਸਾਰ ਇਕ ਹੱਦ ਅੰਦਰ ਵਾਈਨ ਦਾ ਨਿਯਮਤ ਸੇਵਨ ਕਰਨ ਨਾਲ ਸਿਹਤ ਅਤੇ ਲਿਵਰ 'ਤੇ ਕੋਈ ਦੁਰਪ੍ਰਭਾਵ ਨਹੀਂ ਪੈਂਦਾ ।

# ਫੁੱਲਾਂ ਨਾਲ ਪਾਓ
## ਚੰਗੀ ਸਿਹਤ



ਗੁਲਾਬ : ਗੁਲਾਬ ਦੇ ਬਿਨਾਂ ਤਾਂ ਫੁੱਲਾਂ ਦੀ ਪਛਾਣ ਅਧੂਰੀ ਹੈ। ਇਹ ਫੁੱਲ ਬਹੁਤ ਗੁਣਵਾਨ ਹੈ। ਸਿਰਫ ਦੇਸੀ ਗੁਲਾਬ ਜੋ ਗੁਲਾਬੀ ਅਤੇ ਲਾਲ ਰੰਗ ਲਈ ਹੁੰਦਾ ਹੈ, ਵਿਚ ਕਾਫੀ ਖੁਸ਼ਬੂ ਹੁੰਦੀ ਹੈ। ਇਨ੍ਹਾਂ ਫੁੱਲਾਂ ਦਾ ਗੁਲਕੰਦ ਗਰਮੀ ਦੀਆਂ ਕਈ ਬਿਮਾਰੀਆਂ ਨੂੰ ਸ਼ਾਂਤ ਕਰਦਾ ਹੈ। ਗੁਲਾਬ ਜਲ ਨਾਲ ਅੱਖਾਂ ਧੋਣ ਨਾਲ ਅੱਖਾਂ ਦੀ ਜਲਣ ਵਿਚ ਆਰਾਮ ਮਿਲਦਾ ਹੈ। ਗੁਲਾਬ ਦਾ ਇਤਰ ਮਨ ਨੂੰ ਖੁਸ਼ੀ ਦਿੰਦਾ ਹੈ। ਗੁਲਾਬ ਦਾ ਤੇਲ ਦਿਮਾਗ ਨੂੰ ਠੰਢਾ ਰੱਖਦਾ ਹੈ ਅਤੇ ਗੁਲਾਬ ਜਲ ਦੀ ਵਰਤੋਂ ਅਨੇਕ ਉਬਟਨਾਂ ਆਦਿ ਵਿਚ ਕੀਤੀ ਜਾਂਦੀ ਹੈ।

ਗੇਂਦਾ : ਮੱਛਰਾਂ ਦਾ ਪ੍ਰਕੋਪ ਘੱਟ ਜਾਂ ਦੂਰ ਕਰਨਾ ਹੋਵੇ ਤਾਂ ਘਰ ਦੇ ਆਸ-ਪਾਸ ਗੇਂਦੇ ਦੇ ਬੂਟੇ ਲਗਾਓ। ਇਸ ਦੀ ਗੰਧ ਨਾਲ ਮੱਛਰ ਦੂਰ ਭੱਜਦੇ ਹਨ। ਚਮੜੀ-ਰੋਗ ਹੋਣ ਜਾਂ ਸਰੀਰ ਦੇ ਕਿਸੇ ਹਿੱਸੇ ਵਿਚ ਸੋਜ ਆ ਜਾਣ 'ਤੇ ਇਨ੍ਹਾਂ ਫੁੱਲਾਂ ਨੂੰ ਪੀਸ ਕੇ ਪੇਸਟ ਬਣਾ ਕੇ ਲਗਾਉਣ ਨਾਲ ਫਾਇਦਾ ਹੁੰਦਾ ਹੈ।

ਕਮਲ : ਉਂਝ ਤਾਂ ਕਮਲ ਦਾ ਫੁੱਲ ਕਈ ਰੰਗਾਂ ਵਿਚ ਆਉਂਦਾ ਹੈ ਪਰ ਜ਼ਿਆਦਾਤਰ ਲਾਲ ਅਤੇ ਸਫੈਦ ਹੀ ਹੁੰਦਾ ਹੈ। ਇਸ ਦੀਆਂ ਪੰਖੜੀਆਂ ਨੂੰ ਪੀਸ ਕੇ ਚਿਹਰੇ 'ਤੇ ਮਲਣ ਨਾਲ ਸੁੰਦਰਤਾ ਵਧਦੀ ਹੈ। ਇਸ ਦੇ ਫੁੱਲਾਂ ਦੇ ਪਰਾਗ ਨਾਲ ਮਧੂ ਮੱਖੀਆਂ ਸ਼ਹਿਦ ਬਣਾਉਂਦੀਆਂ ਹਨ।

ਬੇਲਾ : ਇਹ ਫੁੱਲ ਵੀ ਬਹੁਤ ਜ਼ਿਆਦਾ ਸੁਗੰਧ ਵਾਲੇ ਹੁੰਦੇ ਹਨ। ਇਹ ਫੁੱਲ ਗਰਮੀ ਵਿਚ ਕੁਝ ਜ਼ਿਆਦਾ ਹੀ ਫੁੱਲਦਾ ਹੈ। ਵੇਲ ਦੇ ਫੁੱਲਾਂ ਦਾ ਹਾਰ ਜਾਂ ਫੁੱਲ ਆਪਣੇ ਕੋਲ ਰੱਖਣ ਨਾਲ ਪਸੀਨੇ ਦੀ ਬਦਬੂ ਨਹੀਂ ਆਉਂਦੀ। ਇਸ ਦੀਆਂ ਕਲੀਆਂ ਨੂੰ ਚਬਾਉਣ ਨਾਲ ਔਰਤਾਂ ਵਿਚ ਮਾਸਕ ਧਰਮ ਦੀ ਰੁਕਾਵਟ ਦੂਰ ਹੋਣ ਵਿਚ ਮਦਦ ਮਿਲਦੀ ਹੈ।

ਚੰਪਾ : ਇਹ ਤਿੰਨ ਰੰਗਾਂ ਵਿਚ ਮਿਲਦਾ ਹੈ-ਸਫੈਦ, ਲਾਲ ਅਤੇ ਪੀਲਾ, ਜਿਸ ਨੂੰ ਸਵਰਣ ਚੰਪਾ ਵੀ ਕਹਿੰਦੇ ਹਨ ਪਰ ਸਵਰਣ ਚੰਪਾ ਬਹੁਤ ਘੱਟ ਦੇਖਣ ਵਿਚ ਮਿਲਦਾ ਹੈ। ਜ਼ਿਆਦਾਤਰ ਸਫੈਦ ਚੰਪਾ ਹੀ ਦਿਖਾਈ ਦਿੰਦਾ ਹੈ। ਇਸ ਦਾ ਰੁੱਖ ਕਾਫੀ ਉੱਚਾ ਹੁੰਦਾ ਹੈ। ਚੰਪਾ ਦੇ ਫੁੱਲਾਂ ਨੂੰ ਸੁਕਾ ਕੇ ਚੂਰਨ ਬਣਾਓ ਅਤੇ ਤੇਲ ਵਿਚ ਮਿਲਾ ਕੇ ਖੁਜਲੀ ਵਾਲੇ ਹਿੱਸੇ 'ਤੇ ਲਗਾਓ। ਤੁਰੰਤ ਰਾਹਤ ਮਿਲੇਗੀ। ਸਵਰਣ ਚੰਪਾ ਕੁਸ਼ਠਰੋਗ ਵਿਚ ਕਾਰਗਰ ਸਿੱਧ ਹੁੰਦਾ ਹੈ।

ਪਾਰਿਜਾਤ : ਪਾਰਿਜਾਤ ਦੇ ਫੁੱਲ ਬਹੁਤ ਨਜ਼ਾਕਤ ਭਰੇ ਹੁੰਦੇ ਹਨ। ਇਨ੍ਹਾਂ ਫੁੱਲਾਂ ਦੀਆਂ ਛੋਟੀਆਂ-ਛੋਟੀਆਂ ਡੰਡੀਆਂ ਨੂੰ ਸਰੀਰ 'ਤੇ ਮਲਣ ਨਾਲ ਉਨ੍ਹਾਂ 'ਤੇ ਆਇਆ ਹਲਕਾ ਕੇਸਰੀਆ ਰੰਗ ਸੁੰਦਰ ਦਿਖਾਈ ਦਿੰਦਾ ਹੈ। ਇਹ ਫੁੱਲ ਗਠੀਆ ਰੋਗ ਦਾ ਇਲਾਜ ਕਰਦਾ ਹੈ। ਇਨ੍ਹਾਂ ਫੁੱਲਾਂ ਦਾ ਕਾੜ੍ਹਾ ਬਣਾ ਕੇ ਪੀਣਾ ਚਾਹੀਦਾ ਹੈ।

ਨਿੰਮ : ਨਿੰਮ ਦੇ ਫੁੱਲਾਂ ਦੀ ਲੁਗਦੀ ਬਣਾ ਕੇ ਕਿਸੇ ਵੀ ਤਰ੍ਹਾਂ ਦੇ ਚਮੜੀ ਰੋਗ 'ਤੇ ਲਗਾਉਣ ਨਾਲ ਰੋਗ ਦੂਰ ਹੁੰਦਾ ਹੈ। ਨਿੰਮ ਦਾ ਰੁੱਖ ਕਲਪਬ੍ਰਿਖ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਦੀਆਂ ਕੋਮਲ ਡੰਡੀਆਂ ਦੀ ਦਾਤਣ ਕੀਤੀ ਜਾਂਦੀ ਹੈ। ਨਿੰਮ ਦੇ ਪੱਤਿਆਂ ਨੂੰ ਪੀਸ ਕੇ ਰਸ ਕੱਢ ਕੇ ਪੀਣ ਨਾਲ ਕਈ ਬਿਮਾਰੀਆਂ ਦੂਰ ਹੁੰਦੀਆਂ ਹਨ। ਇਸ ਦੇ ਲੇਪ ਨਾਲ ਮੁਹਾਸਿਆਂ ਅਤੇ ਹੋਰ ਚਰਮ ਰੋਗਾਂ ਵਿਚ ਲਾਭ ਹੁੰਦਾ ਹੈ।

# ਦਮੇ ਦੀ ਦਵਾਈ ਹਨ
## ਸੂਰਜ ਦੀਆਂ ਕਿਰਨਾਂ

ਸੂਰਜ ਦੀਆਂ ਕਿਰਨਾਂ ਅਰਥਾਤ ਧੁੱਪ ਸਾਨੂੰ ਮੁਫ਼ਤ ਵਿਚ ਮਿਲਦੀ ਹੈ। ਇਸ ਵਿਚ ਅਨੇਕ ਗੁਣ ਮੌਜੂਦ ਹਨ, ਜਿਨ੍ਹਾਂ ਤੋਂ ਸਾਰੇ ਜਾਣੂ ਨਹੀਂ ਹਨ। ਧੁੱਪ ਵਿਚ ਮੌਜੂਦ ਹੈ ਵਿਟਾਮਿਨ 'ਡੀ'। ਇਹੀ ਵਿਟਾਮਿਨ 'ਡੀ' ਸਾਡੇ ਖਾਣ-ਪੀਣ ਦੇ ਕੈਲਸ਼ੀਅਮ ਨੂੰ ਗ੍ਰਹਿਣ ਕਰਨ ਵਿਚ ਸਾਡੀ ਮਦਦ ਕਰਦਾ ਹੈ। ਇਹ ਅਜਿਹਾ ਕਰਕੇ ਹੱਡੀਆਂ ਅਤੇ ਮਾਸਪੇਸ਼ੀਆਂ ਨੂੰ ਮਜ਼ਬੂਤੀ ਦਿੰਦਾ ਹੈ। ਧੁੱਪ ਨਾਲ ਦਿਮਾਗੀ ਸਮਰੱਥਾ ਵਧਦੀ ਹੈ। ਧੁੱਪ ਸ਼ੁਕਰਾਣੂ ਵਧਾਉਂਦੀ ਹੈ ਅਤੇ ਯੌਨ ਸ਼ਕਤੀ ਦਿੰਦੀ ਹੈ। ਇਹ ਲਾਭ ਸੂਰਜ ਦੀਆਂ ਕੋਮਲ ਕਿਰਨਾਂ ਤੋਂ ਮਿਲਦਾ ਹੈ। ਧੁੱਪ ਵਿਚ ਮੌਜੂਦ ਪੈਰਾਵੈਂਗਣੀ ਕਿਰਨਾਂ ਨਾਲ ਚਮੜੀ ਨੂੰ ਨੁਕਸਾਨ ਪਹੁੰਚਦਾ ਹੈ, ਇਸ ਲਈ ਸੂਰਜ ਦੀ ਤਿੱਖੀ ਧੁੱਪ ਤੋਂ ਬਚਣ ਲਈ ਕਿਹਾ ਜਾਂਦਾ ਹੈ। ਹਾਲ ਹੀ ਵਿਚ ਇਕ ਖੋਜ ਵਿਚ ਸੂਰਜ ਦੀ ਕੋਮਲ ਧੁੱਪ ਨਾਲ ਮਿਲਣ ਵਾਲੇ ਵਿਟਾਮਿਨ 'ਡੀ' ਵਿਚ ਦਮਾ ਨਾਸ਼ਕ ਗੁਣ ਪਾਇਆ ਗਿਆ ਹੈ। ਇਹ ਬੱਚਿਆਂ ਨੂੰ ਸਾਹ ਨਾਲ ਬਾਧਿਕ ਤਕਲੀਫ ਤੋਂ ਬਚਾਉਂਦਾ ਹੈ। ਇਹ ਸਾਹ ਦੀ ਬਿਮਾਰੀ ਵਿਚ ਬੱਚਿਆਂ ਲਈ ਕਵਚ ਦਾ ਕੰਮ ਕਰਦਾ ਹੈ।

# ਬਾਬਾ ਜੰਡ ਪ੍ਰਸ਼ਾਦ

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113






ਬਾਬੇ ਨੰਦ ਸਿਉਂ ਨੇ ਸੱਥ 'ਚ ਆਉਂਦਿਆ ਹੀ ਸੱਥ ਵਾਲੇ ਥੜ੍ਹੇ ਕੋਲ ਖੜ੍ਹਕੇ, ਸੱਥ ਦੇ ਦੂਜੇ ਪਾਸੇ ਰੂੜੀਆਂ 'ਚ ਨੀਵੀਂ ਪਾਈ ਤੁਰੇ ਫਿਰਦੇ ਨਰੈਣੇ ਕੇ ਗੋਹਲੂ ਵੱਲ ਵੇਖ ਕੇ ਤਾਸ਼ ਖੇਡੀ ਜਾਂਦੇ ਪ੍ਰਤਾਪੇ ਭਾਊ ਨੂੰ ਪੁੱਛਿਆ, "ਭਾਊ! ਔਹ ਨਰੈਣੇ ਦਾ ਮੁੰਡਾ ਕੀ ਭਾਲਦਾ ਫਿਰਦਾ ਰੂੜੀਆਂ 'ਚੋਂ?"

ਤਾਸ਼ ਵਾਲਿਆਂ ਦੇ ਕੋਲ ਬੈਠਾ ਨਾਥਾ ਅਮਲੀ ਮੁਸ਼ਕਣੀ ਹੱਸਕੇ ਦੂਜੇ ਪਾਸੇ ਮੂੰਹ ਕਰਕੇ ਕਹਿੰਦਾ, "ਮੱਛੀਆਂ ਫੜ੍ਹਦਾ ਫਿਰਦਾ।"

ਬਾਬੇ ਨੇ ਹੱਸ ਕੇ ਪੁੱਛਿਆ, "ਰੂੜੀਆਂ 'ਚ ਕਿੱਤੇ ਹੁੰਦੀਆਂ ਮੱਛੀਆਂ ਸੁਕ ਪਕੇ 'ਚ ਓਏ? ਮੱਛੀਆਂ ਤਾਂ ਪਾਣੀ ਆਲੀਆਂ ਹੁੰਦੀਐਂ।"

ਸੀਤਾ ਮਰਾਸੀ ਵੀ ਟਿੱਚਰ 'ਚ ਬੋਲਿਆ, "ਫੇਰ ਮਗਰ ਮੱਛ ਫੜ੍ਹਦਾ ਹੋਊ।"

ਬਾਬਾ ਕਹਿੰਦਾ, "ਕਿਹੜੇ ਮਗਰ ਮੱਛ ਓਏ। ਤੁਸੀਂ ਵੀ ਯਾਰ ਰਲੇ ਵੇ ਹੱਦ ਈ ਕਰਦੇ ਐਂ। ਭਲਾਂ ਮੱਛੀਆਂ ਤੇ ਮਗਰ ਮੱਛ ਪਾਣੀ 'ਚ ਹੁੰਦੇ ਐ ਕੁ ਰੂੜੀਆਂ 'ਤੇ ਹੁੰਦੇ ਐ?"

ਸੀਤੇ ਮਰਾਸੀ ਨੇ ਫੇਰ ਪਾਇਆ ਪੇਚਾ ਬਾਬੇ ਨਾਲ, "ਰੂੜੀਆਂ ਆਲੀਆਂ ਵੀ ਹੁੰਦੀਆਂ ਮੱਛੀਆਂ ਤੇ ਮਗਰ ਮੱਛ।"

ਬੁੱਘਰ ਦਖਾਣ ਨੇ ਵੀ ਮਰਾਸੀ ਤੇ ਅਮਲੀ ਦੀ ਹਾਂ 'ਚ ਹਾਂ ਰਲਾਈ, "ਮਰੇ ਵੇ ਕੁੱਤੇ ਤਾਂ ਨੰਦ ਸਿਆਂ ਹੁੰਦੇ ਈ ਐ ਰੂੜੀਆਂ 'ਤੇ। ਉਨ੍ਹਾਂ ਨੂੰ ਨਾ ਕਿਤੇ ਕਹਿੰਦੇ ਹੋਣ।"

ਨਾਥਾ ਅਮਲੀ ਬਾਬੇ ਨੰਦ ਸਿਉਂ ਨੂੰ ਬਿਜਲੀ ਦੇ ਕਰੰਟ ਵਾਂਗੂੰ ਪੈ ਗਿਆ, "ਹੁਣ ਤੈਨੂੰ ਨ੍ਹੀ ਪਤਾ ਬਾਬਾ, ਬਈ ਰੂੜ੍ਹੀਆਂ 'ਚ ਕੀ ਹੁੰਦਾ। ਕੁ ਤੇਰੀਆਂ ਖਰੀਦੀਆਂ ਵੀਆਂ ਬਈ ਐਮੇਂ ਲਤੜਦਾ ਫਿਰਦੈ?"

ਸੀਤਾ ਮਰਾਸੀ ਅਮਲੀ ਨੂੰ ਕਹਿੰਦਾ, "ਇਹਨੇ ਕੀ ਕਰਨੀਆਂ ਖਰੀਦ ਕੇ ਬਾਬੇ ਨੇ। ਪੈ਼ਲੀ ਤਾਂ ਇਹਦੀ ਸਾਰੀ ਠੇਕੇ 'ਤੇ ਐ ਵਜੀਰੀ ਕੇ ਤੋਗੇ ਕੋਲੇ। ਪਸੂ ਬਾਬੇ ਦੇ ਘਰੇ ਊਈਂ ਹੈਨ੍ਹੀ।"

ਮਰਾਸੀ ਦੀ ਗੱਲ ਸੁਣ ਕੇ ਅਮਲੀ ਨੇ ਬਾਬੇ ਨੂੰ ਹੈਰਾਨੀ ਭਰੇ ਲਹਿਜੇ 'ਚ ਪੁੱਛਿਆ, "ਦੁੱਧ ਫਿਰ ਬਾਬਾ ਮੁੱਲ ਲੈਨੇਂ ਐਂ?" ਸੀਤਾ ਮਰਾਸੀ ਕਹਿੰਦਾ, "ਨਹੀਂ! ਡੈਹਰੀ ਆਲਾ ਬਿੱਲੂ ਮੁਖਤ ਦੇ ਜਾਂਦਾ ਘਰ ਮੂਹਰਦੀ ਨੰਘਣ ਦਾ ਮਾਰਾ।"

ਅਮਲੀ ਹੱਸ ਕੇ ਮਰਾਸੀ ਨੂੰ ਕਹਿੰਦਾ, "ਫੇਰ ਤਾਂ ਮੀਰ ਭਾਮੇਂ ਮੇਰੇ ਘਰ ਮੂਹਰ ਦੀ ਵੀ ਨੰਘ ਜਿਆ ਕਰੇ ਆਥਣ ਉੱਗਣ।"

ਮਾਹਲਾ ਨੰਬਰਦਾਰ ਕਹਿੰਦਾ, "ਜੇ ਇਉਂ ਨੰਘਣ ਲੱਗ ਗਿਆ ਸੋਡੇ ਸਾਰਿਆਂ ਦੇ ਘਰਾਂ ਮੂਹਰਦੀ, ਫੇਰ ਤਾਂ ਬਿੱਲੂ ਕਰੀ ਖੜ੍ਹਾ ਕਮਾਈ। ਸ਼ਹਿਰ ਜਾਣ ਦੀ ਤਾਂ ਬਿੱਲੂ ਨੂੰ ਲੋੜ ਈ ਨ੍ਹੀ ਪੈਣੀ। ਪਿੰਡੋਂ ਬਾਹਰ ਨਿੱਕਲਦੇ ਦਾ ਈ ਸਾਰਾ ਦੁੱਧ ਸੱਥ ਆਲਿਆਂ ਦੇ ਭਾਂਡਿਆਂ 'ਚ ਪੈ ਜਿਆ ਕਰੂ। ਫੇਰ ਬਿੱਲੂ ਨੂੰ ਕੀ ਬਚਣਾ ਬਚਾਉਣਾ ਦੁੱਧ 'ਚੋਂ।"

ਨਾਥਾ ਅਮਲੀ ਕਹਿੰਦਾ, "ਤਿੰਨ ਕੋਹ ਜਾਂਦਾ ਤਿੰਨ ਕੋਹ ਆਉਦਾ, ਫੇਰ ਵੇਖ ਲਾ ਉੱਥੇ ਸ਼ਹਿਰ 'ਚ ਵੀ ਦੋ ਢਾਈ ਕੋਹ ਕਰ ਦਿੰਦਾ ਹੋਊ ਤੁਰਿਆ ਫਿਰਦਾ। ਦੁੱਧ 'ਚੋਂ ਭਾਮੇਂ ਕੁਸ ਬਚੇ ਨਾ ਬਚੇ, ਆਹ ਜਿਹੜੀਆਂ ਸੈਂਕਲ 'ਤੇ ਲੱਤਾਂ ਮਾਰਦਾ ਜਾਂਦਾ, ਇਹ ਤਾਂ ਨ੍ਹੀ ਮਾਰਨੀਆਂ ਪੈਣਗੀਆਂ। ਫੇਰ ਜਿਹੜੀ ਭਕਾਈ ਕਰਦਾ ਉਹ ਵੀ ਵੇਖ ਲਾ ਬੱਚਤ ਈ ਬੱਚਤ ਐ।"

ਬਾਬਾ ਨੰਦ ਸਿਉਂ ਕਹਿੰਦਾ, 'ਜੇ ਸੱਥ ਆਲਿਆਂ ਦੀ ਸਲਾਹ 'ਤੇ ਲੋਕ ਅਸਰ ਕਰਨ ਲੱਗ ਜਾਣ, ਫੇਰ ਵਕੀਲਾਂ ਦੀ ਕੀ ਲੋੜ ਐ। ਜੀਹਨੇ ਕਿਸੇ ਨੇ ਕੋਈ ਸਲਾਹ ਲੈਣੀ ਹੋਵੇ, ਸੱਥ 'ਚ ਆ ਜਿਆ ਕਰੇ। ਸੱਥ ਆਲੇ ਤਾਰਨਗੇ ਚਿੱਠੇ ਅਗਲੇ ਦੇ। ਪਿੜੀਆਂ ਪਾ ਕੇ ਮੜ੍ਹੀ ਖਿੱਦੋ ਆਂਗੂੰ ਮੜ੍ਹ ਕੇ ਤੋਰਨਗੇ।"

ਨਾਥਾ ਅਮਲੀ ਕਹਿੰਦਾ, "ਮੈਂ ਤਾਂ ਫੇਰ ਬਾਬਾ ਇਹੋ ਸਲਾਹ ਦੇਈਏ ਬਿੱਲੂ ਨੂੰ ਬਈ ਮਿੱਤਰਾ, ਚਾਰ ਪੰਜ ਕੋਹ ਸ਼ਹਿਰ ਜਾ ਕੇ ਘਰ ਘਰ ਦੁੱਧ ਪਾਉਣ ਨਾਲੋਂ ਗੁਰਦੁਆਰੇ ਸਪੀਕਰ 'ਚ ਹੋਕਾ ਦੁਆ ਦਿਆ ਕਰ ਬਈ ਗਾਈਆਂ ਮੱਝਾਂ ਚੋਅ ਲੀਆਂ, ਦੁੱਧ ਲੈ ਜੋ ਆ ਕੇ।"

ਸੀਤਾ ਮਰਾਸੀ ਕਹਿੰਦਾ, "ਦੁੱਧ ਲਜਾਣ ਦਾ ਹੋਕਾ ਦੇਣ ਦੀ ਕੀ ਲੋੜ ਐ, ਦੁੱਧ ਚੋਅ ਕੇ ਲੈ ਜੋ ਦਾ ਈ ਹੋਕਾ ਦੇ ਦਿਆ ਕਰੇ। ਸੋਲਾਂ ਕਲਾਂ ਈਂ ਸੰਪੂਰਨ ਹੋ ਜਿਆ ਕਰਨਗੀਆਂ।"

ਬਾਬਾ ਨੰਦ ਸਿਉਂ ਕਹਿੰਦਾ, "ਓਏ ਯਾਰ ਕੋਈ ਹੋਰ ਵੀ ਗੱਲ ਕਰ ਲੋ। ਬਿੱਲੂ ਮਗਰ ਈ ਪੈ ਗਏ ਤੁਸੀਂ ਤਾਂ ਜਿਮੇਂ ਕਿਤੇ ਬਿੱਲੂ ਈ ਪਿੰਡ 'ਚ ਰਹਿੰਦਾ ਹੁੰਦਾ ਹੋਰ ਕੋਈ ਪਿੰਡ 'ਚ ਵੱਸਦਾ ਈ ਨ੍ਹੀ। ਐਡਾ ਪਿੰਡ ਐ। ਕੋਈ ਹੋਰ ਗੱਲ ਸਣਾ ਦਿਉ ਕਿਸੇ ਦੀ। ਮੈਨੂੰ ਤਾਂ ਅਮਲੀ ਦੀ ਆਉਂਦੀ ਐ, ਅਕੇ ਮੱਛੀਆਂ ਫੜਦਾ ਫਿਰਦਾ ਰੂੜੀਆਂ 'ਚੋਂ। ਚੱਲੋ ਛੱਡੋ ਇਹ ਗੱਲ ਨੂੰ ਕੋਈ ਹੋਰ ਕਰੋ।"

ਬੰਤਾ ਬੁੜ੍ਹਾ ਕਹਿੰਦਾ, "ਆਹ ਕੱਲ੍ਹ ਐਥੇ ਪਿਆਰਾ ਸਿਉਂ ਸੂਬੇਦਾਰ 'ਖਬਾਰ 'ਚ ਪੜ੍ਹੀ ਜਾਂਦਾ ਸੀ, ਅਕੇ ਕਿਸੇ ਲੰਡੂ ਸਾਧ ਨੇ ਨਲਕਾ ਗੇੜ ਗੇੜ ਪਾਣੀ ਕੱਢ ਕੇ ਲੋਕਾਂ ਨੂੰ ਮਿੰਟਾਂ ਚੀ ਗਧੇ ਬਣਾ 'ਤਾ।"

ਗੱਲ ਸੁਣ ਕੇ ਸੀਤਾ ਮਰਾਸੀ ਟਿੱਚਰ 'ਚ ਮੁਸ਼ਕਣੀਆਂ ਹੱਸ ਕੇ ਕਹਿੰਦਾ, "ਤਾਹੀਉਂ ਆਪਣੇ ਪਿੰਡ ਆਲਾ ਜੈਨੂੰ ਘਮਿਆਰ ਦਸ ਬਾਰਾਂ ਗਧੇ ਹੱਕੀ ਆਉਂਦਾ ਸੀ ਕੱਲ੍ਹ।" ਨਾਥੇ ਅਮਲੀ ਨੇ ਬੰਤੇ ਬੁੜ੍ਹੇ ਨੂੰ ਪੁੱਛਿਆ, "ਉਹ ਕਿਮੇ ਬੁੜ੍ਹਿਆ?" ਤਾਸ਼ ਖੇਡੀ ਜਾਂਦਾ ਠਾਕਰ ਮਾਸਟਰ ਕਹਿੰਦਾ, "ਇੱਕ ਪਖੰਡੀ ਜਾ ਸਾਧ, ਅਕੇ ਨਲਕਾ ਗੇੜ ਗੇੜ ਪਾਣੀ ਕੱਢ ਕੇ ਕਹਿੰਦਾ 'ਜਿਹੜਾ ਏਸ ਨਲਕੇ ਦਾ ਪਾਣੀ ਪੀ ਲੂ, ਉਹਦੀਆਂ ਸਾਰੀਆਂ ਬਮਾਰੀਆਂ ਦੂਰ ਹੋ ਜਾਣਗੀਆਂ। ਗੱਲ ਸੁਣ ਕੇ ਉੱਥੇ ਹੌਲੀ ਹੌਲੀ ਲੋਕਾਂ ਦੀਆਂ ਡਾਰਾਂ ਦੀਆਂ ਡਾਰਾਂ ਈ ਉੱਤਰ ਆਈਆਂ। ਪੰਜ ਸੱਤ ਦਿਨ ਤਾਂ ਕੰਮ ਵਧੀਆ ਚੱਲਿਆ, ਇੱਕ ਦਿਨ ਕਿਤੇ ਪਿੰਡ ਦੇ ਸ਼ਰਾਰਤੀ ਰਾਤ ਨੂੰ ਨਲਕਾ ਈ ਪੱਟ ਕੇ ਲੈ ਗੇ। ਹੁਣ ਕਮਲੇ ਲੋਕ, ਜਿੱਥੇ ਨਲਕਾ ਲੱਗਿਆ ਸੀ ਉਹ ਥਾਂ ਨੂੰ ਪੂਜੀ ਜਾਂਦੇ ਐ। ਕਹਿੰਦੇ ਐ ਇੱਥੇ ਗੁਰਦੁਆਰਾ ਨਲਕਾ ਪਾਣੀ ਬਣਨਾ। ਲੈ ਦੱਸ ਬਾਬਾ! ਗੁਰਦੁਆਰਿਆਂ 'ਚ ਅੱਗੇ ਗੋਲਕਾਂ ਦਾ ਰੌਲਾ ਪਈ ਜਾਂਦਾ, ਇਹ ਹੁਣ ਇੱਕ ਹੋਰ ਰੌਲੇ ਨੂੰ ਥਾਂ ਬਣਾਈ ਜਾਂਦੇ ਐ। ਆਹ ਖਬਰ ਐ ਨਲਕੇ ਦੀ।"

ਨਾਥਾ ਅਮਲੀ ਕਹਿੰਦਾ, "ਫੇਰ ਤਾਂ ਆਪਣੇ ਗੁਆੜ ਆਲੇ ਬਾਬੇ ਮੁਨਸ਼ੀ ਕਿਆਂ ਦੇ ਜੰਡ ਆਲੀ ਹੋਈ।"

ਬਾਬੇ ਨੰਦ ਸਿਉਂ ਨੇ ਪੁੱਛਿਆ, "ਉਨ੍ਹਾਂ ਦੇ ਜੰਡ ਦੀ ਕਿਮੇਂ ਗੱਲ ਸੀ ਅਮਲੀਆ?"

ਅਮਲੀ ਕਹਿੰਦਾ, "ਬਾਬੇ ਮੁਨਸ਼ੀ ਕਿਆਂ ਨੇ ਵੀ ਇਉਂ ਈਂ ਕੀਤੀ ਸੀ ਸਕੂਲ ਆਲੀ ਸੜਕ 'ਤੇ ਖੜ੍ਹੇ ਜੰਡ ਨਾਲ।"

ਮਾਹਲਾ ਨੰਬਰਦਾਰ ਅਮਲੀ ਦੀ ਗੱਲ 'ਤੇ ਖਿਝ ਕੇ ਬੋਲਿਆ, "ਕੁਸ ਦੱਸੇਂਗਾ ਵੀ ਕੁ ਭੂਮਕਾ ਈ ਬੰਨ੍ਹੀ ਜਾਏਂਗਾ ਆਥਣ ਤੱਕ। ਦਿਨ ਉੱਤੋਂ ਛਿਪਣ 'ਤੇ ਹੋਇਆ, ਇਹ ਹਜੇ ਅੜਿੰਗ ਬੜਿੰਗ ਈ ਪਾਈ ਜਾਂਦਾ। ਗਾਹਾਂ ਗੱਲ ਕਰ ਕੀ ਕੀਤਾ ਸੀ ਬਾਬੇ ਮੁਨਸ਼ੀ ਕਿਆਂ ਨੇ ਜੰਡ ਨਾਲ?"

ਸੀਤਾ ਮਰਾਸੀ ਟਿੱਚਰ 'ਚ ਬੋਲਿਆ, "ਬਾਬੇ ਮੁਨਸ਼ੀ ਕਿਆਂ ਨੇ ਜੰਡ ਨਾਲ ਕੀ ਕਰਨਾ ਸੀ, ਇਹਨੇ ਤਾਂ ਮਿਰਜੇ ਸਾਹਿਬਾਂ ਦੀ ਗੱਲ ਸੁਣਾਉਣੀ ਐ ਬਈ ਏਸ ਜੰਡ ਥੱਲੇ ਮਾਰਿਆ ਸੀ ਮਿਰਜਾ। ਹੋਰ ਕਿਤੇ ਮਿਰਜਾ ਜੰਡ ਦਾ ਸੁਹਾਗਾ ਤਾਂ ਨ੍ਹੀ ਬਣਾ ਕੇ ਲੈ ਗਿਆ।"

ਨਾਥਾ ਅਮਲੀ ਸੀਤੇ ਮਰਾਸੀ ਨਾਲ ਝੀਟ ਮਝੀਟੇ ਹੋ ਕੇ ਬੋਲਿਆ, "ਓਏ ਕੰਜਰ ਦਿਆ ਕਮਲਿਆ! ਇਹੇ ਉਹ ਜੰਡ ਨ੍ਹੀ ਓਏ, ਇਹ ਤਾਂ ਲੰਡੂ ਜੰਡ ਸੀ ਜਿਹੜਾ ਬਾਬੇ ਮੁਨਸ਼ੀ ਕੇ ਥਾਂ ਸੀ। ਅਗਲਿਆਂ ਨੇ ਰਾਤੋ-ਰਾਤ 'ਚ ਮੂਲੀ ਆਂਗੂੰ ਪੱਟ ਕੇ ਔਹ ਮਾਰਿਆ ਪਰ੍ਹੇ ਜਿਮੇਂ ਮਾਈ ਰੇਲੋ ਕੇ ਵਿਆਹ 'ਚ ਕੜ੍ਹਾਹ ਬਣਾਉਂਦਿਆਂ ਤੋਂ ਰੇਲੋ ਨਾਲ ਲੜ ਕੇ ਸੰਤੋਖੇ ਬੁੜ੍ਹੇ ਨੇ ਟੀਟੂ ਝਿਓਰ ਦਾ ਮਸੱਦ ਕੜ੍ਹਾਹੇ 'ਚੋਂ ਕੱਢ ਕੇ ਬੈਠਕ ਦੀ ਛੱਤ 'ਤੇ ਸਿੱਟ 'ਤਾ ਸੀ ਤੇ ਆਪ ਘਰੋਂ ਨਿਕਲ ਗਿਆ ਸੀ। ਜਦੋਂ ਨੂੰ ਟੀਟੂ ਆਵਦੇ ਘਰੋਂ ਜਾ ਕੇ ਦੂਜਾ ਮਸੱਦ ਲਿਆਕੇ ਕੜ੍ਹਾਹੇ ਕੋਲੇ ਆਇਆ ਤਾਂ ਆਉਂਦੇ ਨੂੰ ਕੱਚਾ ਪਿੱਲਾ ਜਾ ਹੋਇਆ ਸਾਰਾ ਕੜ੍ਹਾਹ ਈ ਮੱਚ ਕੇ ਇਉਂ ਹੋ ਗਿਆ ਜਿਮੇਂ ਮੱਚਿਆ ਵਿਆ ਮੁਗਲੈਲ ਪਾ ਕੇ ਘਾਣੀ ਕੀਤੀ ਹੁੰਦੀ ਐ।"

ਬਾਬਾ ਨੰਦ ਸਿਉਂ ਅਮਲੀ ਨੂੰ ਹੱਸ ਕੇ ਕਹਿੰਦਾ, "ਆਹ ਤਾਂ ਅਮਲੀਆ ਪਤਾ ਨ੍ਹੀ ਕਿੱਧਰੋਂ ਕੱਛ 'ਚੋਂ ਮੂੰਗਲਾ ਕੱਢ ਕੇ ਮਾਰਿਆ ਓਏ। ਇਹ ਟੀਟੂ ਝਿਓਰ ਆਲੀ ਤਾਂ ਤੈਥੋਂ ਫੇਰ ਸੁਣਦੇ ਆਂ, ਪਹਿਲਾਂ ਆਹ ਜੰਡ ਆਲੀ ਕਹਾਣੀ ਦੱਸ ਮੁਨਸ਼ੀ ਕਿਆਂ ਆਲੀ।"

ਅਮਲੀ ਕਹਿੰਦਾ, "ਜਿਹੜਾ ਸਕੂਲ ਆਲੀ ਸੜਕ 'ਤੇ ਬਾਬੇ ਮੁਨਸ਼ੀ ਕਾ ਕਨਾਲ ਡੂਢ ਕਨਾਲ ਥਾਂ ਪਿਆ, ਉਹਦੇ 'ਚ ਜਿਹੜਾ ਜੰਡ ਖੜ੍ਹਾ, ਉਹਨੂੰ ਬਨਿਆਣੀਆਂ ਪੂਜਣ ਲੱਗ ਗੀਆਂ। ਹਰੇਕ ਵੀਰਵਾਰ ਨੂੰ ਤੜਕੇ ਚਾਰ ਵਜੇ ਤੋਂ ਆ ਜਿਆ ਕਰਨ, ਦਸ ਵਜੇ ਤੱਕ ਧੂਤਕੜਾ ਈ ਬੋਲੇ ਉੱਥੇ। ਕਿਧਰੇ ਉੱਥੇ ਸੰਧੂਰ ਡੋਲ, ਕਿਧਰੇ ਖੰਭਣੀਆਂ ਬੰਨਣ, ਕਿਧਰੇ ਪਾਣੀ ਪਾ, ਕਿਧਰੇ ਹੋਰ ਈ ਘਰ੍ਹਾਟ ਰਾਗ ਗਾਉਣ। ਕਿਹਾ ਕਰਨ ਬਾਬਾ ਜੰਡ ਪ੍ਰਸ਼ਾਦ। ਜਦੋਂ ਬਾਬੇ ਮੁਨਸ਼ੀ ਦੇ ਮੁੰਡਿਆਂ ਨੇ ਵੇਖਿਆ ਬਈ ਏਥੇ ਪੈਂਸਾ ਧੇਲਾ ਤਾਂ ਕੋਈ ਮੱਥਾ ਟੇਕਦੀ ਨ੍ਹੀ, ਆਹ ਗੰਦ ਪਿੱਲ ਸਾਡੇ ਥਾਂ 'ਚ ਸਿੱਟ ਜਾਂਦੀਆਂ। ਪੂਜਾ ਆਵਦੀ ਕਰ ਜਾਂਦੀਆਂ। ਇੱਕ ਦਿਨ ਬੁੱਧਵਾਰ ਦੀ ਰਾਤ ਨੂੰ ਮੁਨਸ਼ੀ ਕੇ ਮੁੰਡੇ ਜੰਡ ਜੜ੍ਹਾਂ 'ਚੋਂ ਈ ਪੱਟ ਲੈ ਗੇ।"

ਬੁੱਘਰ ਦਖਾਣ ਨੇ ਗੱਲ ਵਿੱਚੋਂ ਟੋਕ ਕੇ ਪੁੱਛਿਆ, "ਫੇਰ ਵੀਰਵਾਰ ਨੂੰ ਤੜਕੇ ਜੰਡ ਦੀਆਂ ਸ਼ਰਧਾਲੂ ਰੋਈਆਂ ਨ੍ਹੀ ਜੰਡ ਆਲੇ ਥਾਂ ਬਹਿ ਕੇ?"

ਅਮਲੀ ਕਹਿੰਦਾ, "ਤੂੰ ਗਾਹਾਂ ਤਾਂ ਗੱਲ ਸੁਣ। ਉਨ੍ਹਾਂ ਨੇ ਪੱਟ ਕੇ ਜੰਡ, ਉੱਥੇ ਰਾਤੋ ਰਾਤ ਈ ਦੋ ਟਰੈਲੀਆਂ ਰੂੜੀ ਦੀਆਂ ਲਾਹ 'ਤੀਆਂ। ਲਾ ਕੇ ਰੂੜੀ ਦਾ ਢੇਰ, ਤੂਤ ਦੀ ਛਿਟੀ 'ਤੇ ਬੰਨ੍ਹ ਕੇ ਖੱਟੀ ਜੀ ਲੀਰ, ਇੱਕ ਗੱਤੇ 'ਤੇ ਲਿਖ ਕੇ ਲਾ 'ਤਾ 'ਬਾਬਾ ਰੂੜੀ ਪ੍ਰਸ਼ਾਦ'। ਜਦੋਂ ਬੁੜ੍ਹੀਆਂ ਤੜਕੇ ਆਉਣੀਆਂ ਸ਼ੁਰੂ ਹੋਈਆਂ ਤਾਂ ਉਨ੍ਹਾਂ ਨੇ ਵੇਖਿਆ ਬਈ ਏਥੇ ਤਾਂ ਜੰਡ ਈ ਹੈਨ੍ਹੀ। ਬੁੜ੍ਹੀਆਂ ਹੱਥ 'ਚ ਧਾਗੇ ਖੰਭਣੀਆਂ ਤੇ ਪਾਣੀ ਆਲੀਆਂ ਗਬੜੀਆਂ ਇਉਂ ਚੱਕੀ ਖੜ੍ਹੀਆਂ ਜਿਮੇਂ ਮੱਸਿਆ ਨਹਾਉਣ ਜਾਣਾ ਹੁੰਦਾ। ਕੋਈ ਕਹੇ 'ਨੀ ਆਪਾ ਕਿਤੇ ਹੋਰ ਥਾਂ ਤਾਂ ਨ੍ਹੀ ਆ ਗੀਆਂ'। ਤੂਤ ਦੀ ਛਿਟੀ 'ਤੇ ਬੰਨ੍ਹੀ ਝੰਡੀ ਵੱਲ ਹੱਥ ਕਰਕੇ ਕੋਈ ਕਹੇ ਨੀ ਹੋ ਵੇਖੋ ਬਾਬਾ ਜੰਡ ਪ੍ਰਸ਼ਾਦ ਜੀ ਨਸ਼ਾਨੀ ਛੱਡ ਕੇ ਗਏ ਐ। ਆਪਾਂ ਨੂੰ ਇਹਦੀ ਪੂਜਾ ਕਰਨੀ ਚਾਹੀਦੀ ਐ'। ਅਕੇ ਏਨੇ ਨੂੰ ਦਿਨ ਚੜ੍ਹ ਗਿਆ। ਮੁਨਸ਼ੀ ਕੇ ਮੁੰਡਿਆਂ ਨੇ ਰੂੜੀ ਦੀ ਭਰੀ ਵੀ ਇੱਕ ਹੋਰ ਟਰੈਲੀ ਆ ਲਾਹੀ। ਅਕੇ ਇੱਕ ਲਾ਼ਲੀ ਨੇ ਮੁਨਸ਼ੀ ਕੇ ਮੁੰਡੇ ਨੂੰ ਪੁੱਛਿਆ 'ਵੇ ਭਾਈ! ਐਥੇ ਬਾਬਾ ਜੰਡ ਪ੍ਰਸ਼ਾਦ ਹੁੰਦਾ ਸੀ, ਕਿਧਰ ਗਿਆ ਉਹੋ'? ਮੁਨਸ਼ੀ ਕਾ ਮੁੰਡਾ ਕਹਿੰਦਾ 'ਉਹ ਤਾਂ ਭਾਈ ਬਾਬੇ ਰੂੜ ਸਿਉਂ ਨੇ ਰਾਤ ਕੁੱਟ ਕੇ ਭਜਾ 'ਤਾ।"

ਬਾਬੇ ਨੰਦ ਸਿਉਂ ਨੇ ਪੁੱਛਿਆ, "ਅਮਲੀਆ ਫੇਰ ਬੁੜ੍ਹੀਆਂ ਬੋਲੀਆਂ ਨ੍ਹੀ ਕੁਸ?"

ਅਮਲੀ ਕਹਿੰਦਾ, "ਬੋਲਣਾ ਕੀ ਸੁਆਹ ਸੀ ਉਨ੍ਹਾਂ ਨੇ। ਅਗਲਿਆਂ ਦਾ ਥਾਂ ਸੀ, ਉਨ੍ਹਾਂ ਦਾ ਈ ਜੰਡ ਸੀ। ਜੋ ਮਰਜੀ ਕਰਦੇ। ਇਹ ਬਾਣੀਆਂ ਮਹਿਕਮਾਂ ਆਵਦਾ ਈ ਜੰਡ ਬਣਾਈ ਬੈਠਾ ਸੀ। ਮਾਲਕਾਂ ਨੂੰ ਗੁੱਸਾ ਆਇਆ, ਉਨ੍ਹਾਂ ਨੇ ਸੁੱਕੇ ਤੇਲ ਨਾਲ ਜੰਡ ਰਗੜ ਕੇ ਰੱਖ 'ਤਾ ਜਿਮੇਂ ਨਾਈ ਉਸਤਰੇ ਨਾਲ ਸਿਰ ਤੋਂ ਝੰਡ ਲਾਹ ਰੱਖ ਦਿੰਦਾ। ਕਹਾਣੀ ਖਤਮ।"

ਬਾਬੇ ਨੇ ਅਮਲੀ ਨੂੰ ਹੱਸ ਕੇ ਪੁੱਛਿਆ, "ਓਏ ਆਹ ਸੁੱਕਾ ਤੇਲ ਕਿਹੜਾ ਹੁੰਦਾ ਅਮਲੀਆ ਓਏ?"

ਅਮਲੀ ਬਾਬੇ ਨੂੰ ਵੀ ਇਉਂ ਭੱਜ ਕੇ ਪੈ ਗਿਆ ਜਿਮੇਂ ਗਾਹਾਂ ਖੇਡ ਚੜ੍ਹਨਾ ਹੁੰਦਾ, "ਤੈਨੂੰ ਵੀ ਦੱਸਣਗੀਆਂ ਬਾਬਾ ਸੁੱਕਾ ਤੇਲ ਕਿਹੜਾ ਹੁੰਦਾ, ਜਿੱਦੇਂ ਤੇਰੇ ਵੀ ਮੁੰਡਿਆਂ ਨੂੰ ਖੇਤ ਮਟੀ ਆਲੀ ਟਾਹਲੀ ਪੱਟਣੀ ਪਈ।"

ਜੋਗਾ ਕਾਮਰੇਡ ਅਮਲੀ ਨੂੰ ਕਹਿੰਦਾ, "ਚੱਲ ਤੂੰ ਹੁਣ ਤੂੰ ਟੀਟੂ ਦੇ ਮਸੱਦ ਆਲੀ ਗੱਲ ਸਣਾ ਬਈ ਉਹ ਕਿਮੇਂ ਐ?" ਅਮਲੀ ਕਹਿੰਦਾ, "ਲੈ ਉਹ ਵੀ ਸੁਣ ਲਾ ਹੁਣ।"

ਜਦੋਂ ਅਮਲੀ ਗੱਲ ਸੁਣਾਉਣ ਲੱਗਿਆ ਤਾਂ ਏਨੇ ਚਿਰ ਨੂੰ ਸੰਤੋਖੇ ਬੁੜ੍ਹੇ ਨੂੰ ਸੱਥ ਵੱਲ ਆਉਂਦੇ ਨੂੰ ਵੇਖ ਕੇ ਪ੍ਰਤਾਪਾ ਭਾਊ ਕਹਿੰਦਾ, "ਚੁੱਪ ਕਰੋ ਓਏ। ਸੰਤੋਖਾ ਬੁੜ੍ਹਾ ਆਉਂਦਾ। ਹੋਰ ਨਾ ਕਿਤੇ ਕੋਈ ਨਮਾਂ ਈਂ ਚੰਦ ਚਾੜ੍ਹ ਦਿਉਂ।"

ਬਾਬਾ ਨੰਦ ਸਿਉਂ ਸੰਤੋਖੇ ਬੁੜ੍ਹੇ ਵੱਲ ਚੋਰ ਅੱਖ ਨਾਲ ਵੇਖ ਕੇ ਸੱਥ ਵਾਲਿਆਂ ਨੂੰ ਕਹਿੰਦਾ, "ਚੱਲੋ ਓਏ ਉੱਠੋ ਘਰਾਂ ਨੂੰ ਚੱਲੀਏ। ਹੁਣ ਤਾਂ ਸਮੁੰਦਰ ਵੀ ਖੜ੍ਹ ਗੇ।"

ਬਾਬੇ ਦੀ ਗੱਲ ਸੁਣ ਕੇ ਸੰਤੋਖੇ ਬੁੜ੍ਹੇ ਦੇ ਸੱਥ 'ਚ ਆਉਣ ਤੋਂ ਪਹਿਲਾਂ ਪਹਿਲਾਂ ਸਾਰੇ ਜਣੇ ਹੀ ਸੱਥ 'ਚੋਂ ਉੱਠ ਖੜੋਤੇ।

# ਰੱਬ ਦਾ ਰੂਪ...

ਲੇਖਕ : ਲੈਕਚਰਾਰ ਅਜੀਤ ਖੰਨਾ
ਸੰਪਰਕ: 76967-54669

ਗੱਲ ਡੇਢ ਦਹਾਕਾ ਪੁਰਾਣੀ ਹੈ। ਇੱਕ ਦਿਨ ਸਕੂਲ 'ਚ ਖੜ੍ਹੇ-ਖੜ੍ਹੇ ਅਚਾਨਕ ਢਿੱਡ 'ਚ ਬਹੁਤ ਦਰਦ ਹੋਣ ਲੱਗਾ। ਮੇਰਾ ਕੁਲੀਗ ਮੈਨੂੰ ਸ਼ਹਿਰ ਦੇ ਇੱਕ ਨਾਮੀ ਹਸਪਤਾਲ ਲੈ ਗਿਆ। ਅਪੈਂਡੈਕਸ ਦੀ ਸ਼ਿਕਾਇਤ ਨਿਕਲੀ। ਡਾਕਟਰ ਨੇ ਕਿਹਾ, ਅਪ੍ਰੇਸ਼ਨ ਕਰਨਾ ਪਵੇਗਾ। ਪਹਿਲਾਂ ਮੈਂ ਡਰ ਗਿਆ, ਫਿਰ ਅਪ੍ਰੇਸ਼ਨ ਵਾਸਤੇ ਰਾਜ਼ੀ ਹੋ ਗਿਆ। ਅਪ੍ਰੇਸ਼ਨ ਲਈ ਹਸਪਤਾਲ 'ਚ ਅਗਾਂਹ ਹੋਰ ਡਾਕਟਰ ਰੱਖੇ ਹੋਏ ਸਨ ਜੋ ਵੱਖ-ਵੱਖ ਬਿਮਾਰੀਆਂ ਦੇ ਮਾਹਰ ਸਨ। ਮੇਰਾ ਅਪ੍ਰੇਸ਼ਨ ਸਾਡੇ ਸ਼ਹਿਰ ਦੇ ਸਿਵਲ ਹਸਪਤਾਲ ਤੋਂ ਸੇਵਾ ਮੁਕਤ ਹੋਏ ਐੱਸਐੱਮਓ ਨੇ ਕੀਤਾ।

ਅਪ੍ਰੇਸ਼ਨ ਸਹੀ ਸਲਾਮਤ ਹੋ ਗਿਆ। ਜਿਉਂ-ਜਿਉਂ ਯਾਰਾਂ ਦੋਸਤਾਂ ਨੂੰ ਪਤਾ ਲੱਗਦਾ ਗਿਆ, ਉਹ ਹਾਲ-ਚਾਲ ਜਾਣਨ ਲਈ ਆਉਣ ਲੱਗੇ। ਇੱਕ ਦਿਨ ਹਸਪਤਾਲ ਆਏ ਮੇਰੇ ਇੱਕ ਦੋਸਤ ਨੇ ਗੱਲਬਾਤ ਦੌਰਾਨ ਪੁੱਛਿਆ, "ਤੁਸੀਂ ਕੋਈ ਹੈਲਥ ਪਾਲਿਸੀ ਵਗ਼ੈਰਾ ਨਹੀਂ ਕਾਰਵਾਈ?" ਯਾਦ ਆਇਆ ਕਿ ਮੇਰੇ ਜਾਣਕਾਰ ਨੇ ਮੇਰੀ ਹੈਲਥ ਪਾਲਿਸੀ ਕੀਤੀ ਸੀ। ਫਿਰ ਕੀ ਸੀ!

ਸਿਹਤ ਬੀਮੇ ਵਾਲਾ ਕਾਰਡ ਘਰੋਂ ਮੰਗਵਾ ਲਿਆ। ਡਾਕਟਰ ਨੂੰ ਕਾਰਡ ਦਿਖਾਇਆ, ਉਹਨੇ ਮਿੰਟ ਨਹੀਂ ਲਾਇਆ ਤੇ ਹੈਲਥ ਪਾਲਿਸੀ ਬਾਰੇ ਕੰਪਨੀ ਨੂੰ ਮੇਲ ਪਾ ਕੇ ਪ੍ਰਵਾਨਗੀ ਲੈ ਲਈ। ਮੈਂ ਖੁਸ਼ ਕਿ ਹੁਣ ਇਲਾਜ ਦਾ ਕੋਈ ਪੈਸਾ ਨਹੀਂ ਲੱਗੇਗਾ। ਹਸਪਤਾਲ ਵਿਚਲੇ ਮੈਡੀਕਲ ਸਟੋਰ ਵਾਲਿਆਂ ਨੇ ਮੈਥੋਂ ਪੈਸੇ ਲੈਣੇ ਬੰਦ ਕਰ ਦਿੱਤੇ। ਬੱਸ ਪਰਚੀ ਦਿਖਾਓ, ਦਵਾਈ ਲੈ ਜਾਓ। ਮੈਨੂੰ ਲੱਗਾ, ਹੈਲਥ ਪਾਲਿਸੀ ਦਾ ਤਾਂ ਫਾਇਦਾ ਹੀ ਬਹੁਤ ਹੈ, ਇਹ ਤਾਂ ਹਰ ਬੰਦੇ ਨੂੰ ਕਰਵਾਉਣੀ ਚਾਹੀਦੀ ਹੈ।

ਖ਼ੈਰ! ਕੁਝ ਦਿਨਾਂ ਮਗਰੋਂ ਸਿਹਤ 'ਚ ਕਾਫੀ ਸੁਧਾਰ ਹੋ ਗਿਆ, ਮੈਂ ਡਾਕਟਰ ਕੋਲੋਂ ਛੁੱਟੀ ਮੰਗੀ ਪਰ ਡਾਕਟਰ ਨੇ ਛੁੱਟੀ ਦੇਣ ਤੋਂ ਇਨਕਾਰ ਕਰ ਦਿੱਤਾ। ਸਮਝ ਨਾ ਲੱਗੇ, ਡਾਕਟਰ ਛੁੱਟੀ ਕਿਉਂ ਨਹੀਂ ਦੇ ਰਿਹਾ!... ਇੱਕ ਦਿਨ ਹਸਪਤਾਲ ਦੇ ਕਮਰੇ ਤੋਂ ਬਾਹਰ ਬੈਠਾ ਧੁੱਪ ਸੇਕ ਰਿਹਾ ਸਾਂ ਤਾਂ ਆਪਣੇ ਕੋਲ ਬੈਠੇ ਮਰੀਜ਼ ਨੂੰ ਪੁੱਛਿਆ, "ਤੁਹਾਨੂੰ ਕੀ ਤਕਲੀਫ਼ ਹੈ?" ਉਹ ਕਹਿੰਦਾ, "ਢਿੱਡ 'ਚ ਦਰਦ ਹੋਇਆ ਸੀ, ਹੁਣ ਬਿਲਕੁਲ ਠੀਕ ਹੈ ਪਰ ਡਾਕਟਰ ਛੁੱਟੀ ਨਹੀਂ ਦੇ ਰਿਹਾ।" ਕਾਰਨ ਪੁੱਛਿਆ ਤਾਂ ਉਹਨੇ ਦੱਸਿਆ, "ਡਾਕਟਰ ਹੈਲਥ ਪਾਲਿਸੀ ਵਾਲੇ ਮਰੀਜ਼ ਨੂੰ ਜਲਦੀ ਛੁੱਟੀ ਨਹੀਂ ਦਿੰਦਾ, ਪਾਲਿਸੀ ਦੇ ਸਾਰੇ ਪੈਸੇ ਪੂਰੇ ਹੋਣ ਪਿੱਛੋਂ ਹੀ ਘਰ ਭੇਜਦਾ ਹੈ।

ਮਿੱਲ ਮਾਲਕਾਂ ਨੇ ਮੇਰੀ ਹੈਲਥ ਪਾਲਿਸੀ ਕਾਰਵਾਈ ਹੋਈ ਹੈ।" ਉਹਦੇ ਇੰਨਾ ਆਖਦਿਆਂ ਹੀ ਸਭ ਕਹਾਣੀ ਸਮਝ ਗਿਆ।... ਡਾਕਟਰ ਨੇ ਮੇਰੇ ਕਈ ਟੈਸਟ ਅਜਿਹੇ ਵੀ ਕਰਵਾ ਲਏ ਸਨ ਜਿਨ੍ਹਾਂ ਦੀ ਬਿਲਕੁਲ ਵੀ ਜ਼ਰੂਰਤ ਨਹੀਂ ਸੀ, ਸਿਰਫ ਬੀਮਾ ਕੰਪਨੀ ਤੋਂ ਵਧ ਤੋਂ ਵਧ ਪੈਸੇ ਵਸੂਲਣ ਲਈ ਕੀਤੇ ਸਨ।

ਇਹ ਮਾਜਰਾ ਪਤਾ ਲੱਗਣ 'ਤੇ ਮੈਂ ਛੁੱਟੀ ਵਾਸਤੇ ਜ਼ਿੱਦ ਕਰਨ ਲੱਗਾ ਤਾਂ ਡਾਕਟਰ ਕਹਿਣ ਲੱਗਾ, "ਇੱਕ ਆਖ਼ਿਰੀ ਟੈਸਟ ਰਹਿ ਗਿਆ, ਉਹ ਕਰ ਕੇ ਛੁੱਟੀ ਕਰ ਦਿੰਦੇ ਹਾਂ।"

ਡਾਕਟਰ ਨੇ ਸਿਟੀ ਸਕੈਨ ਕਰਵਾਉਣ ਲਈ ਕਹਿ ਦਿੱਤਾ ਜਿਸ ਦਾ ਮੇਰੇ ਅਪ੍ਰੇਸ਼ਨ ਜਾਂ ਬਿਮਾਰੀ ਨਾਲ ਸਰੋਕਾਰ ਹੀ ਕੋਈ ਨਹੀਂ ਸੀ। ਇਸ ਟੈਸਟ ਦੀ ਫੀਸ 5000 ਰੁਪਏ ਬਿੱਲ ਵਿੱਚ ਪਾ ਦਿੱਤੀ ਗਈ।... ਮੇਰੀ ਹੈਲਥ ਪਾਲਿਸੀ ਇੱਕ ਲੱਖ ਦੀ ਸੀ ਤੇ ਉਸ ਵਿਚ ਅਜੇ 10 ਹਜ਼ਾਰ ਹੋਰ ਬਚਦੇ ਸਨ... ਤੇ ਡਾਕਟਰ ਨੇ 95 ਹਜ਼ਾਰ ਦੇ ਬਿੱਲ 'ਤੇ ਦਸਤਖ਼ਤ ਕਰਵਾ ਲਏ। ਹਸਪਤਾਲੋਂ ਛੁੱਟੀ ਮਿਲਣ ਮਗਰੋਂ ਘਰ ਪਰਤਦੇ ਵਕਤ ਸੋਚ ਰਿਹਾ ਸਾਂ... ਲੋਕ ਸਮਝਦੇ ਹਨ ਕਿ ਡਾਕਟਰ ਤਾਂ ਰੱਬ ਦਾ

# ਗ਼ਰੀਬ ਦੇ ਮਨੋਰੰਜਨ ਦਾ ਸਸਤਾ ਸਾਧਨ ਹੈ ਰੇਡੀਓ



ਲੇਖਕ : ਕੇ.ਐੱਸ.ਅਮਰ,
ਮੋਬ.9465369343.

ਗੀਤ- ਸੰਗੀਤ ਮਨੁੱਖੀ ਜ਼ਿੰਦਗੀ ਦੀ ਰੂਹ ਦੀ ਖੁਰਾਕ ਹੈ। ਸੰਗੀਤ ਸਾਡੇ ਸਮਾਜਿਕ ਵਰਤਾਰੇ ਦਾ ਇੱਕ ਮਹੱਤਵਪੂਰਣ ਹਿੱਸਾ ਹੈ ਜੋ ਸਾਡੀ ਮਾਨਸਿਕ ਥਕਾਵਟ ਨੂੰ ਦੂਰ ਕਰਦਾ ਹੈ।ਢੋਲ ਦਾ ਡਗਾ, ਵਾਇਲਨ ਦੀਆਂ ਤਰੰਗਾਂ, ਗਟਾਰ ਦੀਆਂ ਧੁਨਾਂ ਅਤੇ ਬਹੁਤ ਸਾਰੇ ਸੰਗੀਤਕ ਜੰਤਰ ਮਨੁੱਖ ਨੂੰ ਆਪ ਮੁਹਾਰੇ ਨੱਚਣ ਲਈ ਮਜਬੂਰ ਕਰ ਦਿੰਦੇ ਹਨ।ਰੂਹਾਨੀਅਤ ਦੇ ਆਨੰਦ ਲਈ ਹੀ ਮਨੁੱਖ ਨੇ ਰੇਡੀਓ ,ਟੈਲੀਵਿਜ਼ਨ, ਕੰਪਿਊਟਰ ਤੇ ਮੋਬਾਈਲ ਵਰਗੇ ਧੁਨੀ ਜੰਤਰ ਇਜ਼ਾਦ ਕੀਤੇ ਹਨ ਜੋ ਉਸਨੂੰ ਸੁਖ਼ਦ ਦੁਨੀਆਂ ਦਾ ਅਹਿਸਾਸ ਕਰਵਾਉਂਦੇ ਹਨ। ਚੁੰਬਕੀ ਤਰੰਗਾਂ ਨਾਲ ਕੰਮ ਕਰਨ ਵਾਲਾ ਸੰਚਾਰ ਜੰਤਰ "ਰੇਡੀਓ" ਮਨੁੱਖ ਦਾ ਸਭ ਤੋਂ ਪੁਰਾਣਾ ਸਾਥੀ ਹੈ। ਜਿਸ ਨੂੰ ਆਧੁਨਿਕਤਾ ਦੇ ਦੌਰ ਵਿੱਚ ਵੀ ਭੁਲਾਇਆ ਨਹੀਂ ਜਾ ਸਕਦਾ। ਰੇਡੀਓ ਦੀ ਖੋਜ ਦੀ ਲੰਬੀ ਕਹਾਣੀ ਹੈ। ਜਿਸ ਨੂੰ ਇਟਲੀ ਦੇ ਪ੍ਰਸਿੱਧ ਵਿਗਿਆਨੀ ਗੁਗਲੇਲਮੋ ਮਾਰਕੋਨੀ ਨੇ ਦਸੰਬਰ 1895 ਵਿੱਚ ਖੋਜਿਆ ਸੀ।ਜਿਸ ਦੀ ਬਦੌਲਤ ਹੀ ਉਹਨਾਂ ਨੂੰ 1909 ਵਿੱਚ ਨੋਬਲ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਮਾਰਕੋਨੀ ਨੇ 1897 ਵਿੱਚ ਆਪਣੀ ਸਿਗਨਲ ਕੰਪਨੀ ਵਾਇਰਲੈਸ ਟੈਲੀਗ੍ਰਾਫ ਸ਼ੁਰੂ ਕੀਤੀ ਸੀ ਅਤੇ ਪਹਿਲੀ ਵਾਰ 12 ਮੀਲ ਤੱਕ ਰੇਡੀਓ ਸੰਦੇਸ਼ ਭੇਜਣ ਵਿੱਚ ਸਫਲਤਾ ਪ੍ਰਾਪਤ ਕੀਤੀ ਸੀ। 1899 ਈਸਵੀ ਵਿੱਚ ਇੰਗਲਿਸ਼ ਚੈਨਲ ਦੇ ਪਾਰ 31 ਮੀਲ ਤੱਕ ਉਹ ਆਪਣਾ ਰੇਡੀਓ ਸੰਦੇਸ਼ ਭੇਜਣ ਵਿੱਚ ਕਾਮਯਾਬ ਹੋਏ, ਇਸੇ ਤਰ੍ਹਾਂ ਹੀ 1901 ਵਿੱਚ ਮਾਰਕੋਨੀ ਪਹਿਲੀ ਵਾਰ ( ਐੱਸ) ਅੱਖਰ ਨੂੰ ਸੈਂਸਰ ਕੋਡ ਦੁਆਰਾ ਐਟਲਾਂਟਿਕ ਸਾਗਰ ਦੇ ਆਰ ਪਾਰ ਭੇਜਣ ਵਿੱਚ ਸਫਲ ਹੋਏ ਅਤੇ ਉਹਨਾਂ ਨੇ ਵਿਸ਼ਵ ਭਰ ਵਿੱਚ ਪ੍ਰਸਿੱਧੀ ਹਾਸ਼ਿਲ ਕੀਤੀ। ਇੰਗਲੈਂਡ ਵਿੱਚ ਪਹਿਲੀ ਵਾਰ ਮਾਰਕੋਨੀ ਦੇ ਬਣਾਏ ਜੰਤਰਾਂ ਨਾਲ ਹੀ 14 ਫਰਵਰੀ, 1922 ਨੂੰ ਰੇਡੀਓ ਪ੍ਰਸ਼ਾਰਣ ਸੇਵਾ ਆਰੰਭ ਕੀਤੀ ਗਈ ਸੀ।1930 ਈ. ਵਿੱਚ ਮਾਰਕੋਨੀ ਨੂੰ 'ਰੋਇਲ ਅਕੈਡਮੀ' ਆਫ ਇਟਲੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਟਲੀ ਦਾ ਹੀ ਇਹ ਪ੍ਰਸਿੱਧ ਵਿਗਿਆਨੀ ਲਗਭਗ 63 ਸਾਲ ਤੱਕ ਜਿੰਦਾ ਰਿਹਾ।20 ਜੁਲਾਈ, 1937 ਨੂੰ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਦੇ ਸਨਮਾਨ ਵਜੋਂ ਅਮਰੀਕਾ ,ਇੰਗਲੈਂਡ ਤੇ ਇਟਲੀ ਨੇ ਆਪਣੇ ਰੇਡੀਓ ਸਟੇਸ਼ਨ ਕੁਝ ਮਿੰਟਾਂ ਲਈ ਬੰਦ ਕਰ ਦਿੱਤੇ ਸਨ।



ਭਾਰਤ ਵਿੱਚ ਰੇਡੀਓ ਦਾ ਇਤਿਹਾਸ 95 ਸਾਲ ਪੁਰਾਣਾ ਹੈ 8 ਅਗਸਤ, 1921 ਨੂੰ ਸੰਗੀਤ ਦੇ ਵਿਸ਼ੇਸ਼ ਪ੍ਰੋਗਰਾਮ ਦੀ ਸ਼ੁਰੂਆਤ ਹੋਈ ਜੋ ਰੇਡੀਓ ਦੇ ਸਫਰ ਦੀ ਮੁੰਬਈ ਤੋਂ ਪੂਨੇ ਤੱਕ ਦੀ ਯਾਤਰਾ ਸੀ। ਇਸ ਤੋਂ ਬਾਅਦ ਸ਼ੌਕੀਆਂ ਰੇਡੀਓ ਕਲੱਬਾਂ ਦਾ ਦੌਰ ਸ਼ੁਰੂ ਹੋਇਆ। 13 ਨਵੰਬਰ, 1923 ਨੂੰ ਰੇਡੀਓ ਕਲੱਬ ਬੰਗਾਲ, 8 ਜੂਨ, 1923 ਨੂੰ ਮੁੰਬਈ ਪ੍ਰਾਈਵੇਟ ਸਰਵਿਸ ਕਲੱਬ ਅਤੇ 31 ਜੁਲਾਈ, 1924 ਨੂੰ ਮਦਰਾਸ ਪ੍ਰੈਜੀਡੈਂਸੀ ਰੇਡੀਓ ਕਲੱਬ ਹੋਂਦ ਵਿੱਚ ਆਏ। 23 ਜੁਲਾਈ, 1927 ਨੂੰ ਇੰਡੀਅਨ ਬਰਾਡ ਕਾਸਟਿੰਗ ਕੰਪਨੀ( ਆਈ. ਬੀ. ਸੀ.) ਦਾ ਨਿੱਜੀ ਪ੍ਰਸ਼ਾਰਣ ਸ਼ੁਰੂ ਕੀਤਾ ਗਿਆ,ਜਿਸ ਦਾ ਉਦਘਾਟਨ ਮੁੰਬਈ ਦੇ ਵਾਇਸਰਾਏ ਲਾਰਡ ਇਰਵਨ ਨੇ ਕੀਤਾ। ਇਹ ਮੀਡੀਅਮ- ਬੇਵ ਟਰਾਂਸਮੀਟਰ ਡੇਢ ਕਿਲੋਵਾਟ ਦਾ ਸੀ ਜੋ 48 ਕਿਲੋਮੀਟਰ ਦੀ ਦੂਰੀ ਤੱਕ ਸੁਣਾਈ ਦਿੰਦਾ ਸੀ। ਇਹੋ ਜਿਹੇ ਹੀ ਛੋਟੇ ਸਟੇਸ਼ਨ ਕੇਂਦਰ ਰਾਂਚੀ ਰੰਗੂਨ ਵਿੱਚ ਵੀ ਸਥਾਪਿਤ ਕੀਤੇ ਗਏ। ਇਸੇ ਤਰ੍ਹਾਂ ਹੀ 1930 ਵਿੱਚ ਇੰਡੀਅਨ ਸਟੇਟ ਬਰਾਡ ਕਾਸਟਿੰਗ ਕਾਰਪੋਰੇਸ਼ਨ ਸਰਵਿਸ ਸ਼ੁਰੂ ਕੀਤੀ ਗਈ ।1935 ਵਿੱਚ ਮਾਰਕੋਨੀ ਦੀ ਕੰਪਨੀ ਦੀ ਮਦਦ ਨਾਲ 250 ਕਿਲੋਵਾਟ ਦਾ ਟਰਾਂਸਮੀਟਰ ਪਿਸ਼ਾਵਰ ਵਿੱਚ ਲਗਾਇਆ ਗਿਆ, ਜਿਸ ਵਿੱਚ 14 ਪਿੰਡਾਂ ਨੂੰ ਗ੍ਰਾਮੀਣ ਪ੍ਰਸ਼ਾਰਣ ਲਈ ਚੁਣਿਆ ਗਿਆ। ਇਹ ਪ੍ਰਸ਼ਾਰਣ ਪ੍ਰਤੀ ਦਿਨ ਸ਼ਾਮ ਨੂੰ ਇਕ ਘੰਟਾ ਕੀਤਾ ਜਾਂਦਾ ਸੀ। ਇਸ ਤਰਜ਼ ਤੇ ਹੀ ਮੈਸੂਰ ਵਿੱਚ 250 ਕਿਲੋਵਾਟ ਦਾ ਕੇਂਦਰ ਸਥਾਪਤ ਕੀਤਾ ਗਿਆ, ਜਿਸ ਨੂੰ ਆਕਾਸ਼ਵਾਣੀ ਦਾ ਨਾਮ ਦਿੱਤਾ ਗਿਆ। 8 ਜੂਨ, 1936 ਨੂੰ ਇਸ ਕੇਂਦਰ ਨੂੰ ਹੀ ਇੰਡੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਸਰਵਿਸ ਅਰਥਾਤ" ਆਲ ਇੰਡੀਆ ਰੇਡੀਓ" ਦਾ ਨਾਮ ਦਿੱਤਾ ਗਿਆ। 1941 ਵਿੱਚ ਪਹਿਲੀ ਵਾਰ ਸੂਚਨਾ ਪ੍ਰਸ਼ਾਰਣ ਵਿਭਾਗ ਬਣਾਇਆ ਗਿਆ। 1947 ਤੱਕ ਭਾਰਤ ਵਿੱਚ ਕੇਵਲ 9 ਰੇਡੀਓ ਸਟੇਸ਼ਨ ਚੱਲ ਰਹੇ ਸਨ। ਜਿਨਾਂ ਵਿੱਚ ਢਾਕਾ ਲਾਹੌਰ ਅਤੇ ਪਿਸ਼ਾਵਰ ਵੀ ਸ਼ਾਮਲ ਸਨ। ਅੱਜ ਰੇਡੀਓ ਭਾਰਤ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ ਜਿੱਥੇ 23 ਤੋਂ ਵੱਧ ਭਾਸ਼ਾਵਾਂ ਅਤੇ 150 ਬੋਲੀਆਂ ਵਿੱਚ ਰੇਡੀਓ ਪ੍ਰਸ਼ਾਰਣ ਹੁੰਦਾ ਹੈ। ਅੱਜ ਬਹੁਤ ਸਾਰੇ ਰੇਡੀਓ ਸਟੇਸ਼ਨ ਡਿਜ਼ੀਟਲ ਬਰਾਡ ਕਾਸਟਿੰਗ ਪ੍ਰਣਾਲੀ ਦੁਆਰਾ ਚਲਾਏ ਜਾਂਦੇ ਹਨ,ਜਿਸ ਵਿੱਚ ਰੇਡੀਓ ਆਨ ਡਿਮਾਂਡ ਅਤੇ ਨਿਊਜ਼ ਇੰਨ ਫੋਨ ਵਿਵਸਥਾਂ ਦੁਆਰਾ ਲੋਕਾਂ ਦੀ ਪਸੰਦ ਦਾ ਵਿਕਲਪ ਦਿੱਤਾ ਜਾਂਦਾ ਹੈ। ਸਾਡੇ ਦੇਸ਼ ਵਿੱਚ ਰੇਡੀਓ ਦਾ ਪਹਿਲਾ ਬੁਲੇਟਿਨ ਸਮਾਚਾਰ 19 ਜਨਵਰੀ, 1936 ਨੂੰ ਮੁੰਬਈ ਤੋਂ ਪ੍ਰਸਾਰਿਤ ਕੀਤਾ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਰੇਡੀਓ ਦੀ ਵਿਕਾਸ ਯਾਤਰਾ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰ ਰਹੀ ਹੈ। ਅੱਜ ਐਫ .ਐਮ. ਪ੍ਰਸ਼ਾਰਣ ਦੇ ਅਨੇਕਾਂ ਚੈਨਲ 24 ਘੰਟੇ ਲੋਕਾਂ ਦਾ ਮਨੋਰੰਜਨ ਕਰ ਰਹੇ ਹਨ। ਜੋ ਦੂਰ- ਦੁਰਾਡੇ ਪਹਾੜੀ ਖੇਤਰਾਂ ਵਿੱਚ ਵੀ ਆਸਾਨੀ ਨਾਲ ਸੁਣੇ ਜਾ ਸਕਦੇ ਹਨ। ਅੱਜ ਆਕਾਸ਼ਵਾਣੀ ਦਾ ਸਮਾਚਾਰ ਨੈਟਵਰਕ ਵਿਸ਼ਵ ਪ੍ਰਸ਼ਾਰਣ ਦਾ ਹਿੱਸਾ ਬਣਿਆ ਹੋਇਆ ਹੈ। ਪ੍ਰਤੀ ਦਿਨ ਲਗਭਗ ਪੌਣੇ ਤਿੰਨ ਸੌ ਬੁਲੇਟਿਨ 36 ਘੰਟੇ ਤੋਂ ਅਧਿਕ ਸਮੇਂ ਲਈ ਪ੍ਰਸਾਰਿਤ ਕੀਤੇ ਜਾਂਦੇ ਹਨ। ਰੇਡੀਓ ਦੀ ਇਸ ਮਹਾਨ ਉਪਲਬਧੀ ਕਾਰਨ ਹੀ ਯੂ.ਐਨ.ਓ.ਦੇ ਵਿਭਾਗ "ਵਿਗਿਆਨਕ ਅਤੇ ਸੰਸਕ੍ਰਿਤ ਸੰਗਠਨ ਯੂਨੈਸਕੋ" ਵੱਲੋਂ ਮਿਤੀ 3 ਨਵੰਬਰ ,2011 ਤੋਂ ਹਰ ਸਾਲ 13 ਫਰਵਰੀ ਨੂੰ ਵਿਸ਼ਵ ਰੇਡੀਓ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ।




## ਸਮਾਰਟਫੋਨਾਂ 'ਚ ਹੁਣ ਕਿਉਂ ਨਹੀਂ ਦਿੱਤੀ ਜਾਂਦੀ ਰਿਮੂਵੇਬਲ ਬੈਟਰੀ



ਇਕ ਸਮਾਂ ਸੀ ਜਦੋਂ ਅਸੀਂ ਸਮਾਰਟਫੋਨ ਨੂੰ ਖੋਲ੍ਹ ਕੇ ਉਸ ਵਿਚੋਂ ਬੈਟਰੀ ਬਦਲ ਸਕਦੇ ਸੀ। ਸਿਰਫ਼ ਇਹ ਹੀ ਨਹੀਂ ਮੋਬਾਇਲ ਦੇ ਪੁਰਾਣਾ ਹੋਣ 'ਤੇ ਨਵੀਂ ਬੈਟਰੀ ਉਸ ਵਿਚ ਦੁਬਾਰਾ ਜਾਨ ਪਾ ਦਿੰਦੀ ਸੀ। ਹੁਣ ਜਿੰਨੇ ਵੀ ਸਮਾਰਟਫੋਨ ਆ ਰਹੇ ਹਨ ਉਨ੍ਹਾਂ 'ਚ ਬੈਟਰੀ ਅੰਦਰ ਹੀ ਫਿਕਸ ਰਹਿੰਦੀ ਹੈ ਜਿਸਨੂੰ ਤੁਸੀਂ ਬਾਹਰ ਨਹੀਂ ਕੱਢ ਸਕਦੇ। ਅੱਜ ਅਸੀਂ ਤੁਹਾਨੂੰ ਦੱਸਣ ਵਾਲੇ ਹਾਂ ਕਿ ਮੋਬਾਇਲ ਫੋਨ 'ਚ ਹੁਣ ਰਿਮੂਵੇਬਲ ਬੈਟਰੀ ਕਿਉਂ ਨਹੀਂ ਦਿੱਤੀ ਜਾਂਦੀ।

- ਸਮਾਰਟਫੋਨ ਨੂੰ ਪਤਲਾ ਬਣਾਉਣ ਲਈ ਸਾਰੀਆਂ ਮੋਬਾਇਲ ਕੰਪਨੀਆਂ ਇਸ ਵਿਚ ਨਾਨ-ਰਿਮੂਵੇਬਲ ਬੈਟਰੀ ਦਿੰਦੀਆਂ ਹਨ। ਅਜਿਹਾ ਕਰਨ ਨਾਲ ਮੋਬਾਇਲ ਪਹਿਲਾਂ ਨਾਲੋਂ ਕਾਫੀ ਪਤਲੇ ਹੋ ਗਏ ਹਨ ਜਿਨ੍ਹਾਂ ਨੂੰ ਤੁਸੀਂ ਆਸਾਨੀ ਨਾਲ ਜੇਬ 'ਚ ਰੱਖ ਸਕਦੇ ਹੋ।
- ਰਿਮੂਵੇਬਲ ਬੈਟਰੀ ਹੋਣ ਕਾਰਨ ਫੋਨ ਨੂੰ ਵਾਟਰਪਰੂਫ ਨਹੀਂ ਬਣਾਇਆ ਜਾ ਸਕਦਾ। ਇਸ ਲਈ ਫੋਨ ਨੂੰ ਵਾਟਰਪਰੂਫ ਬਣਾਉਣ ਲਈ ਇਸ ਵਿਚ ਨਾਨ-ਰਿਮੂਵੇਬਲ ਬੈਟਰੀ ਦਿੱਤੀ ਜਾਂਦੀ ਹੈ।
- ਗਾਹਕ ਜੇਕਰ ਖੁਦ ਫੋਨ 'ਚੋਂ ਬੈਟਰੀ ਕੱਢਦੇ ਹਨ ਤਾਂ ਸ਼ਾਰਟ ਸਰਕਿਟ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਬੈਟਰੀ ਨਾ ਕੱਢਣ ਨਾਲ ਉਸਦੇ ਕੁਨੈਕਸ਼ਨ ਮਜ਼ਬੂਤ ਰਹਿੰਦੇ ਹਨ ਅਤੇ ਫੋਨ ਜਲਦੀ ਖਰਾਬ ਨਹੀਂ ਹੁੰਦਾ।

## ਮਿੰਟਾਂ 'ਚ ਬਣਾਓ ਮੂੰਗੀ ਦੀ ਦਾਲ

## ਲੇਗਾ ਗੂਗਲ ਲੈੱਨਜ਼ ਦਾ ਸਪੋਰਟ

ਹੁਣ ਤਕ ਤੁਸੀਂ ਗੂਗਲ ਲੈੱਨਜ਼ ਦੀ ਵਰਤੋਂ ਐਂਡਰਾਇਡ ਅਤੇ ਆਈ.ਓ.ਐੱਸ. ਫੋਨ 'ਚ ਹੀ ਕਰ ਪਾ ਰਹੇ ਹੋ ਪਰ ਜਲਦ ਹੀ ਇਸਦਾ ਸਪੋਰਟ ਡੈਸਕਟਾਪ 'ਤੇ ਵੀ ਆਉਣ ਵਾਲਾ ਹੈ। ਗੂਗਲ ਲੈੱਨਜ਼ ਦਾ ਆਈਕਨ ਹਾਲ ਹੀ 'ਚ ਗੋਗਲਏ.ਚੋਮ 'ਤੇ ਵੇਖਿਆ ਗਿਆ ਹੈ। ਰਿਪੋਰਟ ਮੁਤਾਬਕ, ਇਕ ਯੂਜ਼ਰਸ ਨੇ ਗੂਗਲ ਕ੍ਰੋਮ ਦੇ ਇਨਕੋਗਨਿਟੋ ਮੋਡ 'ਚ ਗੂਗਲ ਲੈੱਨਜ਼ ਦਾ ਆਈਕਨ ਵੇਖਿਆ ਹੈ।

ਡੈਸਕਟਾਪ 'ਤੇ ਗੂਗਲ ਲੈੱਨਜ਼ ਦਾ ਸਪੋਰਟ ਮਿਲਣ ਤੋਂ ਬਾਅਦ ਤੁਸੀਂ ਡੈਸਕਟਾਪ ਰਾਹੀਂ ਹੀ ਕਿਸੇ ਫੋਟੋ ਤੋਂ ਟੈਕਸਟ ਨੂੰ ਕਾਪੀ ਕਰ ਸਕੋਗੇ ਅਤੇ ਕਿਸੇ ਤਸਵੀਰ ਨੂੰ ਸਰਚ ਕਰ ਸਕੋਗੇ। ਫਿਲਹਾਲ ਗੂਗਲ ਕ੍ਰੋਮ ਡੈਸਕਟਾਪ 'ਤੇ ਕਿਸੇ ਫੋਟੋ 'ਤੇ ਰਾਈਟ ਕਲਿੱਕ ਕਰਨ 'ਤੇ Searchi mage iwth Google Lens ਦਾ ਆਪਸ਼ਨ ਮਿਲਦਾ ਹੈ।

9to5Google ਦੀ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਡੈਸਕਟਾਪ ਲਈ ਵੀ ਗੂਗਲ, ਲੈੱਨਜ਼ ਦੀ ਟੈਸਟਿੰਗ ਕਰ ਰਿਹਾ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਇਸਦਾ ਸਪੋਰਟ Chrome 92 ਅਪਡੇਟ ਦੇ ਨਾਲ ਮਿਲੇਗਾ। ਦੱਸ ਦੇਈਏ ਕਿ ਐਂਡਰਾਇਡ ਯੂਜ਼ਰਸ ਲਈ ਪਹਿਲਾਂ ਤੋਂ ਹੀ ਗੂਗਲ ਸਰਚ 'ਚ ਗੂਗਲ ਲੈੱਨਜ਼ ਦਾ ਸਪੋਰਟ ਮਿਲ ਰਿਹਾ ਹੈ। ਗੂਗਲ ਲੈੱਨਜ਼ ਦਾ ਸਪੋਰਟ ਗੂਗਲ ਫੋਟੋਜ਼ 'ਚ ਵੀ ਹੈ।

## ਵਟਸਐਪ ਆਈ-ਪੈਡ ਯੂਜ਼ਰਸ ਲਈ ਲਾਂਚ ਕਰੇਗਾ ਨਵੀਂ ਐਪ

ਵਟਸਐਪ ਜਲਦ ਹੀ ਇਕ ਨਵੀਂ ਐਪ ਨੂੰ ਲਾਂਚ ਕਰਨ ਜਾ ਰਿਹਾ ਹੈ ਜਿਸਨੂੰ ਖ਼ਾਸਤੌਰ 'ਤੇ ਆਈਪੈਡ ਯੂਜ਼ਰਸ ਲਈ ਲਿਆਇਆ ਜਾਵੇਗਾ। ਹਾਲਾਂਕਿ, ਇਸ ਦੀ ਲਾਂਚਿੰਗ ਤਾਰੀਖ਼ ਬਾਰੇ ਅਜੇ ਤਕ ਕੋਈ ਅਧਿਕਾਰਤ ਜਾਣਕਾਰੀ ਨਹੀਂ ਮਿਲੀ। 'ਦਿ ਵਰਜ' ਦੀ ਰਿਪੋਰਟ ਮੁਤਾਬਕ ਆਈਪੈਡ ਲਈ ਅਲੱਗ ਵਟਸਐਪ ਐਪਦੀ ਮੰਗ ਲੰਬੇ ਸਮੇਂ ਤੋਂ ਹੋ ਰਹੀ ਸੀ।

ਇਸ ਇਲਾਵਾ ਕੁਝ ਦਿਨ ਪਹਿਲਾਂ ਖ਼ਬਰ ਆਈ ਸੀ ਕਿ ਵਟਸਐਪ ਦੋ ਨਵੇਂ ਫੀਚਰਜ਼ 'ਤੇ ਕੰਮ ਕਰ ਰਿਹਾ ਹੈ ਜਿਨ੍ਹਾਂ 'ਚੋਂ ਇਕ ਸਕਿਓਰਿਟੀ ਫੀਚਰ ਹੈ ਅਤੇ ਦੂਜਾ ਵੌਇਸ ਕਾਲ ਨਾਲ ਜੁੜਿਆ ਫੀਚਰ ਹੈ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਵਟਸਐਪ 'ਚ ਹੁਣ ਟੂ-ਸੈੱਟਪ ਵੈਰੀਫਿਕੇਸ਼ਨ ਫੀਚਰ ਵੀ ਆਉਣ ਵਾਲਾ ਹੈ।

## ਫੇਸਬੁੱਕ ਮੈਸੰਜਰ 'ਚ ਆਇਆ ਸ਼ਾਨਦਾਰ ਦਾ ਫੀਚਰ, ਕਰ ਸਕੋਗੇ ਗੁਪਤ ਚੈਟਿੰਗ

ਮੇਟਾ ਕੰਪਨੀ ਨੇ ਆਪਣੇ ਫੇਸਬੁੱਕ ਮੈਸੰਜਰ 'ਚ ਕਈ ਨਵੇਂ ਫੀਚਰ ਸ਼ਾਮਿਲ ਕਰ ਦਿੱਤੇ ਹਨ। ਮੇਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਖੁਦ ਫੇਸਬੁੱਕ ਪੋਸਟ ਰਾਹੀਂ ਇਸਦੀ ਜਾਣਕਾਰੀ ਦਿੱਤੀ ਹੈ। ਹੁਣ ਫੇਸਬੁੱਕ ਮੈਸੰਜਰ 'ਚ ਇਕ ਅਜਿਹੀ ਫੀਚਰ ਸ਼ਾਮਿਲ ਹੋਇਆ ਹੈ ਜਿਸਦਾ ਇੰਤਜ਼ਾਰ ਯੂਜ਼ਰਸ ਨੂੰ ਲੰਬੇ ਸਮੇਂ ਤੋਂ ਸੀ। ਹੁਣ ਜੇਕਰ ਕੋਈ ਤੁਹਾਡੀ ਚੈਟ ਦਾ ਸਕਰੀਨਸ਼ਾਟ ਲਵੇਗਾ ਤਾਂ ਤੁਹਾਨੂੰ ਇਸਦਾ ਅਲਰਟ ਮਿਲੇਗਾ। ਇਸਤੋਂ ਇਲਾਵਾ ਇਸ ਵਿਚ ਹੁਣ ਐਂਡ-ਟੂ-ਐਂਡ ਐਨਕ੍ਰਿਪਸ਼ਨ ਤਕਨੀਕ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਚੈਟਿੰਗ ਤੋਂ ਇਲਾਵਾ ਫੇਸਬੁੱਕ ਕਾਲਸ ਵੀ ਹੁਣ ਐਂਡ-ਟੂ-ਐਂਡ ਐਨਕ੍ਰਿਪਟਿਡ ਹੋਣਗੀਆਂ। ਇਨ੍ਹਾਂ ਤੋਂ ਇਲਾਵਾ ਫੇਸਬੁੱਕ ਮੈਸੰਜਰ ਦੀ ਨਵੀਂ ਅਪਡੇਟ 'ਚ ਸਵਾਈਪ ਟੂ ਰਿਪਲਾਈ ਦਾ ਫੀਚਰ ਵੀ ਮਿਲਿਆ ਹੈ। ਮੇਟਾ ਨੇ ਕਿਹਾ ਹੈ ਕਿ ਮੈਸੰਜਰ ਦੀ ਸੀਕ੍ਰੇਟ ਚੈਨ ਹੁਣ ਪਹਿਲਾਂ ਦੇ ਮੁਕਾਬਲੇ ਹੋਰ ਵੀ ਬਿਹਤਰ ਅਤੇ ਸਕਿਓਰ ਹੋ ਗਈ ਹੈ।

# ਕਾਵਿ ਕਿਆਰੀ

## ਦਰਦ ਪੰਜਾਬ ਦਾ

ਹੁੰਦਾ ਮੁਰਝਾਇਆ ਜਿਵੇਂ ਫੁੱਲ ਕੋਈ ਗੁਲਾਬ ਦਾ।
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਬਾਗ ਦਿਆਂ ਮਾਲੀਆਂ ਨੇ ਬਾਗ ਨੂੰ ਉਜਾੜਿਆ
ਕਲੀਆਂ ਮਾਸੂਮਾਂ ਤਾਈਂ ਪੈਰਾਂ 'ਚ ਲਤਾੜਿਆ
ਫੁੱਲ ਮੁਰਝਾ ਗਿਆ ਏ ਸੱਜਰੇ ਗੁਲਾਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਦੁੱਧ ਦਹੀਂ ਵਾਲੇ ਇੱਥੇ ਵਗਦੇ ਪਏ ਖਾਲ ਸੀ
ਜੀਵਨ ਸੁਖੀ ਸੀ ਲੋਕ ਬੜੇ ਖੁਸ਼ਹਾਲ ਸੀ
ਲਹੂ ਨਾਲ ਲਾਲ ਹੋਇਆ ਰੰਗ ਇਹਦੇ ਆਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਹਿੰਦੂ ਮੁਸਲਮਾਨ ਇੱਥੇ ਸਿੱਖ ਤੇ ਇਸਾਈ ਸੀ
ਧਰਮਾਂ ਦਾ ਸਾਂਝਾ, ਨਾ ਕੋਈ ਦਿਲ 'ਚ ਬੁਰਾਈ ਸੀ
ਪੈ ਗਿਆ ਪੁਆੜਾ ਇੱਥੇ ਧਰਮਾਂ ਦੀ ਆੜ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਲੱਗਦਾ ਏ ਨਜ਼ਰ ਕਿਸੇ ਚੰਦਰੇ ਦੀ ਲੱਗ ਗਈ
ਜ਼ੁਲਮਾਂ ਦੀ ਅੱਗ ਬੜੇ ਜ਼ੋਰ ਨਾਲ ਮਘ ਗਈ
ਬੁਝਦੀ ਨਾ ਅੱਗ ਲਾਇਆ ਜ਼ੋਰ ਬੇਹਿਸਾਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਆਉ ਸਾਰੇ ਰਲਮਿਲ ਖ਼ੈਰ ਇਹਦੀ ਮੰਗੀਏ
ਸੱਚੇ ਰੱਬ ਕੋਲੋਂ ਆਪਾਂ ਮੰਗਦੇ ਨਾ ਸੰਗੀਏ
ਮੁੜ ਆਵੇ ਨੂਰ 'ਮਾਹੀ' ਚਿਹਰਿਆਂ ਦੀ ਆਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।

**ਲੇਖਕ : ਚਰਨ ਸਿੰਘ ਮਾਹੀ, ਸੰਪਰਕ: 99143-64728**

## ਥਾਣੇਦਾਰੀ ਬੜ੍ਹਕ

ਡੂਢ ਲੱਖ ਚੁਣਿਆਂ ਵੋਟਰਾਂ ਦਾ,
ਪਾਡਪੁਣੇ 'ਚ ਕਰ ਘੁਮੰਡ ਗਿਆ।
ਭਬਕ ਸੁਣ ਕੇ ਗਿਆ ਹੋ ਮਿੱਟੀ,
ਥਾਣੇਦਾਰ ਕਿਉਂ ਮੂਹਰੇ ਖੰਘ ਗਿਆ।

ਬੰਨ੍ਹ ਬਿਸਤਰਾ ਕਰ ਬੰਦ ਅਟੈਚੀ,
ਰੋਭਪੁਣੇ ਦਾ ਮਾਰ ਡੰਗ ਗਿਆ।
ਸ਼ਰੇਆਮ ਫਿਰ ਹੱਤਕ ਸੁਣ ਹੋਈ।
ਰੰਗੋਂ ਉਘੜ ਹੋ ਬਦਰੰਗ ਗਿਆ।

ਮੱਖੀ ਉੱਡੀ ਨਾ ਉਦੋਂ ਮੂੰਹ ਉੱਤੋਂ,
ਥਾਣੇਦਾਰ ਜਦ ਝਾੜ ਖੰਭ ਗਿਆ।
ਭੌਣ ਪੰਜੀ ਦਾ ਵਿਖਾ ਕੇ ਦਿਨੇ ਤਾਰੇ,
ਚੌਧਰ ਬੱਦਲੀਂ 'ਭਗਤਾ' ਟੰਗ ਗਿਆ।

ਲੱਗੇ ਪੈਰ ਨਾ ਠਾਣੇਦਾਰ ਮੂਹਰੇ,
ਜੁਰਅਤ ਵਾਲਾ ਵਿਖਾ ਜੋ ਰੰਗ ਗਿਆ।
ਫੁਕਰਪੁਣੇ 'ਚ ਨੇਤਾ ਮਾਰ ਭਕਾਈ,
ਬਿਨ ਵਜ੍ਹਾ ਖਿਲਾਰ ਗੰਦ ਗਿਆ।

**ਲੇਖਕ : ਗੁਰਸੇਵਕ ਲੰਬੀ, ਪੰਜਾਬੀ ਯੂਨੀਵਰਸਿਟੀ ਪਟਿਆਲਾ**

## ਹਰ ਹਰਫ਼ 'ਚ ਮਹਿਰਮ ਦਾ ਦੁੱਖ ਲਿਖਿਆ

ਹਰ ਹੰਝੂ ਪਿੱਛੇ ਉਹਦੇ ਕਈ ਖ਼ਿਆਲ ਚੁੱਪ ਨੇ,
ਇਹਨਾਂ ਭੁੱਲੇ ਭੱਖੜਾਂ ਨੂੰ ਦੱਸੋ ਮਾਣ ਕਾਹਦਾ ਹੋਣਾ

ਮੇਰਾ ਸੁਫਨਾ ਜਲਾਇਆ ਉਸ ਤਿੱਖੀ ਧੁੱਪ ਨੇ,
ਨੰਗੇ ਪੈਰੀਂ ਤੁਰੀਂ ਜਾਂਵਾਂ ਤੱਤੀ ਸੜਕ ਉੱਤੇ ਮੈਂ

ਨਾਂ ਕਿਨਾਰਿਆਂ ਤੇ ਲੱਗੇ ਛਾਵਾਂ ਵਾਲੇ ਰੁੱਖ ਨੇ,
ਮੇਰੇ ਖ਼ਤਾਂ ਦਾ ਜਵਾਬ ਆਵੇ ਉਹਦੀਆਂ ਸਿਸਕੀਆਂ ਦੇ ਵਿੱਚ

ਕਾਹਦਾ ਭੀਖ ਮੰਗਣ ਲਾਇਆ ਪਿਆਰ ਵਾਲੀ ਭੁੱਖ ਨੇ,
ਮਹਿਰੂਮ ਇੱਕ ਦੂਜੇ ਤੋਂ ਆਂ, ਇੱਕੋ ਸੰਸਾਰ ਸਾਡਾ ਏ

ਦੀਵਾ ਜਗਦਾ ਬੁਝਾਇਆ ਉਸ ਹਨੇਰ ਘੁੱਪ ਨੇ,
ਬੇਖ਼ਬਰ ਹਾਂ, ਸੱਟਾਂ ਮੇਰੇ ਮਨ ਤੇ ਬਹੁਤ

ਹਰ ਦਰਦ ਮਿਟਾਇਆ ਮਾਹੀ ਵਾਲੇ ਮੁੱਖ ਨੇ,
ਹਰ ਚੀਸ ਮੇਰੇ ਦਿਲ ਦਾ ਖ਼ਿਆਲ ਪੜ੍ਹਗੀ,

ਹਰ ਅੱਖਰ 'ਚ ਸਾਡਾ ਹੀ ਮਿਲਾਪ ਹੋਊਗਾ,
ਮੈਂ ਹੱਸੂਗੀ, ਮੈਂ ਰੋਊਗੀ, ਮੈਂ ਨੱਚੂ ਉਹਦੇ ਲਈ,

ਜੱਸ ਬੁੱਲ੍ਹਾਂ ਉੱਤੇ ਉਹਦਾ ਹੀ ਅਲਾਪ ਹੋਊਗਾ।

**ਲੇਖਕ : ਜਸਪ੍ਰੀਤ ਕੌਰ**

## ਤੇਰੇ ਬਿਨਾ

ਕਾਹਦੀ ਰਹਿ ਗਈ ਬਸੰਤ ਬਹਾਰ ਤੇਰੇ ਬਿਨਾ।
ਜਿੱਤ ਕੇ ਵੀ ਗਏ ਹਾਰ ਤੇਰੇ ਬਿਨਾ।

ਕਦੇ ਹਿੰਮਤ ਦਾ ਪਹਾੜ ਜਿਹਨੂੰ ਕਹਿੰਦੇ ਸੀ,
ਹੋਇਆ ਬੇਵਸੀ ਦਾ ਸ਼ਿਕਾਰ ਤੇਰੇ ਬਿਨਾ।

ਕੱਟੇ ਹੋਏ ਪਤੰਗ ਵਾਂਗ ਲਾਪਤਾ ਮੰਜ਼ਿਲ ਮੇਰੀ ,
ਕੋਈ ਨਹੀਂ ਸੁਣਦਾ ਚੀਕ ਪੁਕਾਰ ਤੇਰੇ ਬਿਨਾ।

ਤੇਰਾ ਹੱਥ ਫੜ ਵੇਖੇ ਸੀ ਸੁਫ਼ਨੇ ਅਮੁੱਲੇ ਕਦੇ,
ਹੁਣ ਬਿਕ ਗਿਆਂ ਸਰੇ ਬਾਜ਼ਾਰ ਤੇਰੇ ਬਿਨਾ।

ਹੋਇਆ ਕਰਦਾ ਸੀ ਤੇਰੇ ਖ਼ਾਬਾਂ ਦਾ ਸਿਕੰਦਰ,
ਪੀੜਾਂ ਨੇ ਲਾ ਲਏ ਡੇਰੇ ਬੇਸ਼ੁਮਾਰ ਤੇਰੇ ਬਿਨਾ।

ਸਾਗਰਾਂ ਤੋਂ ਵੀ ਗਹਿਰੇ ਸੀ ਜਜ਼ਬੇ ਮੇਰੇ,
ਹੁਣ ਦੁੱਖ ਨਾ ਹੋਣ ਸਹਾਰ ਤੇਰੇ ਬਿਨਾ ।

ਬਰੰਗ ਖ਼ਤ ਦੀ ਤਰ੍ਹਾਂ ਭਟਕਦੇ ਫਿਰਦੇ ਹਾਂ,
"ਮਜਬੂਰ" ਇਸ਼ਕ ਬਣਿਆ ਹਥਿਆਰ ਤੇਰੇ ਬਿਨਾ।

**ਲੇਖਕ : ਜਸਵੰਤ ਸਿੰਘ ਮਜ਼ਬੂਰ, ਕਪੂਰਥਲਾ**
**ਸੰਪਰਕ : +91 98722 28500**

## ਹੌਂਸਲਾ

ਛੱਡ, ਇੱਥੇ ਕੀ ਕਰਨਾ ਏ
ਕਿਸੇ ਲਈ ਕਾਹਤੋਂ ਮਰਨਾ ਏ
ਜੋ ਆਪਣੇ ਲਈ ਨਾ ਖੜ ਸਕਦੇ
ਉਹ ਬੰਦਿਆ ਲਈ ਕੀ ਲੜਨਾ ਏ

ਡਰ ਕਿਸੇ ਨੂੰ ਬਚਾ ਨਾ ਸਕਿਆ
ਝੂਠਾ, ਸੱਚ ਛੁਪਾ ਨਾ ਸਕਿਆ
ਡਰ ਬੰਦੇ ਦਾ ਪੱਕਾ ਵੈਰੀ
ਹੌਂਸਲੇ ਦੇ ਰਾਹ ਪਾ ਨਾ ਸਕਿਆ

ਹਵਾ ਦੇ ਇਹ ਤਾਂ ਨਾਲ ਹੀ ਚੱਲਦਾ
ਸੱਚ ਦੇ ਰਾਹ ਤੋਂ ਰਹੇ ਬਸ ਟਲਦਾ
ਜੰਗ ਜੀਵਨ ਦੀ ਪਿੱਛੇ ਛੱਡ ਕੇ
ਜੋ ਜਿੱਤੇ, ਬਸ ਉਹਦੇ ਵੱਲ ਦਾ

ਸੱਚ ਤਾਂ ਇਹ ਵੀ, ਡਰ ਸਿਖਾਉਂਦਾ
ਹੱਥੋੜੇ ਖਾ ਖਾ ਮਨ ਪਕਾਉਂਦਾ
ਬੁਜ਼ਦਿਲਾਂ ਦੇ ਦਰਵਾਜੇ ਬੰਦ ਨੇ 'ਸੋਹਣ'
ਗਵਾਚੇ ਹੱਕ ਹੌਂਸਲਾ ਦਵਾਉਂਦਾ ।

**ਸੋਹਣ ਸਿੰਘ ਬਰਨਾਲਾ**
**ਮੋਬਾਇਲ : 9855450557**

## ਅਖ਼ੀਰੀ ਤੱਕਣੀ

ਓਸ ਅਖ਼ੀਰੀ ਤੱਕਣੀ ਦੇ ਵਿਚ, ਕਿੰਨਾਂ ਦਰਦ ਸੀ ਹਾਏ ।
ਉਹਦੇ ਵਿਛੜਣ ਵਾਲਾ ਵੇਲਾ, ਕਿੰਜ ਭੁਲਾਇਆ ਜਾਏ ।

ਕਾਲਖ਼ ਲਿੱਪੇ ਅੰਬਰੋਂ ਲੀਕੇ, ਨੈਣਾਂ ਤੀਕ ਹਨ੍ਹੇਰ,
ਤੇਰੇ ਬਾਝੋਂ ਕਿਹੜਾ ਮੇਰੀਆਂ, ਅੱਖੀਆਂ ਨੂੰ ਰੁਸ਼ਨਾਏ ।

ਨਾ ਦੇਹ ਭੇਤੀਆ ਐਨੇ ਲਾਰੇ, ਲੰਮੀਆਂ ਉਮਰਾਂ ਵਾਲੇ,
ਮਰ ਕੇ ਇਕ ਹੰਢਾਈ ਏ ਹੁਣ, ਦੂਜੀ ਕੌਣ ਹੰਢਾਏ ।

ਤੂੰ ਵੀ ਆਪਣੇ ਵਾਲਾਂ ਅੰਦਰ, ਫੁਲ ਟੰਗਣੇ ਭੁੱਲ ਗਈ ਏਂ,
ਮੈਂ ਵੀ ਰੰਗ ਬਰੰਗੇ ਬਾਣੇਂ, ਫੇਰ ਕਦੀ ਨਈਂ ਪਾਏ ।

ਇੰਜ ਅਧਵਾਟਿਉਂ ਟੁੱਟੀ ਯਾਰੀ, ਜਿਉਂ ਕਰ ਗੁੱਡੀ ਡੋਰੋਂ,
ਹੁਣ ਤੇ ਆਪਣੇ ਘਰ ਬੂਹੇ ਵਲ, ਵੀ ਨਾ ਪਰਤਿਆ ਜਾਏ ।

ਇਸ ਬੇ ਸੁਰਤੀ ਜੂਹ ਦੇ ਅੰਦਰ, ਹੋਇਆ ਵਾਸਾ ਮੇਰਾ,
ਰੁੱਖਾਂ ਨਾਲੋਂ ਲੰਮੇ ਜਿੱਥੇ, ਰੁੱਖਾਂ ਦੇ ਨੇ ਸਾਏ ।

ਸ਼ਿਅਰ ਦੀ ਦੇਹੀ ਉੱਤੇ ਮਲਿਆ, ਰੂਪ 'ਖ਼ਿਆਲ' ਦਾ ਵਟਨਾ,
ਕਿਉਂ ਨਾ ਗ਼ਜ਼ਲਾਂ ਵਿੱਚੋਂ ਅੜੀਏ, ਖ਼ੁਸ਼ਬੂ ਤੇਰੀ ਆਏ ।

**ਲੇਖਕ : ਅਮੀਨ ਖ਼ਿਆਲ**



## ਨਸ਼ਿਆਂ ਤੋਂ ਬਚ ਕੇ ਰਹੀਏ

ਨਸ਼ੇ ਨਸ਼ੇ ਦੀ ਗੱਲ ਹੈ ।
ਨਸ਼ਾ ਅੱਜ ਤੇ ਨਾਸ਼ ਕੱਲ੍ਹ ਹੈ ।
ਕੁਝ ਨਸ਼ੇ ਦੇ ਵੱਡੇ ਵਪਾਰੀ ।
ਜੋ ਸਾਰੇ ਜੱਗ ਤੇ ਭਾਰੀ ।

ਜਦ ਵੀ ਗੱਲ ਨਸ਼ੇ ਦੀ ਕਰੀਏ ।
ਸੱਭ ਤੋਂ ਪਹਿਲਾਂ ਉਨ੍ਹਾਂ ਤੋਂ ਡਰੀਏ ।
ਜੋ ਇਹ ਨਸ਼ਾ ਬੇਚਦੇ ਨੇ ।
ਉਹ ਹੀ ਗੱਦਾਰ ਦੇਸ਼ ਦੇ ਨੇ ।

ਫਿਰ ਡਰੀਏ ਉਨ੍ਹਾਂ ਲੋਕਾਂ ਤੋਂ ।
ਬੱਚ ਕੇ ਰਹੀਏ ਜੋਕਾਂ ਤੋਂ ।
ਜੋ ਖਰੀਦ ਨਸ਼ੇ ਕਰਦੇ ਨੇ ।
ਨਿੱਤ ਤਿਲ ਤਿਲ ਕਰਕੇ ਮਰਦੇ ਨੇ ।

ਉਹ ਵੀ ਗੱਦਾਰ ਕਹਾਉਂਦੇ ਆ ।
ਜੋ ਕਲੰਕ ਦੇਸ਼ ਨੂੰ ਲਾਉਂਦੇ ਆ ।
ਹੱਥੀਂ ਕੰਮ ਨਾ ਕੋਈ ਕਮਾਉਂਦੇ ।
ਕਤਲ ਚੋਰੀਆਂ ਡਾਕੇ ਲਾਉਂਦੇ ।

ਲੋਕਾਂ ਤੋਂ ਪੈਸੇ ਲੁੱਟ ਲੁੱਟ ਖਾਵਣ ।
ਅਮਨ ਚੈਨ ਮਾਰ ਮੁਕਾਵਣ ।
ਫਿਰ ਡਰੀਏ ਯਾਰਾਂ ਦੋਸਤਾਂ ਤੋਂ ।
ਭੰਗੀ ਅਫ਼ੀਮੀ ਪੋਸਟਾਂ ਤੋਂ ।

ਜੋ ਨਸ਼ੇ ਕਰਨੇ ਸਿਖਾਉਂਦੇ ਆ ।
ਪਾ ਜਾਲ ਬੰਦੇ ਫਸਾਉਂਦੇ ਆ ।
ਇਹ ਬੀਜਣ ਬੀਜ ਨਸ਼ਿਆਂ ਦੇ ।
ਹੁੰਦੇ ਦੁਸ਼ਮਣ ਘਰ ਵਸਿਆਂ ਦੇ ।

ਫਿਰ ਭੋਰਾ ਇਸ ਮਨ ਤੋਂ ਡਰੀਏ ।
ਇਸ ਨੂੰ ਆਪਣੇ ਵੱਸ ਵਿੱਚ ਕਰੀਏ ।
ਮੰਦਾ ਵਾਕ ਮੂੰਹੋਂ ਨਾ ਕਹੀਏ ।
ਨਸ਼ਿਆਂ ਤੋਂ ਸਦਾ ਬੱਚ ਕੇ ਰਹੀਏ ।

**ਲੇਖਕ : ਸੁਰਜੀਤ ਸਿੰਘ**

## ਪਰਛਾਵੇਂ

ਪਾਣੀ 'ਤੇ ਪਰਛਾਵੇਂ ਤਰਦੇ ਰਹਿੰਦੇ ਨੇ।
ਅਖ ਦੇ ਮੰਜ਼ਰ ਜੀਂਦੇ ਮਰਦੇ ਰਹਿੰਦੇ ਨੇ।

ਲੱਖਾਂ ਚਿਹਰੇ ਸ਼ਕਲਾਂ ਦੇ ਸ਼ੀਸ਼ੇ ਅੰਦਰ,
ਬੇਸ਼ਕਲੀ ਦਾ ਮਾਤਮ ਕਰਦੇ ਰਹਿੰਦੇ ਨੇ।

ਹੁਣ ਤੇ ਸੂਰਜ ਵੀ ਬੇਅਸਰ ਨੇ ਹੋ ਚੱਲੇ,
ਸਿਖ਼ਰ ਦੁਪਹਿਰੇ ਜੁੱਸੇ ਠਰਦੇ ਰਹਿੰਦੇ ਨੇ।

ਕਿਸ ਨੇ 'ਵਾ ਦੇ ਹੱਥੀਂ ਤੇਗ਼ ਫੜਾਈ ਏ,
ਪੰਛੀ ਪਿੰਜਰੇ ਵਿਚ ਵੀ ਡਰਦੇ ਰਹਿੰਦੇ ਨੇ।

ਕਿਹੜੇ ਖ਼ੌਫ਼ ਦੇ ਕਾਲੇ ਪਰਛਾਵੇਂ ਹੇਠਾਂ,
ਚੰਨ ਸਿਤਾਰੇ ਗੱਲਾਂ ਕਰਦੇ ਰਹਿੰਦੇ ਨੇ।

**ਲੇਖਕ : ਅਕਰਮ ਸ਼ੇਖ਼**

## ਜ਼ੁਲਮ ਤੇ ਜ਼ੁਲਮ

ਜ਼ੁਲਮ ਤੇ ਜ਼ੁਲਮ ਈ ਹੋਈ ਜਾਂਦੈ ।
ਹਰ ਬੰਦਾ ਈ ਰੋਈ ਜਾਂਦੈ ।
ਵੇਖ ਲਵੋ ਜੀ ਮਾੜੇ ਕੋਲੋਂ,
ਤਕੜਾ ਖ਼ੁਸ਼ੀਆਂ ਖੋਈ ਜਾਂਦੈ ।

ਬਾਗ਼ਾਂ ਵਿਚ ਉਦਾਸੀ ਛਾਈ,
ਮਾਲੀ ਫੁੱਲ ਮਧੋਈ ਜਾਂਦੈ ।
ਥਾਂ-ਥਾਂ ਡਾਕੇ ਵੱਜਦੇ ਪਏ ਨੇ,
ਸਾਡਾ ਹਾਕਮ ਸੋਈ ਜਾਂਦੈ ।

ਵੇਖ ਕੇ ਮੇਰੀ ਪਤਲੀ ਹਾਲਤ,
ਯਾਰ ਵੀ ਬੂਹਾ ਢੋਈ ਜਾਂਦੈ ।
ਉਹ ਭੋਰਾ ਵੀ ਤਰਸ ਨਹੀਂ ਕਰਦਾ,
ਬੱਕਰੇ ਵਾਂਗੂੰ ਕੋਹੀ ਜਾਂਦੈ ।

ਮੈਂ ਪਿਆਰਾਂ ਦੇ ਬੂਟੇ ਲਾਵਾਂ,
ਉਹ ਨਫ਼ਰਤ ਹੀ ਬੋਈ ਜਾਂਦੈ ।
ਝੂਠ ਇਰਸ਼ਾਦ ਅੱਜ ਸਾਰੇ ਬੋਲਣ,
ਸੱਚ ਦੁਨੀਆ ਤੇ ਮੋਈ ਜਾਂਦੈ ।

**ਲੇਖਕ : ਇਰਸ਼ਾਦ ਖੋਖਰ**

## ਉਨ੍ਹਾਂ ਦਾ ਅਜ਼ਮ

ਉਨ੍ਹਾਂ ਦਾ ਅਜ਼ਮ ਗਰੀਬੀ ਦਾ ਖ਼ਾਤਮਾ ਕਰਨਾ।
ਇਹ ਕਰਨਾ ਕਿੰਝ ਅਜੇ ਉਸ ਦਾ ਫੈਸਲਾ ਕਰਨਾ।

ਤੁਸੀਂ ਹੋ ਦੇਵਤੇ ਲੇਕਿਨ ਅਜੇ ਨਹੀਂ ਸਿੱਖਿਆ,
ਕਿਸੇ ਮੁਥਾਜ ਦੀ ਮਿਹਨਤ ਦਾ ਫਲ ਅਦਾ ਕਰਨਾ।

ਹਕੂਮਤਾਂ ਦਾ ਰਿਹਾ ਧਰਮ ਹੈ ਇਹੋ ਹੁਣ ਤੱਕ,
ਬਹਾਨੇ ਘੜ ਕੇ ਸਮਾਜਾਂ ਨੂੰ ਬਸ ਜੁਦਾ ਕਰਨਾ।
ਚੜ੍ਹਾਏ ਸੀਸ ਜਿਹਦੇ ਵਾਸਤੇ ਲੋਕਾਈ ਨੇ,
ਉਹ ਇਨਕਲਾਬ ਗਿਆ ਕਿਸ ਤਰਫ ਪਤਾ ਕਰਨਾ।

ਝੁਕਾ ਕੇ ਧੌਣ ਜਿਹੜਾ ਦਰ 'ਤੇ ਆ ਗਿਆ ਤੇਰੇ,
ਕਸੂਰ ਓਸ ਦੇ ਬਖ਼ਸ਼ਣ ਦਾ ਹੌਸਲਾ ਕਰਨਾ।
ਉਡੀਕ ਮੌਤ ਦੀ ਕਰਦਾ ਨਹੀਂ ਕੋਈ ਐਥੇ!
ਜੇ ਆ ਗਈ ਹੈ, ਇਕੱਲੀ ਨੂੰ ਨਾ ਵਿਦਾ ਕਰਨਾ।

ਗਮਾਂ 'ਚ ਗ੍ਰਸੇ ਹੋਏ 'ਅਰਸ਼' ਦੀ ਖ਼ੁਸ਼ੀ ਖ਼ਾਤਰ,
ਜੇ ਹੋ ਸਕੇ ਤਾਂ ਘੜੀ ਦੋ ਘੜੀ ਦੁਆ ਕਰਨਾ।

**ਲੇਖਕ : ਸਿਰੀ ਰਾਮ ਅਰਸ਼**

# ਨਾਰੀ ਸੰਸਾਰ

## ਔਰਤ ਦੀ ਦੋਹਰੀ ਜ਼ਿੰਮੇਵਾਰੀ ਦੀਆਂ ਚੁਣੌਤੀਆਂ



ਲੇਖਕ : ਪ੍ਰੋ. ਕੁਲਜੀਤ ਕੌਰ ਅਠਵਾਲ

ਅਜੋਕੇ ਤੇਜ਼ ਰਫ਼ਤਾਰੀ ਅਤੇ ਭੌਤਿਕਵਾਦੀ ਯੁੱਗ ਵਿਚ ਔਰਤ ਮਰਦ ਦੇ ਨਾਲ ਆਰਥਿਕਤਾ ਵਿਚ ਹੱਥ ਵੰਡਾ ਰਹੀ ਹੈ। ਭਾਵੇਂ ਅੱਜ ਦੀ ਔਰਤ, ਡਾਕਟਰ, ਇੰਜੀਨੀਅਰ, ਪ੍ਰੋਫੈਸਰ, ਅਫਸਰ ਆਦਿ ਵੱਡੇ-ਵੱਡੇ ਰੁਤਬਿਆਂ ਨੂੰ ਨਿਭਾਅ ਰਹੀ ਹੈ ਪਰ ਉਹ ਗ੍ਰਹਿਲਕਸ਼ਮੀ ਜਾਂ ਗ੍ਰਹਿਣੀ/ਸੁਆਣੀ ਵਰਗੇ ਅਹੁਦਿਆਂ ਨੂੰ ਵੀ ਨਾਲ-ਨਾਲ ਨਿਭਾਅ ਰਹੀ ਹੈ। ਭਾਵੇਂ ਉਹ ਵੱਡੇ ਤੋਂ ਵੱਡੇ ਰੁਤਬੇ 'ਤੇ ਹੋਵੇ ਤੇ ਬਹੁਤ ਸਾਰਾ ਪੈਸਾ ਕਮਾਉਣ ਦੀ ਸਮਰੱਥਾ ਰੱਖਦੀ ਹੋਵੇ, ਫਿਰ ਵੀ ਬੱਚੇ ਪੈਦਾ ਕਰਨਾ, ਉਨ੍ਹਾਂ ਦੀ ਪਾਲਣਾ ਕਰਨਾ, ਉਨ੍ਹਾਂ ਦੀ ਪੜ੍ਹਾਈ-ਲਿਖਾਈ ਵਿਚ ਉਨ੍ਹਾਂ ਦੀ ਮਦਦ ਕਰਨਾ, ਰਸੋਈ ਦਾ ਕੰਮ, ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਸਾਰਾ ਕੁਝ ਔਰਤ ਦੇ ਹਿੱਸੇ ਆਇਆ ਹੈ। ਹੋ ਸਕਦਾ ਹੈ ਕੁਝ ਕੁ ਔਰਤਾਂ ਇਹੋ ਜਿਹੀਆਂ ਹੋਣ, ਜਿਹੜੀਆਂ ਘਰ ਵਿਚ ਭਾਵੇਂ ਕੁਝ ਵੀ ਹੋਵੇ, ਉਸ ਦੀ ਪ੍ਰਵਾਹ ਕੀਤੇ ਬਿਨਾਂ ਆਪਣੀ ਨੌਕਰੀ ਉੱਪਰ ਵਧੇਰੇ ਧਿਆਨ ਦਿੰਦੀਆਂ ਹਨ ਪਰ ਵਧੇਰੇ ਕਰਕੇ ਔਰਤਾਂ ਦਾ ਸੁਭਾਅ ਅਜਿਹਾ ਹੁੰਦਾ ਹੈ ਕਿ ਉਹ ਆਪਣੀਆਂ ਪਰਿਵਾਰਕ, ਸਮਾਜਿਕ ਅਤੇ ਦਫ਼ਤਰੀ ਜ਼ਿੰਮੇਵਾਰੀਆਂ ਵਿਚ ਸੰਤੁਲਨ ਬਣਾਉਣ ਦੀ ਕੋਸ਼ਿਸ਼ ਵਿਚ ਲੱਗੀਆਂ ਰਹਿੰਦੀਆਂ ਹਨ। ਇਹ ਦੋਵੇਂ ਕੰਮ ਕਿਸ ਤਰ੍ਹਾਂ ਸੁਭਾਵਿਕ ਢੰਗ ਨਾਲ ਕੀਤੇ ਜਾ ਸਕਣ, ਇਸ ਵਾਸਤੇ ਥੋੜ੍ਹੀ ਜਿਹੀ ਸੂਝ-ਸਮਝ ਤੋਂ ਕੰਮ ਲਿਆ ਜਾਵੇ ਤਾਂ ਔਰਤ ਘਰ ਨੂੰ ਖੁਸ਼ਹਾਲ ਅਤੇ ਆਪਣੀ ਨੌਕਰੀ ਨੂੰ ਬੜੇ ਅਨੰਦ ਤੇ ਖੁਸ਼ੀ ਨਾਲ ਨਿਭਾਅ ਸਕਦੀ ਹੈ।

ਕੰਮਕਾਜੀ ਔਰਤਾਂ ਵਿਚ ਕੁਝ ਅਜਿਹੀਆਂ ਔਰਤਾਂ ਹੋਣਗੀਆਂ, ਜਿਨ੍ਹਾਂ ਦੇ ਕੋਲ ਸਹਾਇਕ ਵੀ ਮੌਜੂਦ ਹੁੰਦੇ ਹਨ ਜਾਂ ਫਿਰ ਸੰਯੁਕਤ ਪਰਿਵਾਰਾਂ ਵਿਚ ਜੇਠਾਣੀ, ਸੱਸ ਜਾਂ ਕੋਈ ਹੋਰ ਔਰਤ ਵੀ ਸਹਾਇਤਾ ਕਰ ਸਕਦੀ ਹੈ। ਕੁਝ ਔਰਤਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਸਾਰਾ ਕੰਮ ਆਪ ਹੀ ਕਰਨਾ ਪੈਂਦਾ ਹੈ। ਉਨ੍ਹਾਂ ਦੇ ਪਤੀ ਜਾਂ ਬੱਚੇ ਥੋੜ੍ਹਾ ਸਹਿਯੋਗ ਜ਼ਰੂਰ ਦਿੰਦੇ ਹਨ। ਬਿਨਾਂ ਕਿਸੇ ਦੇ ਸਹਿਯੋਗ ਤੋਂ ਨੌਕਰੀ ਕਰਨਾ ਅਤੇ ਘਰ ਦੇ ਵਾਤਾਵਰਨ ਨੂੰ ਸਾਫ਼-ਸੁਥਰਾ ਤੇ ਵਧੀਆ ਰੱਖਣਾ ਨੌਕਰੀਸ਼ੁਦਾ ਔਰਤ ਲਈ ਵੱਡੀ ਚੁਣੌਤੀ ਹੈ।

ਜੇਕਰ ਘਰ ਵਿਚ ਪੱਕਾ ਜਾਂ ਪਾਰਟ ਟਾਈਮ ਸਹਾਇਕ ਹੈ ਤਾਂ ਉਸ ਨੂੰ ਕੰਮ ਕਰਨ ਦਾ ਤਰੀਕਾ ਸਿਖਾ ਕੇ ਆਪਣੀ ਲੋੜ ਅਨੁਸਾਰ ਕੰਮ ਲਿਆ ਜਾ ਸਕਦਾ ਹੈ, ਜਿਸ ਨਾਲ ਨੌਕਰੀਸ਼ੁਦਾ ਔਰਤਾਂ ਆਪਣੇ ਕੰਮਕਾਜ ਲਈ ਜਾਣ ਤੋਂ ਪਹਿਲਾਂ ਕਾਫੀ ਕੰਮ ਨਿਪਟਾ ਸਕਦੀਆਂ ਹਨ। ਰਾਤ ਨੂੰ ਸੌਣ ਤੋਂ ਪਹਿਲਾਂ ਸਵੇਰ ਦੇ ਨਾਸ਼ਤੇ ਤੇ ਦੁਪਹਿਰ ਦੇ ਖਾਣੇ ਦੀ ਸਹੀ ਯੋਜਨਾ ਅਤੇ ਤਿਆਰੀ ਕਰ ਕੇ ਕਾਫ਼ੀ ਹੱਦ ਤੱਕ ਆਪਣੇ ਨੌਕਰੀਸ਼ੁਦਾ ਜੀਵਨ ਨੂੰ ਆਸਾਨ ਬਣਾਇਆ ਜਾ ਸਕਦਾ ਹੈ।

ਜੇਕਰ ਬੱਚੇ ਵੱਡੇ ਹਨ ਤਾਂ ਉਨ੍ਹਾਂ ਨੂੰ ਆਪਣੇ ਕੰਮ ਆਪ ਕਰਨ ਦੀ ਆਦਤ ਪਾ ਕੇ ਅਸੀਂ ਕਾਫੀ ਹੱਦ ਤੱਕ ਆਪਣੀਆਂ ਮੁਸ਼ਕਿਲਾਂ ਘਟਾ ਸਕਦੇ ਹਾਂ ਤੇ ਸਮਾਂ ਬਚਾਅ ਸਕਦੇ ਹਾਂ। ਕੰਮਕਾਜੀ ਔਰਤਾਂ ਲਈ ਆਪਣੇ ਆਂਢ-ਗੁਆਂਢ ਨਾਲ ਸਬੰਧ ਵਧੀਆ ਬਣਾ ਕੇ ਰੱਖਣਾ ਲੋੜ ਵੀ ਹੈ ਤੇ ਮਜਬੂਰੀ ਵੀ ਤਾਂ ਕਿ ਜ਼ਰੂਰਤ ਪੈਣ 'ਤੇ ਕੋਈ ਕੰਮ ਆ ਸਕੇ। ਜੇਕਰ ਬੱਚੇ ਛੋਟੇ ਹਨ, ਕਿਸੇ ਸਹਾਇਕ ਜਾਂ ਆਯਾ ਕੋਲ ਛੱਡਣੇ ਪੈਂਦੇ ਹਨ ਤਾਂ ਉਨ੍ਹਾਂ ਦਾ ਸਹੀ ਪ੍ਰਬੰਧ (ਖਾਣ-ਪੀਣ ਅਤੇ ਪਹਿਨਣ ਦਾ) ਕਰ ਕੇ ਹੀ ਜਾਣਾ ਚਾਹੀਦਾ ਹੈ। ਆਪਣਾ ਕੀਮਤੀ ਸਾਮਾਨ ਆਪਣੀਆਂ ਅਲਮਾਰੀਆਂ ਵਿਚ ਹੀ ਰੱਖੋ। ਬੱਚਿਆਂ ਦੇ ਭਰੋਸੇ 'ਤੇ ਨਾ ਛੱਡ ਕੇ ਜਾਓ। ਨੌਕਰੀਪੇਸ਼ਾ ਔਰਤਾਂ ਲਈ ਸਭ ਤੋਂ ਵੱਡੀ ਚੁਣੌਤੀ ਹੁੰਦੀ ਹੈ ਘਰ ਦੇ ਬਜ਼ੁਰਗਾਂ ਅਤੇ ਬੱਚਿਆਂ ਦੀ ਦੇਖਭਾਲ।

ਜੇਕਰ ਘਰ ਵਿਚ ਕਿਚਨ ਗਾਰਡਨ ਜਾਂ ਗਮਲੇ ਪੌਦੇ ਲਗਾ ਕੇ ਰੱਖੇ ਹੋਏ ਹਨ ਤਾਂ ਉਨ੍ਹਾਂ ਦੀ ਦੇਖ-ਰੇਖ ਲਈ ਛੁੱਟੀ ਵਾਲੇ ਦਿਨ 'ਚੋਂ ਥੋੜ੍ਹਾ ਸਮਾਂ ਕੱਢਿਆ ਜਾ ਸਕਦਾ ਹੈ। ਛੁੱਟੀ ਵਾਲੇ ਦਿਨ ਦਾ ਸਹੀ ਉਪਯੋਗ ਕਰ ਕੇ ਘਰ ਦੀ ਸਾਫ਼-ਸਫ਼ਾਈ, ਝਾੜ-ਪੂੰਝ ਵਿਚ ਸਹਾਇਕ ਜਾਂ ਘਰ ਦੇ ਹੋਰ ਜੀਆਂ ਦੀ ਮਦਦ ਲਈ ਜਾ ਸਕਦੀ ਹੈ। ਨੌਕਰੀਪੇਸ਼ਾ ਔਰਤਾਂ ਨੂੰ ਘਰ ਅਤੇ ਆਪਣੇ ਕੰਮ ਦੀ ਦੋਹਰੀ ਜ਼ਿੰਮੇਵਾਰੀ ਨਿਭਾਉਣ ਲਈ ਪਤੀ, ਬੱਚਿਆਂ ਅਤੇ ਘਰ ਦੇ ਹੋਰ ਜੀਆਂ ਤੋਂ ਸਹਿਯੋਗ ਦੀ ਬੜੀ ਉਮੀਦ ਹੁੰਦੀ ਹੈ। ਪਰਿਵਾਰ ਦੇ ਬਾਕੀ ਜੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਸਹਿਯੋਗ ਦੇ ਕੇ ਕੰਮਕਾਜੀ ਔਰਤਾਂ ਲਈ ਮਦਦਗਾਰ ਸਾਬਤ ਹੋਣ, ਕਿਉਂਕਿ ਉਹ ਘਰ ਦੀ ਆਰਥਿਕ ਸਥਿਤੀ ਨੂੰ ਸੰਵਾਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਕੰਮਕਾਜੀ ਔਰਤਾਂ ਦੀ ਜ਼ਿੰਦਗੀ ਵਿਚ ਘਰੇਲੂ ਔਰਤਾਂ ਦੇ ਮੁਕਾਬਲੇ ਵਿਚ ਆਪਣੇ ਲਈ ਸਮੇਂ ਦੀ ਕਮੀ ਹੁੰਦੀ ਹੈ ਪਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਮਾਂ ਕੱਢ ਕੇ ਸਰੀਰਕ ਅਤੇ ਮਾਨਸਿਕ ਸਿਹਤ ਦਾ ਧਿਆਨ ਰੱਖਿਆ ਜਾਵੇ। ਕਸਰਤ, ਯੋਗਾ, ਸਾਈਕਲਿੰਗ ਦੀ ਸਹਾਇਤਾ ਲਈ ਜਾ ਸਕਦੀ ਹੈ। ਕਿਉਂਕਿ ਨੌਕਰੀਪੇਸ਼ਾ ਔਰਤਾਂ ਦੀ ਜ਼ਿੰਦਗੀ ਵਿਚ ਤਣਾਅ ਦੀਆਂ ਸੰਭਾਵਨਾਵਾਂ ਅਤੇ ਸਥਿਤੀਆਂ ਵਧੇਰੇ ਹੁੰਦੀਆਂ ਹਨ, ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਸਿਹਤ ਪ੍ਰਤੀ ਚੌਕਸੀ ਵਰਤਣ ਅਤੇ ਸਮੇਂ-ਸਮੇਂ ਆਪਣਾ ਚੈਕਅੱਪ ਕਰਵਾਉਂਦੀਆਂ ਰਹਿਣ। ਪਰਿਵਾਰ ਨਾਲ ਛੁੱਟੀ ਵਾਲੇ ਦਿਨ ਸਮਾਂ ਬਿਤਾ ਕੇ ਵੀ ਆਪਣੀਆਂ ਚਿੰਤਾਵਾਂ ਅਤੇ ਤਣਾਅ ਘੱਟ ਕੀਤੇ ਜਾ ਸਕਦੇ ਹਨ। ਨੌਕਰੀਪੇਸ਼ਾ ਔਰਤਾਂ ਦੀ ਮਦਦ ਲਈ ਬਹੁਤ ਸਾਰੇ ਅਜਿਹੇ ਬਿਜਲੀ ਉਪਕਰਨ ਆ ਚੁੱਕੇ ਹਨ, ਜੋ ਉਨ੍ਹਾਂ ਦਾ ਸਮਾਂ ਅਤੇ ਊਰਜਾ ਬਚਾਅ ਸਕਦੇ ਹਨ। ਅਜਿਹੇ ਉਪਕਰਨਾਂ ਨੂੰ ਖਰੀਦਣਾ ਆਪਣੀਆਂ ਮੁਢਲੀਆਂ ਲੋੜਾਂ 'ਚ ਸ਼ਾਮਿਲ ਕਰ ਕੇ ਨੌਕਰੀਪੇਸ਼ਾ ਔਰਤਾਂ ਆਪਣੀ ਜ਼ਿੰਦਗੀ ਸੌਖੀ ਬਣਾ ਸਕਦੀਆਂ ਹਨ।

ਇਸ ਤਰ੍ਹਾਂ ਸਮੇਂ ਦਾ ਸਹੀ ਉਪਯੋਗ ਕਰ ਕੇ ਰਿਸ਼ਤਿਆਂ ਵਿਚ ਸੁਖਾਵਾਂਪਨ ਲਿਆ ਕੇ ਪਰਿਵਾਰਕ ਲੋੜਾਂ ਅਤੇ ਜ਼ਿੰਮੇਵਾਰੀਆਂ ਦਾ ਧਿਆਨ ਰੱਖ ਕੇ ਅਤੇ ਪਰਿਵਾਰ ਦੇ ਹੋਰ ਜੀਆਂ ਦੇ ਸਹਿਯੋਗ ਸਦਕਾ ਨੌਕਰੀਪੇਸ਼ਾ ਔਰਤਾਂ ਆਪਣੀਆਂ ਦੋਹਰੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਅ ਸਕਦੀਆਂ ਹਨ। ਛੋਟੀਆਂ-ਛੋਟੀਆਂ ਗੱਲਾਂ ਦਾ ਧਿਆਨ ਰੱਖ ਕੇ ਤਣਾਅ ਮੁਕਤ ਰਿਹਾ ਜਾ ਸਕਦਾ ਹੈ। ਗ੍ਰਹਿਸਥੀ ਅਤੇ ਨੌਕਰੀ ਦੋਵਾਂ ਕੰਮਾਂ ਨੂੰ ਖੂਬਸੂਰਤ ਤੇ ਅਨੰਦਮਈ ਢੰਗ ਨਾਲ ਨਿਭਾਇਆ ਜਾ ਸਕਦਾ ਹੈ।

## ਹੱਥਾਂ ਦੀ ਸੁੰਦਰਤਾ ਬਣਾਈ ਰੱਖਣ ਲਈ ਅਪਣਾਓ ਇਹ ਟਿਪਸ


ਸੁਮਿੱਤਰਾ ਯਾਦਵ

ਹਮੇਸ਼ਾ ਸਾਡੇ ਵਲੋਂ ਕੀਤਾ ਜਾਣ ਵਾਲਾ ਜ਼ਿਆਦਾਤਰ ਕੰਮ ਹੱਥਾਂ ਨਾਲ ਹੀ ਹੁੰਦਾ ਹੈ। ਸਾਨੂੰ ਚਾਹੀਦਾ ਹੈ ਕਿ ਹੱਥਾਂ ਨੂੰ ਸਿਹਤਮੰਦ ਅਤੇ ਸੁੰਦਰ ਬਣਾਈ ਰੱਖਣ ਲਈ ਲਗਾਤਾਰ ਦੇਖਭਾਲ ਕਰਦੇ ਰਹੀਏ।

- ਪੋਚਾ ਲਗਾਉਣ, ਭਾਂਡੇ ਤੇ ਕੱਪੜੇ ਧੋਣ ਅਤੇ ਸਫ਼ਾਈ ਆਦਿ ਕਰਦੇ ਰਹਿਣ ਨਾਲ ਖ਼ਾਸ ਗ੍ਰਹਿਣੀਆਂ ਦੇ ਹੱਥਾਂ ਵਿਚ ਦਰਾਰਾਂ ਪੈ ਜਾਂਦੀਆਂ ਹਨ ਅਤੇ ਕੱਟੇ-ਫਟੇ ਦੇ ਨਿਸ਼ਾਨ ਉੱਭਰ ਆਉਂਦੇ ਹਨ। ਇਥੇ ਆਮ ਕਰ ਕੇ ਹੱਥਾਂ ਦੇ ਰੱਖ-ਰਖਾ ਬਾਰੇ ਕੁਝ ਨੁਸਖੇ ਦੱਸ ਰਹੇ ਹਾਂ ਜਿਨ੍ਹਾਂ ਨੂੰ ਅਜ਼ਮਾ ਕੇ ਕੋਈ ਵੀ ਕਹਿ ਉਠੇਗਾ ਵਾਹ! ਕਿੰਨੇ ਸੁੰਦਰ ਹੱਥ ਹਨ।
- ਕੰਮ ਚਾਹੇ ਜੋ ਵੀ ਹੋਵੇ, ਪੂਰਾ ਹੋਣ ਤੋਂ ਬਾਅਦ ਹੱਥਾਂ ਦੀ ਚੰਗੀ ਤਰ੍ਹਾਂ ਸਫ਼ਾਈ ਕਰੋ।
- ਜੇਕਰ ਸਮਾਂ ਹੈ ਤਾਂ ਗਰਮ ਅਤੇ ਠੰਢੇ ਪਾਣੀ ਵਿਚ ਥੋੜ੍ਹੀ-ਥੋੜ੍ਹੀ ਦੇਰ ਹੱਥਾਂ ਨੂੰ ਡੁਬੋਈ ਰੱਖੋ। ਇਸ ਨਾਲ ਹੱਥਾਂ ਵਿਚ ਜੰਮੀ ਮੈਲ ਦੀ ਪਰਤ ਨਿਕਲ ਜਾਵੇਗੀ। ਦੋਵਾਂ ਹਥੇਲੀਆਂ ਨੂੰ ਇਕ ਦੂਜੇ ਵਿਚ ਫਸਾ ਕੇ ਰਗੜੋ। ਫਿਰ ਸਾਫ਼ ਪਾਣੀ ਨਾਲ ਧੋ ਲਓ।
- ਉਂਗਲੀਆਂ ਦੇ ਨਹੁੰਆਂ ਦੇ ਨਾਲ ਪੈਰਾਂ ਦੀ ਵੀ ਚੰਗੀ ਤਰ੍ਹਾਂ ਸਫ਼ਾਈ ਕਰੋ। ਸੁੱਕ ਜਾਣ 'ਤੇ ਕੋਈ ਕ੍ਰੀਮ ਮਲ ਲਓ।
- ਨਹੁੰਆਂ 'ਤੇ ਮੈਚ ਹੁੰਦੀ ਨੇਲ ਪਾਲਿਸ਼ ਲਗਾਓ।

ਲਓ, ਥੋੜ੍ਹੇ ਹੀ ਸਮੇਂ ਵਿਚ ਤੁਹਾਡੇ ਹੱਥਾਂ ਵਿਚ ਸੁੰਦਰਤਾ ਛਾ ਜਾਵੇਗੀ। ਹੱਥਾਂ ਦੀ ਲਗਾਤਾਰ ਦੇਖਭਾਲ ਜ਼ਰੂਰੀ ਹੈ। ਮਲਾਈ ਬੇਸਨ ਨਾਲ ਬਣਿਆ ਬਟਨਾ ਲਗਾਓ। ਸੰਗਤਰਾ ਜਾਂ ਨਿੰਬੂ ਦਾ ਛਿਲਕਾ ਹੱਥਾਂ 'ਤੇ ਰਗੜਦੇ ਰਹੋ, ਮੁਲਤਾਨੀ ਮਿੱਟੀ ਦਾ ਪੇਸਟ ਬਣਾ ਕੇ ਹੱਥਾਂ 'ਤੇ ਲਗਾ ਲਓ। ਸੁੱਕ ਜਾਣ 'ਤੇ ਹਲਕੇ ਕੋਸੇ ਪਾਣੀ ਨਾਲ ਧੋ ਲਓ। ਇਸ ਤੋਂ ਇਲਾਵਾ ਜੇਕਰ ਤੁਸੀਂ ਚਾਹੋ ਤਾਂ ਨੇੜਲੇ ਬਿਊਟੀ ਪਾਰਲਰ ਤੋਂ ਮੈਨੀਕਿਓਰ ਕਰਵਾ ਕੇ ਹੱਥਾਂ ਦੀ ਖੂਬਸੂਰਤੀ ਬਣਾਈ ਰੱਖ ਸਕਦੇ ਹੋ।





## ਆ ਜਾਵੇ ਜੇ ਜ਼ਿੰਦਗੀ ਜਿਊਣ ਦਾ ਸਲੀਕਾ

ਲੇਖਕ : ਅਮਰਜੀਤ ਬਰਾੜ,
ਮੋਬਾ: 94179-4907

ਜੋ ਕਿਸੇ ਤੋਂ ਪ੍ਰੇਰਿਤ ਨਹੀਂ ਹੁੰਦੇ, ਉਹ ਕਿਸੇ ਲਈ ਵੀ ਪ੍ਰੇਰਨਾ ਨਹੀਂ ਬਣਦੇ। ਜਿਹੜੇ ਸਾਡੇ ਰਸਤੇ ਵਿਚ ਕੰਡੇ ਵਿਛਾਉਂਦੇ ਹਨ, ਅਕਸਰ ਉਨ੍ਹਾਂ ਕਰਕੇ ਹੀ ਅਸੀਂ ਤੁਰਨ ਦੀ ਜਾਚ ਸਿੱਖਦੇ ਹਾਂ। ਰਸਤੇ ਦੇ ਕੰਡਿਆਂ ਕਾਰਨ ਅਸੀਂ ਸਿੱਖ ਜਾਂਦੇ ਹਾਂ ਕਿ ਪੈਰ ਕਿੱਥੇ ਰੱਖਣਾ ਹੈ, ਆਪਣੇ ਕਦਮਾਂ ਨੂੰ ਕਿੱਥੇ ਰੋਕਣਾ ਹੈ ਅਤੇ ਕਿਥੇ ਪੈਰ ਨਹੀਂ ਰੱਖਣਾ। ਇੱਛਾ ਸ਼ਕਤੀ ਜਿੰਨੀ ਵੱਧ ਮਜ਼ਬੂਤ ਹੁੰਦੀ ਹੈ, ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਓਨੀ ਵੱਧ ਹੁੰਦੀ ਹੈ। ਮੰਜ਼ਿਲਾਂ ਨੂੰ ਪਾਉਣ ਦੀ ਜ਼ਿਦ ਅੱਗੇ ਅਕਸਰ ਮੁਸ਼ਕਿਲਾਂ ਸਿਰ ਝੁਕਾ ਲੈਂਦੀਆਂ ਹਨ। ਆਪਣੇ-ਆਪ 'ਤੇ ਭਰੋਸਾ ਜਿੰਨਾ ਵੱਧ ਹੋਵੇਗਾ, ਨਿਰਾਸ਼ਾ ਓਨੀ ਹੀ ਘੱਟ ਹੁੰਦੀ ਹੈ। ਦਿਲ ਜਿੰਨਾ ਵੱਧ ਮਜ਼ਬੂਤ ਹੁੰਦਾ ਹੈ, ਸਬਰ ਓਨਾ ਹੀ ਵੱਡਾ ਹੁੰਦਾ ਹੈ। ਬਿਨਾਂ ਮਨੋਰਥ ਤੋਂ ਜ਼ਿੰਦਗੀ ਬਿਨਾਂ ਪਤਾ ਲਿਖੀ ਚਿੱਠੀ ਵਾਂਗ ਹੈ, ਜੋ ਕਿਤੇ ਨਹੀਂ ਪਹੁੰਚਦੀ। ਦਿਲ ਅਤੇ ਰੂਹ ਨਾਲ ਕੀਤੇ ਕੰਮਾਂ ਵਿਚੋਂ ਖੁਸ਼ੀ ਮਿਲਦੀ ਹੈ ਅਤੇ ਖੁਸ਼ੀ ਨਾਲ ਕੀਤੇ ਕੰਮਾਂ ਵਿਚੋਂ ਸਫਲਤਾ। ਕਈ ਵਾਰ ਵਖਤ ਹੀ ਵਕਤ ਦੀ ਪਛਾਣ ਕਰਵਾਉਂਦਾ ਹੈ। ਜ਼ਿੰਦਗੀ ਦੇ ਕੀ ਅਨੁਭਵ ਬਹੁਤ ਮਹਿੰਗੇ ਮਿਲਦੇ ਹਨ ਪਰ ਇਹ ਮਹਿੰਗੇ ਅਨੁਭਵ ਜ਼ਿੰਦਗੀ ਦੀ ਕੀਮਤ ਵਿਚ ਵੀ ਵਾਧਾ ਕਰਦੇ ਹਨ। ਤੁਹਾਡੀ ਕਿਸਮਤ ਤੁਹਾਡਾ ਫੈਸਲਾ ਨਹੀਂ ਬਦਲ ਸਕਦੀ ਪਰ ਤੁਹਾਡਾ ਫੈਸਲਾ ਤੁਹਾਡੀ ਕਿਸਮਤ ਜ਼ਰੂਰ ਬਦਲ ਦਿੰਦਾ ਹੈ। ਜੇਕਰ ਸਾਨੂੰ ਚੰਗੇ ਅਤੇ ਬੁਰੇ ਦੀ ਪਹਿਚਾਣ ਕਰਨੀ ਆ ਜਾਵੇ ਤਾਂ ਸਾਡਾ ਯਕੀਨ ਸਾਨੂੰ ਕਦੇ ਵੀ ਧੋਖਾ ਨਹੀਂ ਦਿੰਦਾ। ਆਪਣੇ-ਆਪ 'ਤੇ ਪ੍ਰਾਪਤ ਕੀਤੀ ਜਿੱਤ ਅਜਿਹੀ ਜਿੱਤ ਹੈ, ਜਿਸ ਨੂੰ ਕੋਈ ਖੋਹ ਨਹੀਂ ਸਕਦਾ।

ਆਪਣੀ ਸਮਰੱਥਾ ਅਤੇ ਯੋਗਤਾ ਦਾ ਗਿਆਨ ਸਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਆਪਣਾ ਕੰਮ ਆਪ ਕਰਨ ਦੀ ਰੀਝ, ਆਪਣਾ ਕੋਈ ਕੰਮ ਦੂਜਿਆਂ ਕੋਲੋਂ ਕਰਵਾਉਣ ਦਾ ਹੁਨਰ, ਦੂਜਿਆਂ ਕੋਲੋਂ ਕੁਝ ਨਵਾਂ ਸਿੱਖਣ ਦੀ ਸਮਝ, ਸਮੇਂ ਦੀ ਸਹੀ ਵਰਤੋਂ ਦਾ ਅਮਲ, ਦੂਜਿਆਂ ਦੇ ਕੰਮ ਆਉਣ ਦੀ ਪ੍ਰਸੰਨਤਾ, ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦੀ ਲਗਨ, ਵਿਹਾਰ ਵਿਚ ਇਮਾਨਦਾਰੀ, ਉਸਾਰੂ ਅਤੇ ਚੰਗੀਆਂ ਆਦਤਾਂ ਦੀ ਮਾਲਕੀ ਆਦਿ ਜ਼ਿੰਦਗੀ ਜਿਊਣ ਦੇ ਸਲੀਕੇ ਵਿਚ ਆਉਂਦੇ ਅਜਿਹੇ ਗੁਣ ਹਨ, ਜਿਹੜੇ ਸਾਡੇ ਕਿਰਦਾਰ ਅਤੇ ਸ਼ਖ਼ਸੀਅਤ ਦੇ ਕੱਦ ਨੂੰ ਸਮਾਜ ਵਿਚ ਵੱਖਰਾ ਸਥਾਨ ਦਿੰਦੇ ਹਨ। ਸਭ ਤੋਂ ਸੌਖਾ ਕੰਮ ਹੈ ਦੂਜਿਆਂ ਵਿਚੋਂ ਗ਼ਲਤੀਆਂ ਕੱਢਣਾ ਅਤੇ ਸਭ ਤੋਂ ਔਖਾ ਕੰਮ ਹੈ ਆਪਣੀ ਗ਼ਲਤੀ ਨੂੰ ਸੁਧਾਰਨਾ। ਸਿਰਫ ਵਿਖਾਵੇ ਲਈ ਚੰਗਾ ਬਣਨਾ ਬੁਰੇ ਹੋਣ ਨਾਲੋਂ ਵੱਧ ਬੁਰਾ ਹੈ। ਹੱਸਦਾ ਹੋਇਆ ਚਿਹਰਾ ਤੁਹਾਡੀ ਸ਼ਾਨ ਵਿਚ ਵਾਧਾ ਕਰਦਾ ਹੈ ਅਤੇ ਹੱਸ ਕੇ ਕੀਤਾ ਕੰਮ ਤੁਹਾਡੀ ਪਛਾਣ ਵਿਚ ਵਾਧਾ ਕਰਦਾ ਹੈ। ਅਕਸਰ ਲੋਕ ਜਜ਼ਬਾਤੀ ਹੁੰਦੇ ਹਨ ਪਰ ਜਜ਼ਬਾ ਕਿਸੇ-ਕਿਸੇ ਕੋਲ ਹੀ ਹੁੰਦਾ ਹੈ। ਇਕ ਮਜ਼ਬੂਤ ਨਿਸਚਾ ਤੁਹਾਨੂੰ ਆਪਣੀ ਮੰਜ਼ਿਲ ਤੱਕ ਲੈ ਕੇ ਜਾਂਦਾ ਹੈ। ਗਿਆਨ ਤੁਹਾਨੂੰ ਰੌਸ਼ਨ ਕਰਦਾ ਹੈ ਅਤੇ ਇਮਾਨਦਾਰੀ ਤੁਹਾਡੀ ਜ਼ਿੰਦਗੀ ਦੇ ਦਾਇਰੇ ਨੂੰ ਵਿਸ਼ਾਲ ਕਰਦੀ ਹੈ। ਤੁਹਾਡਾ ਹੌਸਲਾ ਤੁਹਾਡੇ ਤੋਂ ਉਹ ਕੁਝ ਕਰਵਾਉਂਦਾ ਹੈ, ਜੋ ਤੁਸੀਂ ਕਰਨਾ ਚਾਹੁੰਦੇ ਹੋ। ਤੁਹਾਡਾ ਅਨੁਭਵ ਤੁਹਾਡੇ ਤੋਂ ਉਹ ਕੁਝ ਕਰਵਾਉਂਦਾ ਹੈ, ਜੋ ਅਸਲ ਵਿਚ ਤੁਹਾਨੂੰ ਕਰਨਾ ਚਾਹੀਦਾ ਹੈ। ਚਿੰਤਾ ਇਸ ਗੱਲ ਦੀ ਨਾ ਕਰੋ ਕਿ ਸਾਡੇ ਨਾਲ ਬੁਰਾ ਹੋਇਆ ਹੈ ਪਰ ਸਾਡੇ ਲਈ ਇਹ ਗੱਲ ਚਿੰਤਾ ਵਾਲੀ ਹੈ, ਜਦੋਂ ਅਸੀਂ ਖੁਦ ਕਿਸੇ ਦਾ ਬੁਰਾ ਕਰਦੇ ਹਾਂ।

ਸਾਡੀ ਸਫਲਤਾ ਇਸ ਗੱਲ ਵਿਚ ਵੀ ਹੈ ਕਿ ਅਸੀਂ ਉਹ ਕੰਮ ਨਾ ਕਰੀਏ, ਜਿਹੜਾ ਸਾਨੂੰ ਨਹੀਂ ਕਰਨਾ ਚਾਹੀਦਾ। ਤੁਹਾਡੀ ਜ਼ਿੰਦਗੀ ਦਾ ਅਸਲੀ ਚਿਹਰਾ ਤੁਹਾਡਾ ਚਰਿੱਤਰ ਹੈ। ਅਸੀਂ ਆਪਣੀ ਜ਼ਿੰਦਗੀ ਵਿਚ ਕਿਨ੍ਹਾਂ ਲੋਕਾਂ ਦਾ ਸਾਥ ਦਿੰਦੇ ਹਾਂ, ਇਹ ਸਾਡੀ ਸੋਚ ਅਤੇ ਚਰਿੱਤਰ 'ਤੇ ਨਿਰਭਰ ਹੈ। ਤੁਸੀਂ ਜ਼ਿੰਦਗੀ ਵਿਚ ਉਹੀ ਕੁਝ ਬਣਦੇ ਹੋ, ਜਿਸ ਤਰ੍ਹਾਂ ਦਾ ਤੁਸੀਂ ਕਰਦੇ ਹੋ। ਤੁਹਾਡੀ ਸਿਹਤ ਕਿਸ ਤਰ੍ਹਾਂ ਦੀ ਹੈ, ਇਹ ਜ਼ਿਆਦਾਤਰ ਤੁਹਾਡੀਆਂ ਖਾਣ-ਪੀਣ ਅਤੇ ਰਹਿਣ-ਸਹਿਣ ਦੀਆਂ ਆਦਤਾਂ 'ਤੇ ਨਿਰਭਰ ਕਰਦਾ ਹੈ। ਛੋਟੀਆਂ ਗੱਲਾਂ ਹੀ ਵੱਡੇ ਨਤੀਜਿਆਂ ਵਿਚ ਤਬਦੀਲ ਹੁੰਦੀਆਂ ਹਨ। ਤੁਹਾਡੀ ਸ਼ਖ਼ਸੀਅਤ ਤੁਹਾਡੇ ਕੀਤੇ ਹੋਏ ਕੰਮਾਂ ਦਾ ਇਤਿਹਾਸ ਹੈ। ਤੁਹਾਡੀ ਕਿਸਮਤ ਦਾ ਲੇਖਾ-ਜੋਖਾ ਤੁਹਾਡੇ ਕੰਮ ਹੀ ਕਰਦੇ ਹਨ। ਬਾਹਰੀ ਰੌਸ਼ਨੀ ਅੰਦਰਲੇ ਹਨੇਰੇ ਨੂੰ ਦੂਰ ਨਹੀਂ ਕਰਦੀ। ਜੇਕਰ ਤੁਸੀਂ ਆਪਣੇ ਵਰਤਮਾਨ ਨੂੰ ਬਰਬਾਦ ਕਰੋਗੇ ਤਾਂ ਤੁਸੀਂ ਭਵਿੱਖ ਦੀ ਸਜ਼ਾ ਤੋਂ ਬਚ ਨਹੀਂ ਸਕਦੇ। ਚੰਗੇ ਕੰਮਾਂ ਦਾ ਨਤੀਜਾ ਕਦੇ ਵੀ ਬੁਰਾ ਨਹੀਂ ਹੁੰਦਾ ਅਤੇ ਬੁਰੇ ਕੰਮਾਂ ਦਾ ਨਤੀਜਾ ਕਦੇ ਚੰਗਾ ਨਹੀਂ ਹੁੰਦਾ। ਜੇਕਰ ਜ਼ਿੰਦਗੀ ਜਿਊਣ ਦਾ ਸਲੀਕਾ ਆ ਜਾਵੇ ਤਾਂ ਜ਼ਿੰਦਗੀ ਦੀਆਂ ਦੁੱਖ-ਤਕਲੀਫਾਂ ਅਤੇ ਮੁਸ਼ਕਿਲਾਂ ਆਪਣੇ-ਆਪ ਹੀ ਘਟ ਜਾਣਗੀਆਂ। ਇਕ ਸੱਚੀ ਜਿੱਤ ਉਹ ਹੁੰਦੀ ਹੈ ਜੋ ਨਾ ਖੁਦ ਹਾਰਦੀ ਹੈ ਅਤੇ ਨਾ ਉਹ ਕਿਸੇ ਨੂੰ ਹਾਰਨ ਦਿੰਦੀ ਹੈ। ਇਸ ਤਰ੍ਹਾਂ ਜੀਓ ਕਿ ਤੁਹਾਡਾ ਰੁਝੇਵਾਂ ਵੀ ਤੁਹਾਨੂੰ ਰੱਜ ਅਤੇ ਖੁਸ਼ੀ ਦੇਵੇ। ਇੱਛਾ ਰੱਖਣ 'ਤੇ ਜੋ ਮਿਲੇ, ਉਹ ਸਫਲਤਾ ਹੈ ਅਤੇ ਜੋ ਮਿਲੇ, ਉਸ ਨੂੰ ਆਪਣੀ ਪਸੰਦ ਬਣਾ ਲੈਣਾ ਪ੍ਰਸੰਨਤਾ ਹੈ।

# CLASSIFIEDS & MATRIMONIALS

## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5’3” tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

ਇੰਡੀਆ ਰਹਿੰਦੀ ਵਾਲਮੀਕ, ਮੱਜ਼ਬੀ ਸਿੱਖ ਲੜਕੀ, ਉਮਰ 36 ਸਾਲ, ਐਮ. ਐਸ. ਸੀ. (ਫੈਸ਼ਨ ਡਿਜ਼ਾਇਨਿੰਗ), ਪ੍ਰਾਈਵੇਟ ਟੀਚਰ, ਲਈ ਕੈਨੇਡਾ ਵਿੱਚ ਪੀ.ਆਰ. ਜਾਂ ਵਰਕ ਪਰਮਿਟ ਲੜਕੇ ਦੀ ਭਾਲ ਹੈ। ਲੜਕੀ ਤਲਾਕਸ਼ੁਦਾ ਹੈ ਵਿਆਹ ਤੋਂ ਕੁਝ ਦਿਨ ਬਾਅਦ ਹੀ ਤਲਾਕ ਹੋ ਗਿਆ ਸੀ। ਪਿਤਾ ਸਿਹਤ ਵਿਭਾਗ ਤੋਂ ਸੇਵਾ ਮੁਕਤ ਹਨ। ਇੱਕ ਭਰਾ ਹੈਲਥ ਇੰਸਪੈਕਟਰ, ਇੱਕ ਭਰਾ ਕੈਨੇਡਾ ਵਿੱਚ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : +1 - 604-725-0178 AP 13-02

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

# ਤਿੰਨ ਖੇਤੀ ਕਾਨੂੰਨ ਬਨਾਮ ਖੇਤੀ ਮੰਡੀਕਰਨ ਨੀਤੀ ਢਾਂਚਾ

ਲੇਖਕ : ਡਾ. ਰਣਯੋਧ ਸਿੰਘ ਬੈਂਸ
ਸੰਪਰਕ: 99883-12299

ਖੇਤੀ ਭਾਵੇਂ ਰਾਜਾਂ ਦਾ ਵਿਸ਼ਾ ਹੈ, ਫਿਰ ਵੀ ਕੇਂਦਰ ਸਰਕਾਰ ਇਸ ਖੇਤਰ ਵਿੱਚ ਸਿੱਧੇ ਜਾਂ ਅਸਿੱਧੇ ਢੰਗ ਰਾਹੀਂ ਦਖਲ ਦੇ ਰਹੀ ਹੈ। ਕੌਮੀ ਖੇਤੀ ਮੰਡੀਕਰਨ ਨੀਤੀ ਢਾਂਚਾ ਇਸੇ ਲੜੀ ਦੇ ਅਗਲੇ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਇਸ ਢਾਂਚੇ ਨੂੰ ਸਮਝਣ ਲਈ 5 ਜੂਨ 2020 ਨੂੰ ਲਿਆਂਦੇ 3 ਆਰਡੀਨੈਂਸਾਂ ਬਾਰੇ ਗੱਲ ਕਰਨੀ ਜ਼ਰੂਰੀ ਹੈ ਜੋ ਬਾਅਦ ’ਚ ਕਾਨੂੰਨ ਬਣਾ ਦਿੱਤੇ ਗਏ।

ਪਹਿਲਾ ਕਾਨੂੰਨ ‘ਕਿਸਾਨੀ ਉਪਜ ਵਪਾਰ ਤੇ ਵਣਜ (ਪ੍ਰੋਤਸਾਹਨ ਤੇ ਸਹੂਲਤ) ਐਕਟ-2020’ ਸੀ ਜਿਸ ਵਿੱਚ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਨੂੰ ਖੁੱਲ੍ਹੀ ਖੇਤੀ ਮੰਡੀ ਦੀ ਆਜ਼ਾਦੀ, ਮੰਡੀ ਫੀਸ ਤੇ ਇਸ ਨਾਲ ਜੁੜੇ ਹੋਏ ਹੋਰ ਟੈਕਸਾਂ ਦੇ ਖਾਤਮੇ ਅਤੇ ਅਦਾਲਤ ਵਿੱਚ ਅਜਿਹੇ ਕੇਸਾਂ ਦੀ ਸੁਣਵਾਈ ਨਾ ਕਰਨ ਦੀ ਵਿਵਸਥਾ ਕੀਤੀ ਗਈ ਸੀ। ਇਸ ਦੇ ਮਾੜੇ ਪ੍ਰਭਾਵਾਂ ਨਾਲ ਹੌਲੀ-ਹੌਲੀ ਸਰਕਾਰੀ ਖੇਤਰ ਹੇਠ ਵਿਕਸਤ ਬਿਹਤਰੀਨ ਮੰਡੀ ਢਾਂਚੇ ਦੀ ਬਰਬਾਦੀ, ਛੋਟੇ ਕਿਸਾਨਾਂ ਦੀ ਉਪਜ ਮੰਡੀ ਵਿੱਚ ਰੁਲਣੀ, ਪੇਂਡੂ ਵਿਕਾਸ ਉੱਤੇ ਖਰਚ ਹੋਣ ਵਾਲੇ ਮਾਲੀਏ ਦੀ ਇਕੱਤਰਤਾ, ਮੰਡੀਕਰਨ ਨਾਲ ਜੁੜੇ ਰੁਜ਼ਗਾਰ ਅਤੇ ਆੜ੍ਹਤੀਆ ਵਰਗ ਦਾ ਭੋਗ ਪੈਣਾ ਤੈਅ ਹੀ ਸੀ। ਇਹ ਕਾਨੂੰਨ ਲਾਗੂ ਹੋਣ ਨਾਲ ਰਾਜਾਂ ਦੀ ਕੇਂਦਰ ਉੱਤੇ ਹੋਰ ਨਿਰਭਰਤਾ ਵਧ ਜਾਣੀ ਸੀ।

ਖੇਤੀ ਮੰਡੀਕਰਨ ਨੀਤੀ ਦੇ ਨਵੇਂ ਖਰੜੇ ਅਨੁਸਾਰ, ਭਾਰਤ ਸਰਕਾਰ ਦੀ 10 ਸਾਲ ਦੀ ਕਾਰਗੁਜ਼ਾਰੀ ਨਾਲ ਨਿਰੋਲ ਖੇਤੀ ਖੇਤਰ ਦੀ ਕਾਰਗੁਜ਼ਾਰੀ 2.34% ਵਧੀ ਹੈ। ਖਰੜੇ ਵਿੱਚ ਪੰਜਾਬ ਵਿੱਚ ਕੁੱਲ 437 ਮੰਡੀਆਂ (152 ਮੁੱਖ ਤੇ 285 ਉਪ) ਅਤੇ ਪੁਡੂਚੇਰੀ ਵਿੱਚ 70 ਵਰਗ ਕਿਲੋਮੀਟਰ ਵਰਗ ਤੇ ਉੱਤਰਾਖੰਡ ਵਿੱਚ 863 ਵਰਗ ਕਿਲੋਮੀਟਰ ਦੂਰੀ ’ਤੇ ਏਪੀਐੱਮਸੀ ਹੋਣ ਬਾਰੇ ਦੱਸਿਆ ਹੈ। ਅੰਕੜਿਆਂ ਅਨੁਸਾਰ, ਪਹਾੜਾਂ ਵਿੱਚ ਇੱਕ ਤੋਂ ਦੂਜੀ ਮੰਡੀ ਦੀ ਦੂਰੀ ਲਗਭਗ 16.50 ਕਿਲੋਮੀਟਰ ਹੈ। ਪੰਜਾਬ ਵਿੱਚ ਇਹ ਦੂਰੀ ਲਗਭਗ 6 ਕਿਲੋਮੀਟਰ ਹੈ। ਖਰੜੇ ਵਿੱਚ ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਕਰਨਾਟਕ ਅਤੇ ਉੱਤਰ ਪ੍ਰਦੇਸ਼ਾਂ ਵਿੱਚ 125 ਪ੍ਰਾਈਵੇਟ ਮੰਡੀਆਂ ਦਾ ਜ਼ਿਕਰ ਹੈ ਪਰ ਨਾਲ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਇਨ੍ਹਾਂ ਮੰਡੀਆਂ ਦੇ ਚੰਗੇ-ਮਾੜੇ ਪ੍ਰਭਾਵਾਂ ਬਾਰੇ ਕੋਈ ਵੀ ਵਿਸ਼ਲੇਸ਼ਣ ਨਹੀਂ ਹੈ। ਉਂਝ, ਅਜਿਹੇ ਵਿਸ਼ਲੇਸ਼ਣ ਦੀ ਅਣਹੋਂਦ ਵਿੱਚ ਵੀ ਇਨ੍ਹਾਂ ਨੂੰ ਹੋਰ ਤੇਜ਼ੀ ਨਾਲ ਬਾਕੀ ਰਾਜਾਂ ਵਿੱਚ ਕਿਸ ਆਧਾਰ ’ਤੇ ਬਣਾਇਆ ਜਾ ਰਿਹਾ ਹੈ?



ਫੂਡ ਪ੍ਰਾਸੈਸਿੰਗ ਖੇਤਰ ਦੇ 2023-24 ਦੇ ਆਰਥਿਕ ਸਰਵੇ ਅਨੁਸਾਰ, ਇਹ ਰੁਜ਼ਗਾਰ ਦੇ 12.02%ਮੌਕੇ ਮੁਹੱਈਆ ਕਰਵਾ ਰਿਹਾ ਹੈ ਜਿਸ ਵਿੱਚ ਕੁਲ ਖੇਤੀ ਬਰਾਮਦ ਦਾ ਇਕੱਲਾ ਫੂਡ ਪ੍ਰਾਸੈਸਿੰਗ ਸੈਕਟਰ 11.7 ਫੀਸਦੀ ਹਿੱਸਾ ਪਾਉਂਦਾ ਹੈ। ਇਸ ਨੂੰ ਵੀ 3-ਪੀ ਮਾਡਲ ਤਹਿਤ ਵਿਕਸਤ ਕਰਨ ਬਾਰੇ ਆਖਿਆ ਗਿਆ ਹੈ। ਜਾਪਦਾ ਹੈ, ਪ੍ਰਾਈਵੇਟ ਮੰਡੀਆਂ ਨੂੰ ਸਰਕਾਰੀ ਤੰਤਰ ਹੇਠ ਚੱਲ ਰਹੀਆਂ ਮੰਡੀਆਂ ਮੁਕਾਬਲੇ ਖੜ੍ਹਾ ਕਰਨਾ ਹੈ। ਖਰੜੇ ਵਿੱਚ ਕਿਹਾ ਗਿਆ ਹੈ ਕਿ ਏਪੀਐੱਮਸੀ ਮੰਡੀਆਂ ਜ਼ਿਆਦਾਤਰ ਮੰਡੀ ਫੀਸ ਅਤੇ ਹੋਰ ਫੀਸਾਂ ਇਕੱਤਰ ਕਰਨ ਵਿੱਚ ਹੀ ਮਸਰੂਫ ਹਨ। ਮੁੱਦਾ ਹੈ- ਜੇ ਏਪੀਐੱਮਸੀ ਮੰਡੀਆਂ ਸਰਕਾਰੀ ਖੇਤਰ ਵਿੱਚ ਬਿਹਤਰ ਕਾਰਗੁਜ਼ਾਰੀ ਕਰ ਰਹੀਆਂ ਹਨ ਤਾਂ ਨਵੀਆਂ ਲੋੜਾਂ ਦੀ ਪੂਰਤੀ ਲਈ ਇਨ੍ਹਾਂ ਨੂੰ ਨਵਿਆਉਣ ਦੀ ਜ਼ਰੂਰਤ ਹੈ। ਨਾਲ ਹੀ ਸਵਾਲ ਹੈ ਕਿ ਇਨ੍ਹਾਂ ਨੂੰ ਹੋਰ ਵਿਕਸਤ ਕਿਉਂ ਨਹੀਂ ਕਰਨਾ ਚਾਹੀਦਾ? ਅਸਲ ਵਿੱਚ, ਸਰਕਾਰ ਇਸ ਖਰੜਾ ਨੀਤੀ ਰਾਹੀਂ ਮੰਡੀਕਰਨ ਵਿੱਚੋਂ ਵੀ ਆਪਣਾ ਦਖਲ ਘਟਾ ਕੇ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀ ਚਾਹਵਾਨ ਹੈ। ਇਸ ਵਿੱਚ ਕਿਤੇ ਵੀ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਭਾਅ ’ਤੇ ਫ਼ਸਲ ਖਰੀਦਣ ’ਤੇ ਪਾਬੰਦੀ ਦੀ ਗੱਲ ਨਹੀਂ। ਇਉਂ ਸਰਕਾਰ ਦਾ ਹੌਲੀ-ਹੌਲੀ ਘੱਟੋ-ਘੱਟ ਸਮਰਥਨ ਮੁੱਲ ਤੋਂ ਪਿੱਛੇ ਹਟਣ ਦਾ ਖ਼ਦਸ਼ਾ ਹੈ।

ਖਰੜੇ ਦੇ 12 ਨੁਕਾਤੀ ਪ੍ਰੋਗਰਾਮ ਤਹਿਤ ਸਭ ਤੋਂ ਪਹਿਲਾ ਸੁਧਾਰ ਪ੍ਰਾਈਵੇਟ ਹੋਲਸੇਲ ਮੰਡੀਆਂ ਦੀ ਸਥਾਪਨਾ ਨੂੰ ਖੁੱਲ੍ਹ ਦੇਣਾ ਹੈ। ਇਥੇ ਪ੍ਰਾਈਵੇਟ ਮੰਡੀਆਂ ਵਿੱਚ ਕਿਸਾਨ ਦੀ ਆਮਦਨੀ ਵਧਣ ਦਾ ਹਵਾਲਾ ਵੀ ਦਿੱਤਾ ਗਿਆ ਹੈ ਪਰ ਹਕੀਕਤ ਕੁਝ ਹੋਰ ਹੈ। ਪ੍ਰਾਈਵੇਟ ਅਦਾਰੇ ਉਦੋਂ ਤੱਕ ਠੀਕ ਕੰਮ ਕਰਦੇ ਹਨ ਜਿੰਨਾ ਚਿਰ ਇਨ੍ਹਾਂ ਨੂੰ ਮਜ਼ਬੂਤ ਸਰਕਾਰੀ ਖੇਤਰ ਟੱਕਰ ਦਿੰਦਾ ਹੈ। ਮੰਡੀ ਖਰੜੇ ਤਹਿਤ ਪ੍ਰਾਸੈਸਿੰਗ, ਬਰਾਮਦ, ਸੰਗਠਿਤ ਪ੍ਰਚੂਨ ਵਿਕਰੇਤਾ ਅਤੇ ਥੋਕ ਖਰੀਦਦਾਰਾਂ ਨੂੰ ਕਿਸਾਨ ਦੇ ਖੇਤ ਵਿੱਚੋਂ ਹੀ ਖਰੀਦ ਦੀ ਮਨਜ਼ੂਰੀ ਦੇਣ ਬਾਰੇ ਸੁਝਾਅ ਹੈ। ਕੁਝ ਰਾਜਾਂ ਵਿੱਚ ਇਹ ਭਾਵੇਂ ਹੋ ਵੀ ਰਿਹਾ ਹੈ, ਇਸ ਨੂੰ ਹੋਰ ਹੁਲਾਰਾ ਦੇਣ ਬਾਰੇ ਵੀ ਕਿਹਾ ਗਿਆ ਹੈ। ਕਿਹਾ ਗਿਆ ਹੈ ਕਿ ਵੇਅਰ ਹਾਊਸ, ਸਾਈਲੋਜ, ਕੋਲਡ ਸਟੋਰਾਂ ਨੂੰ ਮਾਰਕੀਟ ਫੜ੍ਹ ਐਲਾਨਿਆ ਜਾਵੇ, ਈ-ਟਰੇਡਿੰਗ ਪਲੈਟਫਾਰਮ ਵਿਕਸਿਤ ਤੇ ਲਾਗੂ ਕਰਨ ਦੀ ਇਜ਼ਾਜਤ ਦਿੱਤੀ ਜਾਵੇ; ਇਸ ਤੋਂ ਇਲਾਵਾ ਰਾਜ ਵਿੱਚ ਸਿਰਫ ਇੱਕ ਵਾਰੀ ਹੀ ਮੰਡੀ ਫੀਸ ਲਈ ਜਾਇਆ ਕਰੇ। ਇਸੇ ਤਰ੍ਹਾਂ ਟਰੇਡਿੰਗ ਲਈ ਸਿਰਫ ਇੱਕ ਹੀ ਲਾਈਸੈਂਸ ਨੂੰ ਰਾਜ ਦੀਆਂ ਸਾਰੀਆਂ ਮੰਡੀਆਂ ਲਈ ਪ੍ਰਵਾਨਗੀ ਦਿੱਤੀ ਜਾਵੇ। ਫਲ, ਸਬਜ਼ੀਆਂ ਆਦਿ ਜੋ ਜਲਦੀ ਖਰਾਬ ਹੋ ਜਾਂਦੇ ਹਨ, ਨੂੰ ਮੰਡੀ ਤੋਂ ਬਾਹਰ ਹੀ ਖਰੀਦਣ ਵੇਚਣ ਦੀ ਇਜਾਜ਼ਤ ਦਿੱਤੀ ਜਾਵੇ। ਸਵਾਲ ਹੈ- ਜੇ ਏਪੀਐੱਮਸੀ ਮੰਡੀਆਂ ਦੀ ਹੋਂਦ ਨਹੀਂ ਰਹਿੰਦੀ, ਵਪਾਰੀ ਖਰੀਦ ਕਰਨ ਲਈ ਨਹੀਂ ਪਹੁੰਚਦਾ ਜਾਂ ਕਿਸਾਨ ਘੱਟੋ-ਘੱਟ ਸਮਰਥਨ ਮੁੱਲ ਮੰਗਦਾ ਤੇ ਵਪਾਰੀ ਨਹੀਂ ਦਿੰਦਾ ਤਾਂ ਅਜਿਹੀਆਂ ਹਾਲਤਾਂ ਵਿੱਚ ਕਿਸਾਨ ਦੀ ਫਸਲ ਦੀ ਕੀ ਬਣੇਗਾ?

ਦੂਜੇ ਕਾਨੂੰਨ ‘ਕਿਸਾਨ (ਸ਼ਕਤੀਕਰਨ ਤੇ ਸੁਰੱਖਿਆ ਮੁੱਲ ਭਰੋਸਾ) ਅਤੇ ਖੇਤੀ ਸੇਵਾਵਾਂ ਸਮਝੌਤਾ ਐਕਟ-2020’ ਜਿਸ ਤਹਿਤ ਠੇਕਾ ਖੇਤੀ ਨੂੰ ਉਤਸ਼ਾਹਿਤ ਕਰਨਾ, ਕਿਸਾਨ ਤੇ ਖਰੀਦਦਾਰ ਵਿਚਕਾਰ ਸਪਾਂਸਰ ਰਾਹੀਂ ਸਮਝੌਤਾ, ਤੀਜੀ ਧਿਰ ਵੱਲੋਂ ਕੁਆਲਟੀ ਚੈੱਕ ਅਤੇ ਰਾਜਾਂ ਦੇ ਆਪਣੇ ਲਾਗੂ ਕੀਤੇ ਜਾ ਰਹੇ ਹੋਰ ਐਕਟਾਂ ਤੋਂ ਮੁਕਤੀ ਦਾ ਪ੍ਰਬੰਧ ਕੀਤਾ ਗਿਆ ਸੀ। ਇਉਂ ਠੇਕਾ ਖੇਤੀ ਰਾਹੀਂ ਤੀਜੀ ਧਿਰ ਵਿਚੋਲਗੀ ਵਧਣੀ ਸੀ; ਛੋਟੀ ਤੇ ਦਰਮਿਆਨੀ ਕਿਸਾਨੀ ਦਾ ਖਾਤਮਾ ਅਤੇ ਖੇਤੀ ਖੇਤਰ ਵਿੱਚੋਂ ਨਿਕਲਣ ਵਾਲੇ ਕਾਮਿਆਂ ਦੀ ਗਿਣਤੀ ਵਿੱਚ ਵਾਧੇ ਕਾਰਨ ਅਫਰਾ-ਤਫਰੀ ਵਾਲਾ ਮਾਹੌਲ ਬਣਨ ਦੇ ਖ਼ਦਸ਼ੇ ਸਨ। ਮੰਡੀਕਰਨ ਨੀਤੀ ਖਰੜੇਫ਼ਨਬਸਪ; ਦੇ ਨੁਕਤਾ 10.1.1 ਤਹਿਤ ਠੇਕਾ ਖੇਤੀ ਨੂੰ ਮੰਡੀ ਵਿੱਚ ਕੀਮਤਾਂ ਦੇ ਉਤਰਾਅ-ਚੜ੍ਹਾਅ ਦੇ ਜੋਖ਼ਿਮ ਘਟਾਉਣ ਦੀ ਦਲੀਲ ਦੇ ਕੇ ਔਜ਼ਾਰ ਵਜੋਂ ਪੇਸ਼ ਕੀਤਾ ਗਿਆ ਹੈ। ਖਰੀਦਦਾਰ ਲਈ ਪੈਦਾਵਾਰ ਦੀਆਂ ਅਨੁਕੂਲ ਕੀਮਤਾਂ ਅਤੇ ਕਿਸਾਨਾਂ ਲਈ ਯਕੀਨੀ ਮੰਡੀ ਲਈ ਪਹਿਲਾਂ ਮੁਕਰਰ ਮੁੱਲ ਉੱਤੇ ਖਰੀਦ ਨੂੰ ਮੰਡੀ ਫੀਸ ਤੋਂ ਮੋਹਲਤ ਦੇਣ ਦਾ ਵੀ ਸੁਝਾਅ ਹੈ। ਮਾਡਲ ਏਪੀਐੱਮਸੀ ਐਕਟ-2003 ਤਹਿਤ ਮੰਡੀ ਫੀਸ ਤੋਂ ਰਾਹਤ ਦਿੱਤੀ ਗਈ ਹੈ। ਦੱਸਣਾ ਜ਼ਰੂਰੀ ਹੈ ਕਿ ਪੰਜਾਬ ਵਿੱਚ ਠੇਕਾ ਖੇਤੀ ਮਾਡਲ ਪਹਿਲਾਂ ਹੀ ਫੇਲ੍ਹ ਹੋ ਚੁੱਕਿਆ ਹੈ।

ਤੀਜੇ ਕਾਨੂੰਨ ‘ਜ਼ਰੂਰੀ ਵਸਤਾਂ (ਸੋਧ) ਐਕਟ-2020’ ਤਹਿਤ ਆਸਾਧਾਰਨ ਹਾਲਤਾਂ ਜਿਵੇਂ ਯੁੱਧ, ਅਕਾਲ, ਕੁਦਰਤੀ ਆਫ਼ਤ ਜਾਂ ਆਸਾਧਾਰਨ ਮਹਿੰਗਾਈ ਦੌਰਾਨ ਹੀ ਕੇਂਦਰ ਵੱਲੋਂ ਅਨਾਜ, ਦਾਲਾਂ, ਆਲੂ, ਪਿਆਜ਼, ਖਾਣ ਯੋਗ ਤੇਲ ਬੀਜ ਅਤੇ ਤੇਲ ਦੀ ਸਪਲਾਈ ਨਿਯਮਤ ਕਰ ਸਕਣ ਦੀ ਵਿਵਸਥਾ ਕੀਤੀ ਗਈ ਸੀ। ਇਸ ਨਾਲ ਪ੍ਰਾਈਵੇਟ ਕਾਰੋਬਾਰੀਆਂ ਨੂੰ ਇਨ੍ਹਾਂ ਵਸਤਾਂ ਦੀ ਜਖੀਰੇਬਾਜ਼ੀ ਦੀ ਖੁੱਲ੍ਹ ਮਿਲਣੀ ਸੀ; ਇਉਂ ਆਮ ਵਰਗ ਦੀ ਲੁੱਟ ਹੋਣੀ ਸੀ।

ਇਹ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਹੁਣ ਲੁਕਵੇਂ ਰੂਪ ਵਿੱਚ ਸੁਧਾਰਵਾਦੀ ਦਿੱਖ ਹੇਠ ਲਿਆਂਦਾ ਜਾ ਰਿਹਾ ਹੈ ਬਲਕਿ ਇਸ ਨੂੰ ਜੀਐੱਸਟੀ ਕਾਨੂੰਨ ਦੀ ਤਰਜ਼ ’ਤੇ ਰਾਜਾਂ ਦੇ ਖੇਤੀ ਮੰਤਰੀਆਂ ਰਾਹੀਂ ਲਾਗੂ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਪੰਜਾਬ ਦੇ ਮੰਡੀਕਰਨ ਨੂੰ ਹੋਰ ਬਿਹਤਰ ਬਣਾਉਣ, ਕੁਦਰਤੀ ਵਸੀਲਿਆਂ ਦੀ ਸੰਜਮ ਨਾਲ ਵਰਤੋਂ ਅਤੇ ਲਾਹੇਵੰਦ ਖੇਤੀ ਦੀ ਵਿਉਂਤਵੰਦੀ ਲਈ ਡਾ. ਸੁਖਪਾਲ ਸਿੰਘ (ਚੇਅਰਮੈਨ, ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ) ਦੀ ਰਹਿਨੁਮਾਈ ਹੇਠ ਬਣਾਈ ਟੀਮ ਦੀ ਤਿਆਰ ਕੀਤੀ ਖੇਤੀ ਨੀਤੀ ਨੂੰ ਲਾਗੂ ਕਰਨਾ ਸਮੇਂ ਦੀ ਲੋੜ ਹੈ।

# ਡਾ. ਸੁਖਪਾਲ ਸੰਘੇੜਾ ਨਾਲ ਗੱਲਬਾਤ



ਵਲੋਂ : ਰਵਿੰਦਰ ਸਿੰਘ ਸੋਢੀ

## ਸੱਤਵੀਂ ਕਿਸ਼ਤ

ਸੂਚਨਾ ਇਨਕਲਾਬ ਦੀ ਇਹ ਸੂਖਮ ਖਿਲੌਣਾ ਝਲਕ ਦਿਖਾਉਂਦਿਆਂ, ਮੈਂ ਭਵਿੱਖਬਾਣੀ ਕਰਦਿਆਂ ਕਿਹਾ ਸੀ, "ਹਾਲਾਤ ਇੱਥੋਂ ਤੱਕ ਪਹੁੰਚ ਜਾਣੇ ਆਂ ਪਈ ਕੋਈ ਵੀ ਬੰਦਾ ਇੰਟਰਨੈੱਟ ਉੱਪਰ ਆਪਣਾ ਆਕਾਸ਼ਵਾਣੀ ਜਲੰਧਰ ਚਾਲੂ ਕਰ ਸਕਦਾ, ਆਪਣੀ ਅਖਬਾਰ ਸ਼ੁਰੂ ਕਰ ਸਕਦਾ। ਹੌਲੀ ਹੌਲੀ ਅਖਬਾਰਾਂ, ਰੇਡੀਉ, ਟੀ.ਵੀ. ਆਦਿ ਸਭ ਇੰਟਰਨੈੱਟ ਨਾਲ ਇਕ ਮਿਕ ਹੋ ਜਾਣੇ ਆਂ। ਇੰਟਰਨੈੱਟ ਉੱਪਰ ਕਿਉਂਕਿ ਕੋਈ ਵੀ ਕਿਸੇ ਨਾਲ ਵੀ ਗੱਲ ਕਰ ਸਕਦਾ, ਇਸ ਲਈ ਇੰਟਰਨੈੱਟ ਟੀ.ਵੀ., ਰੇਡੀਉ ਜਾਂ ਅਖਬਾਰਾਂ ਵਾਂਗ ਪ੍ਰਸਾਰਨ ਮਾਧਿਅਮ ਨਹੀਂ ਕਿ ਇਕ ਬੰਦਾ ਬੋਲ ਰਿਹਾ ਬਾਕੀ ਸਾਰਾ ਮੁਲਖ ਸੁਣ ਰਿਹਾ। ਕਿਉਂਕਿ ਕੋਈ ਵੀ ਬੰਦਾ ਆਪਣੀ ਗੱਲ ਕਹਿ ਸਕਦਾ, ਇਹ ਆਪਣੇ ਆਪ ਵਿਚ ਇਕ ਇਨਕਲਾਬ ਆ। ਕਿਉਂਕਿ ਇੰਟਰਨੈੱਟ ਦੇ ਮਾਧਿਅਮ ਦੇ ਘੇਰੇ ਵਿਚ ਸਾਰੀ ਦੁਨੀਆਂ ਆਉਂਦੀ ਆ, ਇਸ ਲਈ ਏਨੇ ਵੱਡੇ ਅਸਰ ਘੇਰੇ ਵਾਲਾ ਇਨਕਲਾਬ ਦੁਨੀਆਂ ਨੇ ਪਹਿਲਾਂ ਕਦੀ ਨਹੀਂ ਦੇਖਿਆ।"

ਇਹ ਸਾਰਾ ਕੁੱਝ ਪਿਛਲੇ ਦੋ ਦਹਾਕਿਆਂ ਤੋ ਆਪਾਂ, ਦੁਨੀਆਂ ਸਮੇਤ, ਦੇਖਦੇ ਤੇ ਭੋਗਦੇ/ਹੰਢਾਉਂਦੇ ਆ ਰਹੇ ਆ।


ਮਿਸਾਲ ਵਜੋਂ, ਸੰਗੀਤ/ਰੇਡੀਓ ਦੇ ਖੇਤਰ ਵਿੱਚ ਸੂਚਨਾ ਇਨਕਲਾਬ ਮੇਰੀ ਪਹਿਲੀ ਗੱਲਬਾਤ ਤੋਂ ਥੋੜ੍ਹਾ ਪਹਿਲਾਂ ਹੀ ਸ਼ੁਰੂ ਹੋ ਚੁੱਕਿਆਂ ਸੀ, ਯੂਟਿਊਬ ਤੋਂ ਵੀ ਪਹਿਲਾਂ। ਆਪਣੇ ਕੰਮ ਚੋਂ ਇਕ ਤਜਰਬਾ ਦੱਸਦਾਂ, ਜਦੋਂ ਮੈਂ ਇਕ ਐਸੀ ਕੰਪਨੀ, ਮਪ3, ਵਿਚ ਕੰਮ ਕਰਦਾ ਸੀ ਜੋ ਸੰਗੀਤ/ਰੇਡੀਓ ਦੇ ਖੇਤਰ ਵਿਚ ਇਨਕਲਾਬ ਲਿਆ ਰਹੀ ਸੀ। ਅਸੀਂ ਆਪਣੀ ਵੈੱਬਸਾਈਟ ਉੱਪਰੋਂ ਦੁਨੀਆਂ ਭਰ ਦੇ ਕਲਾਕਾਰਾਂ ਨੂੰ ਸੱਦਾ ਦਿੱਤਾ ਕਿ ਉਹ ਇਸ ਸਾਈਟ ਦੁਆਰਾ ਆਪਣਾ ਸੰਗੀਤ ਸਿੱਧਾ ਲੋਕਾਂ ਤੱਕ ਪਹੁੰਚਣ। ਲੱਖਾਂ ਜਾਣੇ ਤੇ ਅਣਜਾਣੇ ਸੰਗੀਤਕਾਰਾਂ ਨੇ ਆਪਣਾ ਸੰਗੀਤ ਲੋਕਾਂ ਨੂੰ ਸਿੱਧਾ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਹਾਲੀਵੁਡ ਦੇ ਮੀਡੀਆ ਸਰਦਾਰਾਂ ਨੂੰ ਇਹ ਦੇਖ ਕੇ ਹੱਥਾਂ ਪੈਰਾਂ ਦੀਆਂ ਪੈ ਗਈਆਂ। ਇਸ ਖੇਤਰ ਵਿੱਚ, ਪਿਛਲੀ ਇੱਕ ਸਦੀ ਤੋਂ ਪੰਜ ਵੱਡੀਆਂ ਕੰਪਨੀਆਂ ਟਾਇਮ ਵਾਰਨਰਜ਼, ਈ. ਐੱਮ.ਆਈ, ਯੂਨੀਵਰਸਲ, ਸੋਨੀ, ਤੇ ਬੀ.ਐੱਮ.ਜੀ ਸੰਗੀਤ ਵਰਤਾਉਣ ਦੇ ਸਾਧਨਾਂ ਉੱਪਰ ਜੱਫ਼ਾ ਮਾਰੀ ਬੈਠੇ ਸਨ। ਇੰਟਰਨੈੱਟ ਨੂੰ ਉਨ੍ਹਾਂ ਨੇ ਨਜ਼ਰ ਅੰਦਾਜ਼ ਕੀਤਾ ਹੋਇਆ ਸੀ ਕਿਉਂਕਿ ਇਸ ਉੱਪਰ ਉਨ੍ਹਾਂ ਦਾ ਕਬਜ਼ਾ ਨਹੀਂ ਸੀ। ਜਦੋਂ ਇਸ ਇਨਕਲਾਬ ਦੇ ਹੂੰਝੇ ਸਾਹਮਣੇ ਆਪਣੇ ਆਪ ਨੂੰ ਬੇਸਹਾਰਾ ਹੁੰਦੇ ਮਹਿਸੂਸ ਕੀਤਾ ਤਾਂ ਇਨ੍ਹਾਂ ਪੰਜ ਵੱਡੇ ਸਰਦਾਰਾਂ ਨੇ ਸਾਡੇ ਉੱਪਰ ਮੁਕੱਦਮਾਂ ਕਰ ਮਾਰਿਆ। ਇਹ ਛੋਟੀ ਜਿਹੀ ਉਦਾਹਰਣ ਇਸ ਗੱਲ ਦਾ ਸਬੂਤ ਸੀ ਕਿ ਸੂਚਨਾ ਇਨਕਲਾਬ ਸੱਚਮੁਚ ਵਾਪਰਣਾ ਸ਼ੁਰੂ ਹੋ ਰਿਹਾ ਸੀ; ਜਿਹਦੇ ਬਾਰੇ ਜਿਵੇ ਮੈਂ ਉਦੋਂ, ਮੇਰੀ ਪਹਿਲੀ ਗੱਲਬਾਤ ਦੌਰਾਨ, ਕਿਹਾ ਸੀ, "ਇਹਦੇ ਅਸਰ ਖੇਤਰ ਵਿਚ ਸਾਰੇ ਦੇਸ਼, ਸਾਰੇ ਸੱਭਿਆਚਾਰ, ਤੇ ਸਾਰੇ ਖੇਤਰ ਆ ਜਾਣੇ ਆਂ। ਇੰਨੇ ਵੱਡੇ ਪ੍ਰਭਾਵ ਖੇਤਰ ਵਾਲਾ ਇਨਕਲਾਬ ਇਸ ਧਰਤੀ ਉੱਪਰ ਮਨੁੱਖਤਾ ਦੇ ਇਤਿਹਾਸ ਵਿਚ ਪਹਿਲਾਂ ਕਦੀ ਨਹੀਂ ਵਾਪਰਿਆ।"

- **ਹਾਂ, ਜਿਵੇਂ ਤੁਸੀਂ ਕਿਹਾ ਸੀ, ਪਿਛਲੇ ਦੋ ਦਹਾਕਿਆਂ ਤੋਂ ਉਵੇਂ ਹੁੰਦਾ ਆਇਆ ਹੈ। ਦੁਨੀਆਂ ਬੜੀ ਬਦਲ ਗਈ ਆ ਸੰਚਾਰ ਦੇ ਖ਼ੇਤਰ ਵਿੱਚ, ਤੇ ਇਹ ਤਬਦੀਲੀ ਦੂਸਰੇ ਖ਼ੇਤਰਾਂ ਵਿੱਚ ਵੀ ਤਬਦੀਲੀਆਂ ਉਪਜਾਉਂਦੀ ਆ ਰਹੀ ਆ। ਖ਼ੈਰ, ਅੱਜਕੱਲ ਵਿਗਿਆਨ ਵਿੱਚ ਤੁਹਾਡੀਆ ਕੀ ਸਰਗਰਮੀਆਂ? ਕੰਪਿਊਟਰ ਵਿਗਿਆਨ ਵੱਲ ਨੂੰ ਮੋੜਾ ਕੱਟਣ ਤੋਂ ਬਾਅਦ ਤੁਸੀਂ ਭੌਤਿਕ ਵਿਗਿਆਨ ਦੇ ਖੋਜ ਖ਼ੇਤਰ ਨਾਲ ਵੀ ਕਿੰਨਾ ਕੁ ਸੰਪਰਕ ਰੱਖਦੇ ਆ ਰਹੇ ਹੋ, ਭਵਿੱਖ ਦੀ ਪਲੈਨ?**

ਦੇਖੋ ਸੋਢੀ ਜੀ, ਵਿਗਿਆਨੀ ਆ, ਪਰ ਵਿਗਿਆਨ ਦੇ ਸਿਰਫ਼ ਇੱਕ ਹੀ ਕੋਨੇ ਵਿੱਚ ਬੈਠਿਆਂ ਮੇਰਾ ਜੀਅ ਨਹੀਂ ਲੱਗਦਾ; ਇਸ ਲਈ ਮੈਂ ਸਮੇਂ ਦੇ ਨਾਲ ਨਾਲ ਤਿੰਨ ਵਿਗਿਆਨ ਵਿਸ਼ਿਆ ਵਿੱਚ ਗਰੇਜੂਏਟ, ਜਿਹਨੂੰ ਭਾਰਤ ਵਿੱਚ ਪੋਸਟ-ਗਰੇਜੂਏਟ ਕਹਿੰਦੇ ਆ, ਡਿਗਰੀਆਂ ਕਮਾ ਰੱਖੀਆਂ ਨੇ: ਭੌਤਿਕ ਵਿਗਿਆਨ, ਕੰਪਿਊਟਰ ਵਿਗਿਆਨ, ਤੇ ਜੀਵ ਵਿਗਿਆਨ ਵਿੱਚ। ਪਰ, ਭੌਤਿਕ ਵਿਗਿਆਨ ਦਾ ਕੋਨਾ ਮੇਰਾ ਵਧੇਰੇ ਪਸੰਦੀਦਾ ਹੈ, ਉਸ ਨਾਲ ਥੋੜਾ ਜਾਂ ਬਹੁਤਾ ਸੰਪਰਕ ਵਿੱਚ ਮੈਂ ਹਮੇਸ਼ਾ ਵਿੱਚ ਰਹਿੰਦਾ ਆ। ਆਸਾਰ ਬਣ ਰਹੇ ਆ ਕਿ ਆਉਦੇ ਸਮੇਂ ਭੌਤਿਕ ਵਿਗਿਆਨ ਖੋਜ ਵਿੱਚ ਫਿਰ ਜਿਆਦਾ ਸਰਗਰਮ ਹੋ ਜਾਵਾਂਗਾ।

- **ਚੱਲੋ ਗੱਲ ਨੂੰ ਫਿਰ ਕਵਿਤਾ ਵੱਲ ਨੂੰ ਮੋੜੀਏ। ਤੁਹਾਡਾ ਕੰਮ-ਖੇਤਰ ਵਿਗਿਆਨ ਖੋਜ ਤੇ ਵਿਗਿਆਨ ਅਧਿਆਪਨ ਦਾ ਹੈ। ਕਵਿਤਾ ਵਰਗੀ ਨਾਜ਼ਕ ਵਿਧਾ ਲਈ ਇਹ ਅੜਚਣ ਤਾਂ ਨਹੀਂ ਬਣਦਾ?**

ਔਂਔਤੁਹਾਡਾ ਸੁਆਲ, ਸੋਢੀ ਜੀ, ਬੜਾ ਬਾਜਵ ਆ। ਦੇਖਣ ਨੂੰ ਤਾਂ ਇੰਝ ਈ ਲੱਗਦਾ ਕਿ ਕਵੀ ਤੇ ਵਿਗਿਆਨੀ ਦੋ ਅਲੱਗ ਅਲੱਗ ਸੰਸਾਰਾਂ ਦੇ ਵਾਸੀ ਆ ਤੇ ਬੰਦਾ ਦੋ ਬਿਲਕੁਲ ਅਲੱਗ ਦਿਸਦੇ ਸੰਸਾਰਾਂ ਵਿਚ ਇੱਕੋ ਸਮੇਂ ਕਿਵੇਂ ਰਹਿ ਸਕਦਾ। ਕਵਿਤਾ ਤੇ ਵਿਗਿਆਨ ਵਿਚ ਇਹ ਵਿਰੋਧ ਸਾਨੂੰ ਇਸ ਲਈ ਦਿਸਦਾ ਕਿਉਂਕਿ ਸਾਡਾ ਵਿਸ਼ਵਾਸ਼ ਆ ਕਿ ਕਵਿਤਾ ਦਾ ਸੰਬੰਧ ਕਲਪਨਾ ਨਾਲ ਹੈ ਤੇ ਵਿਗਿਆਨ ਦਾ ਤਰਕ ਤੇ ਪ੍ਰਯੋਗ ਨਾਲ। ਪਰ, ਇਹ ਕਲਪਿਤ ਵਿਰੋਧ ਆਪਣੇ ਆਪ ਹੀ ਗਾਇਬ ਹੋ ਜਾਂਦਾ ਜੇ ਅਸੀਂ ਇਸ ਸਚਾਈ ਨੂੰ ਗਹ੍ਰਿਣ ਕਰ ਲਈਏ ਕਿ ਨਾਂ ਤਾਂ ਕਵਿਤਾ ਹੀ ਤਰਕ ਤੋਂ ਪੂਰੀ ਤਰਾਂ ਮੁਕਤ ਹੈ ਤੇ ਨਾ ਹੀ ਵਿਗਿਆਨ ਦੀ ਕਲਪਨਾ ਤੋਂ ਬਿਨਾਂ ਪ੍ਰਗਤੀ ਹੋਣੀ ਸੰਭਵ ਆ। ਵਿਗਿਆਨ ਵਿੱਚ ਖੋਜ ਉਨ੍ਹਾਂ ਚੀਜ਼ਾਂ ਜਾਂ ਵਰਤਾਰਿਆਂ ਬਾਰੇ ਕੀਤੀ ਜਾਂਦੀ ਆ ਜਿਨ੍ਹਾਂ ਬਾਰੇ, ਜਾਂ ਜਿਨ੍ਹਾਂ ਦੇ ਕੁਝ ਪੱਖਾਂ ਬਾਰੇ, ਸਾਨੂੰ ਅਜੇ ਗਿਆਨ ਨਹੀਂ ਹੁੰਦਾ। ਅਜਿਹੀ ਖੋਜ ਕਰਦੇ ਸਮੇਂ ਵਿਗਿਆਨੀ ਨੂੰ ਪ੍ਰਾਪਤ ਗਿਆਨ ਦੇ ਧਰਾਤਲ ਉੱਪਰ ਖੜ੍ਹ ਕੇ ਅਣਸਮਝੀ ਅਣਜਾਣੀ ਦੁਨੀਆਂ ਵੱਲ



ਬੀ.ਐਸ.ਸੀ. ਸਾਲ ਪਹਿਲਾ ਦਾ ਵਿਦਿਆਰਥੀ ਸੁਖਪਾਲ ਸੰਘੇੜਾ ਭਾਰਤ ਦੇ ਰਾਸ਼ਟਰਪਤੀ ਵੀ.ਵੀ. ਗਿਰੀ ਹੱਥੋਂ ਪੰਜਾਬੀ ਵਿਸ਼ੇ ਵਿੱਚ ਮੈਰਿਟ ਇਨਾਮ ਪ੍ਰਾਪਤ ਕਰਦਾ ਹੋਇਆ; ਡੀ.ਏ.ਵੀ. ਕਾਲਜ, ਜਲੰਧਰ, ਪੰਜਾਬ।

ਨੂੰ ਕਲਪਨਾ ਦੀ ਉਡਾਰੀ ਮਾਰਨੀ ਪੈਂਦੀ ਆ। ਪ੍ਰਾਪਤ ਗਿਆਨ ਦੇ ਧਰਾਤਲ ਤੇ ਖੜ੍ਹ ਕੇ ਮਾਰੀ ਇਸ ਕਲਪਨਾ ਉਡਾਰੀ 'ਚੋਂ ਵਿਗਿਆਨਕ ਸਿਧਾਂਤ ਜਾਂ ਪਰਿ-ਸਿਧਾਂਤ ਜਨਮ ਲੈਂਦੇ ਆ। ਨਿਸ਼ਚੇ ਹੀ ਐਸੇ ਸਿਧਾਂਤ ਜਾਂ ਪਰਿ-ਸਿਧਾਂਤ ਨੂੰ ਵਿਗਿਆਨਕ ਤਜਰਬਿਆਂ/ਪ੍ਰਯੋਗਾਂ ਦੀ ਕਸਵੱਟੀ ਉੱਪਰ ਪਰਖਿਆ ਜਾਏਗਾ, ਪਰ ਐਸੇ ਸਿਧਾਂਤ ਤੱਕ ਪਹੁੰਚਣ ਲਈ ਕਲਪਨਾ ਨਿਸ਼ਚੇ ਹੀ ਮਹੱਤਵਪੂਰਨ ਰੋਲ ਨਿਭਾਉਂਦੀ ਆ। ਸਾਰਥਿਕ ਕਵਿਤਾ ਵੀ ਤਾਂ ਹੀ ਲਿਖੀ ਜਾਂਦੀ ਆ ਜੇ ਪ੍ਰਾਪਤ ਗਿਆਨ ਦੇ ਧਰਾਤਲ 'ਤੇ ਖੜ੍ਹਕੇ ਅਣਜਾਣੀ ਦੁਨੀਆਂ ਵੱਲ ਨੂੰ ਕਲਪਨਾ ਦੀ ਉਡਾਰੀ ਮਾਰੀ ਜਾਵੇ। ਸੋ, ਵਿਗਿਆਨ ਦਾ ਕਵਿਤਾ ਵਿਚ ਰੋਲ ਵਿਘਨ ਪਾਉਣ ਵਾਲਾ ਨਹੀਂ ਸਗੋਂ ਮੱਦਦ ਕਰਨ ਵਾਲਾ। ਮੇਰੇ ਅੰਦਰ ਵਿਗਿਆਨ ਤੇ ਕਵਿਤਾ ਦੋਨ੍ਹੋਂ ਪ੍ਰਸਪਰ ਸਦਭਾਵਨਾ ਤੇ ਸਮਤੋਲ,ਸਮਤਾਲ ਵਿਚ ਰਹਿੰਦੇ ਆ। ਦੋਨ੍ਹਾਂ ਵਿਚ ਕਦੀ ਕਲੇਸ਼ ਨਹੀਂ ਹੋਇਆ। ਕਿਸੇ ਵੀ ਭਾਸ਼ਾ ਦੀ ਕਵਿਤਾ ਵਾਂਗ, ਪੰਜਾਬੀ ਕਵਿਤਾ ਦਾ ਭਲਾ ਵੀ ਵਿਗਿਆਨ ਤੇ ਤਰਕ ਨੂੰ ਨਿਕਾਰਨ ਵਿਚ ਨਹੀਂ ਸਗੋਂ ਇਨ੍ਹਾਂ ਨੂੰ ਅਪਣਾਉਣ ਵਿਚ ਆ। ਵਿਗਿਆਨ ਦਾ ਮੂਲ ਕੰਮ ਹੈ: ਕੁਦਰਤ ਦੇ ਭੇਤ ਖੋਜਣਾ ਜਾਂ ਉਧੇੜਣਾ। ਵਿਗਿਆਨ ਦੀ ਅੱਖ ਨਾਲ ਵੇਖਿਆਂ ਮੈਨੂੰ ਤਾਂ ਕੁਦਰਤ ਅਨਗਣਿਤ ਕਵਿਤਾਵਾਂ ਸੰਗ ਭਰਿਆਂ ਮਹਾਂ-ਕਾਵਿ ਹੀ ਲੱਗਦੀ ਆ:

ਕਦ ਹਰ ਥਾਂ ਖਿੜੀ ਬਹਾਰ ਦਿਸੇ    ਕਦ ਪੱਤਝੜ ਰੁੰਡ ਮਰੁੰਡ ਕਰੇ,
ਹੁਣੇ ਅੱਗ ਅਸਮਾਨੋਂ ਵਰ੍ਹਦੀ ਸੀ    ਹੁਣ ਅੰਬਰੋਂ ਕੂਲੀ ਬਰਫ਼ ਝੜੇ।
ਚੜ੍ਹ ਬੱਦਲਾਂ ਦੀ ਕੰਧੇੜੀ 'ਤੇ    ਕਦੀ ਵਿਹੜੇ ਸਾਗਰ ਆਣ ਵਰ੍ਹੇ,
ਤੇਰੀ ਕਾਰ ਤੋਂ ਇਕ ਹਜ਼ਾਰ ਗੁਣਾ    ਦੀ ਤੇਜ਼ੀ ਦੇ ਨਾਲ ਨਾਚ ਕਰੇ,
ਨੱਚ ਜ਼ਮੀਂ ਦੁਆਲੇ ਸੂਰਜ ਦੇ    ਰੁੱਤਾਂ ਦੀ ਚੱਕੀ ਫੇਰੀ ਹੈ,
ਹੁਣ ਇਹਤੋਂ ਵੱਡੀ ਦੱਸ ਕਵੀਆ    ਕਵੀਆਂ ਦੀ ਕਵਿਤਾ ਕਿਹੜੀ ਹੈ?
'ਮੈਂ' ਦੇ ਰੀਬੂਟ ਤੋਂ ਹੁਣ ਤੱਕ

- **ਤੁਹਾਡਾ ਪਹਿਲਾ ਕਾਵਿ-ਸੰਗ੍ਰਹਿ 'ਟੱਕਰ' ਭਾਅ ਜੀ ਗੁਰਸ਼ਰਨ ਸਿੰਘ ਹੁਣਾਂ ਨੇ 'ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ' ਵਲੋਂ ਪ੍ਰਕਾਸ਼ਤ ਕੀਤਾ, 1980 ਵਿੱਚ। ਉਦੋਂ ਤੱਕ ਇਸ 'ਚੋਂ ਸੱਤਰਵਿਆਂ ਵਿਚ ਤੁਹਾਡਾ ਗੀਤ "ਸੁਣ ਦਿੱਲੀ ਦੀਏ ਸਰਕਾਰੇ, ਤੇਰੇ ਸਾਡੇ ਵੈਰ ਕਰਾਰੇ..." ਉਦਾਸੀ ਦੇ ਗੀਤਾਂ ਤੇ ਪਾਸ਼ ਦੀ ਕਵਿਤਾ ਵਾਂਗ ਹੀ ਪੰਜਾਬ ਵਿਚ ਮਕਬੂਲ ਹੋ ਚੁੱਕਿਆ ਸੀ। ਪਲਸ ਮੰਚ ਦੀਆਂ ਟੇਪਾਂ ਵਿਚ ਤੁਹਾਡੇ ਗੀਤ ਵੀ ਰਿਕਾਰਡ ਹੁੰਦੇ ਰਹੇ।ਅੱਸੀਵਿਆਂ ਦੇ ਮੰਦਭਾਗੇ ਫਿਰਕੂ ਮਹੌਲ ਦੌਰਾਨ ਮਕਬੂਲ ਹੋਇਆ ਗੀਤ "ਲਹੂ ਵਿਚ ਭਿੱਜਿਆ ਗੁਲਾਬ ਸਾਥੀਉ, ਉੱਠੋ ਸਾਂਭੋ ਆਪਣਾ ਪੰਜਾਬ ਸਾਥੀਉ" ਵੀ ਤੁਹਾਡੀ ਕਲਮ 'ਚੋਂ ਨਿੱਕਲਿਆ। ਇਸ ਸਮੇਂ ਦੌਰਾਨ ਇਸੇ ਵਿਸ਼ੇ 'ਤੇ ਤੁਸੀਂ ਇੱਕ ਬੜਾ ਵਿਲੱਖਣ ਨਾਵਲ "ਢੱਠਾ ਖੂਹ" ਵੀ ਲਿਖਿਆ, ਜੋ ਪਲਸ ਮੰਚ ਵਲੋਂ ਪ੍ਰਕਾਸ਼ਤ ਹੋਇਆ। 1982 'ਚੇ ਤੁਹਾਡੇ ਵਲੋਂ ਲਿਖਿਆ, ਯੋਜੀਨ ਪੋਤੀਓ ਦੇ 'ਇੰਟਰਨੈਸ਼ਨਲ' ਗੀਤ ਦਾ ਪੰਜਾਬੀ ਰੂਪ "ਲਹਿਰਾਂ ਬਣ ਉੱਠੋ ਭੁੱਖਾਂ ਦਿਓ ਲਤਾੜਿਓ, ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ...", ਉਦੋਂ ਤੋਂ ਹੁਣ ਤੱਕ ਪੰਜਾਬ ਦੀ ਪ੍ਰਗਤੀਸ਼ੀਲ ਧਿਰ ਦੀਆਂ ਸਟੇਜਾਂ 'ਤੇ ਚੱਲਦਾ। 1997 ਵਿੱਚ ਤੁਹਾਡਾ ਕਾਵਿ-ਸੰਗ੍ਰਹਿ 'ਕਿੱਸਿਆਂ ਦੇ ਕੈਦੀ' ਗੁਰਸ਼ਰਨ ਸਿੰਘ ਹੁਣਾਂ ਦੀ 'ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ' ਵਲੋਂ ਪ੍ਰਕਾਸ਼ਤ ਕੀਤਾ ਗਿਆ। 2000 ਵਿੱਚ ਤੁਹਾਡਾ ਦੂਜਾ ਨਾਵਲ "ਇੱਕ 'ਦਹਿਸ਼ਤ ਪਸੰਦ' ਦੀ ਡਾਇਰੀ" ਸ਼ਹੀਦ ਪਬਲੀਕੇਸ਼ਨਜ਼ ਪ੍ਰਕਾਸ਼ਨ ਪੰਜਾਬ ਵਲੋਂ ਪ੍ਰਕਾਸ਼ਤ ਕੀਤਾ ਗਿਆਨ, 2004 ਵਿੱਚ ਚੇਤਨਾ ਪ੍ਰਕਾਸ਼ਨਾ ਨੇ ਤੁਹਾਡੇ ਕਾਵਿ-ਸੰਗ੍ਰਹਿ 'ਭੂਤ ਨਗਰੀ' ਦੀ ਪ੍ਰਕਾਸ਼ਨਾ ਕੀਤੀ, ਤੇ 2020 ਵਿੱਚ ਪੰਜਾਬ ਪੀਪਲਜ਼ ਫ਼ੋਰਮ ਨੇ, ਗ਼ਦ ਦੇ ਖ਼ੇਤਰ 'ਚੇ ਤੁਹਾਡੀ ਕਿਤਾਬ "ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ (ਯੂਰਪੀਅਨ ਰੇਨਾਸਾਂਸ ਦੇ ਪ੍ਰਸੰਗ ਵਿੱਚ)" ਪ੍ਰਕਾਸ਼ਤ ਕੀਤੀ, ਜੋ ਪੰਜਾਬੀ ਸਾਹਿਤ ਵਿੱਚ ਪਹਿਲੀ ਵਾਰ ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ ਨੂੰ ਪਛਾਣਦੀ ਤੇ ਪ੍ਰਭਾਸ਼ਤ ਕਰਦੀ ਹੋਈ ਇਹਦੀ ਤੁਲਨਾ ਯੂਰਪੀਅਨ ਰੇਨਾਸਾਂਸ ਲਹਿਰ ਨਾਲ ਕਰਦੀ ਹੈ। ਭਾਰਤੀ ਕਿਸਾਨ ਅੰਦੋਲਨ 2020-2021 ਦੌਰਾਨ ਤੁਹਾਡਾ ਗੀਤ "ਸੁਣ ਦਿੱਲੀ ਦੀਏ ਸਰਕਾਰੇ, ਤੇਰੇ ਸਾਡੇ ਵੈਰ ਕਰਾਰੇ" ਲੋਕ-ਗੀਤਾਂ ਵਾਂਗ ਗਾਇਆ ਜਾਂਦਾ ਰਿਹਾ; ਤੁਹਾਡਾ ਲਿਖਿਆ ਤੇ ਬਰਕਤ ਸਿੱਧੂ ਦਾ ਗਾਇਆ "ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ" ਗੀਤ ਦਾ ਸੰਸਕਰਨ ਵੀ ਵੱਜਦਾ ਰਿਹਾ। ਉਹਤੋਂ ਬਾਅਦ ਕਵਿਤਾਵਾਂ ਤੇ ਲੇਖ ਲਿਖਦੇ ਚਲੇ ਆਉਂਦੇ ਹੋ। ਫਿਰ ਵੀ ਪੰਜਾਬੀ ਸਾਹਿਤ ਦੇ ਖ਼ੇਤਰ ਵਿੱਚ ਤੁਹਾਡਾ ਬਣਦਾ ਨੋਟਿਸ ਨਹੀਂ ਲਿਆ ਗਿਆ। ਦੂਜੇ ਸ਼ਬਦਾਂ ਵਿਚ, ਪੰਜਾਬੀ ਆਲੋਚਨਾ ਜਾਂ ਆਲੋਚਕਾਂ ਤੋਂ ਕਿੰਨਾ ਕੁ ਖੁਸ਼ ਹੋ?**

ਮੈਂ ਸ਼ੁਰੂ ਵਿੱਚ ਹੀ ਅਨੁਭਵ ਲਿਆ ਸੀ ਕਿ ਪੰਜਾਬੀ ਸਾਹਿਤ ਦੀ ਸਥਾਪਤੀ ਦੀ ਨਜ਼ਰ ਚੜ੍ਹਨ ਲਈ ਕਈ ਤਰਾਂ ਦੇ ਪਾਪੜ ਵੇਲਣੇ ਪੈਣਗੇ। ਜ਼ਿੰਦਗੀ ਬਹੁਤ ਛੋਟੀ ਭਾਸਦੀ ਹੈ, ਇਸ ਲਈ ਮੈਂ ਆਪਣਾ ਵਕਤ ਬੜਾ ਸੋਚ ਸਮਝ ਕੇ ਵਰਤਦਾਂ। ਉਂਝ ਵੀ ਇਸ ਤਰ੍ਹਾਂ ਦੇ ਪਾਪੜ ਵੇਲਣ ਲਈ ਆਪਣੀ ਜ਼ਮੀਰ ਗਹਿਣੇ ਗਹਿਣੇ ਰੱਖਣੀ ਪੈਂਦੀ ਹੋਊ, ਜੋ ਮੈਨੂੰ ਮਨਜ਼ੂਰ ਨਹੀਂ। ਸੋ, ਮੈਂ ਇਹ ਖੇਡ ਖੇਡਣ ਤੋਂ ਕੰਨੀ ਕਤਰਾ ਗਿਆ। ਇਹ ਮੇਰੀ ਆਪਣੀ ਚੋਣ ਸੀ ਤੇ ਹੈ; ਨਤੀਜਾ ਖਿੜੇ ਮੱਥੇ ਭੁਗਤ ਰਿਹਾਂ। ਦੂਜੇ ਸ਼ਬਦਾਂ ਵਿਚ, ਪੰਜਾਬੀ ਸਾਹਿਤਕਾਰ ਵਜੋਂ ਮੈਂ ਆਮ ਤੌਰ 'ਤੇ ਪੰਜਾਬੀ ਅਲੋਚਨਾ ਤੋਂ ਸੰਤੁਸ਼ਟ ਨਹੀਂ ਆਂ ਤੇ ਪੰਜਾਬੀ ਆਲੋਚਕਾਂ ਉੱਪਰ ਨਿੱਜੀ ਤੌਰ 'ਤੇ ਗਿਲਾ ਵੀ ਕੋਈ ਨਹੀਂ। ਮੈਂ ਉਨ੍ਹਾਂ ਦੀਆਂ ਦੁਕਾਨਾਂ ਉੱਪਰੋਂ ਕਦੀ ਸੌਦਾ ਖਰੀਦਣ ਹੀ ਨਹੀਂ ਗਿਆ, ਤਾਂ ਓਨ੍ਹਾਂ ਦੀ ਨਜ਼ਰੀਂ ਹੀ ਨਹੀਂ ਪਿਆ, ਨਜ਼ਰ ਚੜ੍ਹਨਾ ਤਾਂ ਗੱਲ ਦੂਰ ਦੀ। ਸਾਹਿਤਕਾਰ ਵਜੋਂ ਗ਼ੈਰ-ਸੰਤੁਸ਼ਟੀ ਇਸ ਵਿੱਚ ਆ ਕਿ ਪੰਜਾਬੀ ਸਾਹਿੱਤ ਦੇ ਸਦੀਆਂ ਲੰਬੇ ਇਤਿਹਾਸ ਦੇ ਬਾਵਜੂਦ ਵੀ ਅਜੋਕੀ ਪੰਜਾਬੀ ਸਾਹਿਤ ਆਲੋਚਨਾ ਦਾ ਖੇਤਰ ਕਈ ਪੱਖਾਂ ਤੋਂ ਅਜੇ ਵੀ ਬੜੇ ਗੈਰ ਸੰਜੀਦਾ ਤੇ ਪਰਾਰੰਭਿਕ ਦੌਰ ਵਿਚ ਲੱਗਦਾ ਆ। ਪਹਿਲੀ ਗੱਲ ਤਾਂ ਇਹ ਕਿ ਅਲੋਚਕ ਪ੍ਰਕਾਸ਼ਤ ਹੋ ਰਹੇ ਸਾਹਿਤ ਦੇ ਇਕ ਬੜੇ ਛੋਟੇ ਜਿਹੇ ਹਿੱਸੇ ਵੱਲ ਵੀ ਧਿਆਨ ਦਿੰਦੇ ਆ। ਬਾਕੀ ਦੇ ਹਿੱਸੇ ਤੱਕ ਪਹੁੰਚਣ ਲਈ ਜਾਂ ਤਾਂ ਉਹ ਕੋਸ਼ਿਸ਼ ਨਹੀਂ ਕਰਦੇ ਜਾਂ ਉਹਨੂੰ ਅਣਗੌਲਿਆਂ ਕਰ ਦਿੰਦੇ ਆ। ਜਿਹੜਾ ਹਿੱਸਾ ਉਹਨਾਂ ਦੇ ਧਿਆਨ ਘੇਰੇ ਵਿਚ ਆਉਂਦਾ ਵੀ ਆ ਉਹਦੀ ਅਲੋਚਨਾ ਵੀ ਕਿਸੇ ਮਿਆਰੀ ਮਾਪ ਦੰਡਾਂ ਦੇ ਆਧਾਰ ਉੱਪਰ ਨਹੀਂ ਹੁੰਦੀ ਸਗੋਂ ਆਲੋਚਕ ਅਕਸਰ ਲਿਖਤ ਅਤੇ ਲੇਖਕ ਪ੍ਰਤੀ ਆਪਣੀਆਂ ਨਿੱਜੀ ਭਾਵਨਾਵਾਂ ਜਾਂ ਅਗਾਂਊ ਤਹਿ ਯੋਜਨਾ 'ਤੇ ਆਧਾਰਿਤ ਸ਼ਬਦ ਜਾਲ ਬੁਣਨ ਲੱਗ ਪੈਂਦਾ ਆ। ਲੇਖਕਾਂ ਨੂੰ ਉੱਪਰ ਚੁੱਕਣਾਂ, ਥੱਲੇ ਲਾਹੁਣਾ, ਜਾਂ ਅਣਗੌਲਿਆਂ ਕਰਨਾ ਅਲੋਚਕਾਂ ਦੇ ਨਿੱਜੀ ਦਾਇਰਿਆਂ, ਗੁੱਟਬੰਦੀਆਂ, ਯਾਰੀਆਂ, ਦੁਸ਼ਮਣੀਆਂ ਉੱਪਰ ਜ਼ਿਆਦਾ ਅਧਾਰਤ ਆ। ਅਲੋਚਕਾਂ ਉੱਪਰ ਗਿਲਾ ਇਸ ਲਈ ਨਹੀਂ ਕਿ ਮੈਂ ਜਗੀਰੂ ਕਦਰਾਂ ਕੀਮਤਾਂ ਵਾਲੇ ਸਮਾਜ ਵਿਚ ਰਹਿ ਰਹੇ, ਤੇ ਉਪਰੋਂ ਭੂਤਮੁੱਖੀ ਸੋਚ ਦੇ ਸ਼ਿਕਾਰ, ਅਲੋਚਕਾਂ ਕੋਲੋਂ ਇਹਤੋਂ ਵੱਧ ਆਸ ਵੀ ਕੋਈ ਨਹੀਂ ਰੱਖਦਾ। ਪੰਜਾਬੀ ਸਾਹਿਤਕ ਆਲੋਚਨਾ ਦੀ ਮੇਰੇ ਵਲੋਂ ਕੀਤੀ ਉੱਤਕ ਆਲੋਚਨਾ,ਬਦਕਿਸਮਤੀ ਨੂੰ, ਲੱਗਭੱਗ ਸਾਰੇ ਪੰਜਾਬੀ 'ਤੇ ਢੁੱਕਦੀ ਹੈ, ਪਰ ਖੁਸ਼ਕਿਸਮਤੀ ਨੂੰ 'ਵੀਂਹ ਵੀਂਹ ਕੋਹ 'ਤੇ ਦੀਵਾ' ਤਾਂ ਜਗਦਾ ਹੀ ਹੈ। ਭਾਵੇਂ 'ਆਟੇ ਵਿੱਚ ਲੂਣ ਬਰਾਬਰ' ਹੀ ਸਹੀ, ਪਰ ਕੁਝ ਅਸਲੀ, ਯਾਣਿ ਗਣਨੁਨਿਏ, ਆਲੋਚਕ ਤੇ ਸਮੀਖਿਆ/ਮੁਲਾਂਕਣ ਕਾਰ ਪੰਜਾਬੀ ਸਾਹਿਤ ਵਿੱਚ ਵੀ ਮਿਲ ਜਾਂਦੇ ਨੇ; ਮਿਸਾਲ ਵਜੋਂ ਜਿਨ੍ਹਾਂ ਦੇ ਰਾਹਾਂ ਨਾਲ ਮੇਰੇ ਰਾਹ ਪਾਰ ਹੋਏ, ਉਹ ਨੇ ਭਾਅ ਜੀ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ), ਡਾ. ਉਮਿੰਦਰ ਜੌਹਲ, ਰਵਿੰਦਰ ਸਿੰਘ ਸੋਢੀ, ਆਦਿ।

- **ਤੁਸੀਂ ਖੁੱਲ੍ਹੀ ਕਵਿਤਾ ਵੀ ਲਿਖੀ ਹੈ ਤੇ ਪ੍ਰਗੀਤਕ ਵੀ। ਇਹ ਫੈਸਲਾ ਕਿਵੇਂ ਕਰਦੇ ਉਂ ਕਿ ਕਦੋਂ ਖੁੱਲ੍ਹੀ ਕਵਿਤਾ ਲਿਖਣੀ ਆਂ ਤੇ ਕਦੋਂ ਗੀਤ ਦੇ ਰੂਪ ਵਿਚ ਜਾਂ ਪ੍ਰਗੀਤਕ?**

ਕਵਿਤਾ ਦਾ ਖੁੱਲ੍ਹੀ ਜਾਂ ਪ੍ਰਗੀਤਕ ਹੋਣਾ ਕਾਵਿ-ਰੂਪ ਦਾ ਮਸਲਾ ਹੈ, ਤੇ ਕਵਿਤਾ ਵਿਚਲਾ ਖਿਆਲ ਤੇ ਮਸਾਲਾ ਕਵਿਤਾ ਦਾ ਵਿਸ਼ਾ-ਵਸਤੂ ਹੁੰਦਾ ਆ। ਕੋਈ ਵਿਸ਼ਾ-ਵਸਤੂ ਖੁੱਲ੍ਹੀ ਕਵਿਤਾ ਵਿਚ ਜ਼ਿਆਦਾ ਅਸਰਦਾਇਕ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਤੇ ਕੋਈ ਹੋਰ ਵਿਸ਼ਾ-ਵਸਤੂ ਪ੍ਰਗੀਤਕ ਕਵਿਤਾ ਵਿਚ। ਸੋ, ਮੇਰੇ ਵਿਚਾਰ ਅਨੁਸਾਰ, ਕਾਵਿ ਰੂਪ ਆਮ ਤੌਰ 'ਤੇ ਵਿਸ਼ਾ-ਵਸਤੂ ਉੱਪਰ ਨਿਰਭਰ ਕਰਦਾ। ਬਾਕੀ, ਹਰੇਕ ਕਵੀ ਦਾ ਕਵਿਤਾ ਲਿਖਣ ਦਾ ਆਪਣਾ ਹੀ ਢੰਗ ਹੁੰਦਾ (ਜਾਂ ਹੋਣਾ ਚਾਹੀਦਾ) ਜਿਹਨੂੰ ਕਾਵਿ-ਵਿਧੀ ਕਹਿ ਸਕਦੇ ਆਂ; ਇਹ ਕਾਵਿ-ਵਿਧੀ ਅਕਸਰ ਤਜਰਬੇ, ਯਾਣਿ ਏਣਪਏਰਇਨਚਏ, 'ਚੋਂ ਉੱਸਰਦੀ ਆ। ਮੌਲਿਕਤਾ ਪੈਦਾ ਕਰਨ ਲਈ ਕਵੀ ਵਾਸਤੇ ਬੜਾ ਜ਼ਰੂਰੀ ਹੁੰਦਾ ਆ ਕਿ ਉਹ ਆਪਣੀ ਅਲੱਗ ਕਾਵਿ-ਵਿਧੀ ਵਿਕਸਿਤ ਕਰੇ। ਇਹ ਕਾਵਿ-ਵਿਧੀ ਵੀ ਇਸ ਫੈਸਲੇ ਵਿਚ ਰੋਲ ਅਦਾ ਕਰਦੀ ਆ ਕਿ ਕੋਈ ਵਿਸ਼ਾ-ਵਸਤੂ ਖੁੱਲ੍ਹੀ ਕਵਿਤਾ ਦੇ ਜ਼ਿਆਦਾ ਮੇਚ ਆਊ ਜਾਂ ਪ੍ਰਗੀਤਕ ਕਵਿਤਾ ਦੇ।

- **ਕਵਿਤਾ ਦਾ ਖਿਆਲ ਆਓਣ ਤੋਂ ਲੈ ਕੇ ਕਵਿਤਾ ਪੂਰੀ ਤਰ੍ਹਾਂ ਲਿਖਣ ਤੱਕ ਦਾ ਸਫ਼ਰ ਕਿਸ ਤਰ੍ਹਾਂ ਦਾ ਹੈ ਤੁਹਾਡਾ?**

ਬੜਾ ਸੋਹਣਾ ਤੇ ਰੌਚਕ ਸੁਆਲ! ਤੁਸੀਂ ਠੀਕ ਬੁੱਝਿਆ; ਮੇਰੀ ਲਈ ਹਰ 'ਕਵਿਤਾ ਉਸਾਰੀ' ਇੱਕ ਸਫ਼ਰ ਹੈ, ਤੇ ਇਹ ਸਫ਼ਰ ਖਿਆਲ ਤੋਂ ਸ਼ੁਰੂ ਹੁੰਦਾ ਆ। ਖਿਆਲ ਆਉਣ ਲੱਗਾ ਥਾਂ ਤੇ ਸਮਾਂ ਨਹੀਂ ਵੇਖਦਾ, ਨਾ ਇਸ ਗੱਲ ਦੀ ਪ੍ਰਵਾਹ ਕਰਦਾ ਪਈ ਮੈਂ ਕਿਸ ਹਾਲਤ ਵਿੱਚ ਆ, ਕੀ ਕਰ ਰਿਹਾ, ਜਾਗਦਾ ਜਾਂ ਸੁੱਤਾ, ਇਤਿਆਦਿ। ਮੈਨੂੰ ਜਦ ਖਿਆਲ ਜਾਂ ਕਾਵਿ-ਖਿਆਲ ਆਉਂਦਾ ਤਾਂ ਮੈਂ ਫ਼ਟਾਫੱਟ ਲੈਪਟਾਪ ਚੁੱਕ ਕੇ ਕਵਿਤਾ ਲਿਖਣ ਨਹੀਂ ਲੱਗ ਪੈਂਦਾ। ਬਲਕਿ, ਮੈਂ ਖਿਆਲ ਨਾਲ ਘੁਲਦਾ ਰਹਿੰਦਾ ਹਾਂ ਉਹਦੇ ਵੱਖ ਵੱਖ ਪਹਿਲੂ ਟੋਹਣ ਲਈ, ਤੇ ਇਸ ਖਿਆਲ ਨੂੰ ਇਹਦੇ ਗੁਆਂਡੀ ਖਿਆਲਾਂ ਨਾਲ ਲੜਨ ਝਗੜਣ ਦਿੰਦਾ। ਫਿਰ ਕਵਿਤਾ ਸ਼ੁਰੂ ਹੋ ਜਾਂਦੀ ਆ, ਮਨ ਹੀ ਮਨ, ਕਵਿਤਾ ਘੁਲਦਾ ਆ, ਮਨ ਹੀ ਮਨ। ਆਖ਼ਰੀ ਕਦਮ ਆ, ਲੈਪਟਾਪ ਚੁੱਕ ਕੇ ਕਵਿਤਾ ਲਿਖਣੀ ਸ਼ੁਰੂ ਕਰਨਾ। ਖਿਆਲ ਦੀ ਆਮਦ ਤੋਂ ਕਵਿਤਾ ਲਿਖਣ ਦੇ ਸਫ਼ਰ ਦੌਰਾਨ, ਕਈ ਵਾਰ ਜੇ ਨਵ-ਆਏ ਖਿਆਲ ਉੱਪਰ ਬੈਠਾ ਹੀ ਰਹਾਂ, ਉਸ ਉੱਪਰ ਕੰਮ ਸ਼ੁਰੂ ਕਰਨ ਦੀ ਬਜਾਏ, ਤਾਂ ਖਿਆਲ ਓਡਾਰੀ ਮਾਰ ਜਾਂਦਾ ਆ। ਕਈ ਵਾਰ ਅਜੇਹਾ ਖਿਆਲ ਵਾਪਸ ਆ ਜਾਂਦਾ, ਕਈ ਵਾਰੀ ਨਹੀਂ:

-ਚਲਦਾ

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Christine Dear**
christine@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Erin McNab**
erin@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਭਾਈ ਜਸਵੰਤ ਸਿੰਘ ਖਾਲੜਾ 'ਤੇ ਆਧਾਰਿਤ ਫਿਲਮ 'ਪੰਜਾਬ 95' ਨੂੰ ਰਿਲੀਜ਼ ਹੋਣ ਤੋਂ ਕਿਉਂ ਰੋਕਿਆ ਗਿਆ..?

**ਲੇਖਕ : ਅਵਤਾਰ ਸਿੰਘ ਅਨੰਦ**
**ਹੁਸ਼ਿਆਰ ਨਗਰ, ਅੰਮ੍ਰਿਤਸਰ**

ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਰਹੇ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ 'ਤੇ ਹਨੀ ਤ੍ਰੇਹਨ ਵਲੋਂ ਬਣਾਈ ਗਈ ਫ਼ਿਲਮ 'ਪੰਜਾਬ 95' ਨੂੰ ਰਿਲੀਜ਼ ਹੋਣ ਤੋਂ ਫਿਰ ਰੋਕ ਲਿਆ ਗਿਆ ਹੈ।

ਫ਼ਿਲਮ 2022 'ਚ ਬਣਨੀ ਸ਼ੁਰੂ ਹੋਈ ਸੀ ਅਤੇ ਉਦੋਂ ਤੋਂ ਹੀ ਇਸ ਨੂੰ ਸੈਂਸਰ ਬੋਰਡ ਟੇਢੀ ਅੱਖ ਨਾਲ ਦੇਖ ਰਿਹਾ ਹੈ। 2023 ਤੋਂ ਲੈ ਕੇ ਅੱਜ ਤੱਕ ਇਸ ਫ਼ਿਲਮ ਨੂੰ ਸਿਨੇਮਾ ਘਰਾਂ 'ਚ ਰਿਲੀਜ਼ ਨਾ ਹੋਣ ਦੇਣਾ ਤਾਂ ਇਕ ਪਾਸੇ ਬਲਕਿ ਇੰਟਰਨੈੱਟ ਦੇ ਨੈੱਟਫਲਿਕਸ ਅਤੇ ਦੂਜੇ ਓ. ਟੀ. ਟੀ. ਪਲੇਟ ਫਾਰਮਾਂ 'ਤੇ ਵੀ ਰਿਲੀਜ਼ ਨਹੀਂ ਹੋਣ ਦਿੱਤਾ ਜਾ ਰਿਹਾ। ਯੂ-ਟਿਊਬ 'ਤੇ ਚੱਲ ਰਿਹਾ ਟੀਜ਼ਰ ਵੀ ਹਟਾ ਦਿੱਤਾ ਗਿਆ ਹੈ।

ਫ਼ਿਲਮ 'ਪੰਜਾਬ '95' ਨੂੰ ਪ੍ਰਦਰਸ਼ਿਤ ਹੋਣ ਤੋਂ ਰੋਕਣ ਦਾ ਕਾਰਨ ਸੈਂਸਰਸ਼ਿਪ 'ਤੇ ਰਾਜਨੀਤਕ ਦਬਾਅ ਮੰਨਿਆ ਜਾ ਰਿਹਾ ਹੈ, ਕਿਉਂਕਿ ਇਸ ਫ਼ਿਲਮ ਦਾ ਜਿਹੜਾ ਮੁੱਖ ਕਿਰਦਾਰ (ਜਸਵੰਤ ਸਿੰਘ ਖਾਲੜਾ) ਹੈ ਉਸ ਨੇ 1980-90 ਵਿਚਾਲੇ ਪੰਜਾਬ ਪੁਲਿਸ ਦੀਆਂ ਕਾਰਵਾਈਆਂ ਦੇ ਦੌਰਾਨ ਗੁੰਮ ਹੋਏ ਲੋਕਾਂ ਦੀ ਸਚਾਈ ਸਾਹਮਣੇ ਲਿਆਉਂਦਿਆਂ ਆਪਣੀ ਜ਼ਿੰਦਗੀ ਲੇਖੇ ਲਾ ਦਿੱਤੀ ਸੀ। ਇਸ ਫ਼ਿਲਮ ਦਾ ਮੁੱਖ ਕਿਰਦਾਰ ਜਸਵੰਤ ਸਿੰਘ ਖਾਲੜਾ ਕੌਣ ਸੀ ਅਤੇ ਉਨ੍ਹਾਂ 'ਤੇ ਬਣੀ ਫ਼ਿਲਮ ਨੂੰ ਵਾਰ-ਵਾਰ ਸੈਂਸਰ ਬੋਰਡ ਰਿਲੀਜ਼ ਹੋਣ ਤੋਂ ਕਿਉਂ ਰੋਕ ਰਿਹਾ ਹੈ, ਇਸ ਲੇਖ ਰਾਹੀਂ 'ਅਜੀਤ' ਅਖ਼ਬਾਰ ਦੇ ਪਾਠਕਾਂ ਨਾਲ ਜਾਣਕਾਰੀ ਸਾਂਝੀ ਕਰ ਰਿਹਾ ਹਾਂ।

ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਜਸਵੰਤ ਸਿੰਘ ਖਾਲੜਾ ਜਿਨ੍ਹਾਂ ਨੂੰ 1995 'ਚ ਅੰਮ੍ਰਿਤਸਰ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਹਮਣੇ ਕਬੀਰ ਪਾਰਕ ਵਾਲੇ ਘਰ ਤੋਂ 6 ਸਤੰਬਰ ਨੂੰ ਪੰਜਾਬ ਪੁਲਿਸ ਵਲੋਂ ਚੁੱਕ ਲਿਆ ਗਿਆ ਸੀ। ਚੁੱਕ ਕੇ ਉਸ ਨੂੰ ਝਬਾਲ ਥਾਣੇ 'ਚ ਰੱਖਿਆ ਗਿਆ। ਭਾਰੀ ਤਸ਼ੱਦਦ ਕਰਨ ਤੋਂ ਬਾਅਦ ਉਨ੍ਹਾਂ ਦੀ ਲਾਸ਼ ਨੂੰ ਹਰੀਕੇ ਹੈੱਡ ਵਿਖੇ ਰੋੜ੍ਹ ਦਿੱਤਾ ਗਿਆ। ਉਸ ਵੇਲੇ ਪੰਜਾਬ 'ਚ ਖਾਲੜਾ ਨੂੰ ਲੈ ਕੇ ਬਹੁਤ ਵਿਵਾਦ ਹੋਇਆ। ਪੰਜਾਬ ਦੀ ਕਾਂਗਰਸ ਸਰਕਾਰ ਦੀ ਬਹੁਤ ਕਿਰਕਰੀ ਹੋਈ। ਪੰਥਕ ਜਥੇਬੰਦੀਆਂ ਅਤੇ ਲੀਡਰਾਂ ਨੇ ਵੀ ਖਾਲੜਾ ਪਰਿਵਾਰ ਦਾ ਕੋਈ ਬਹੁਤਾ ਸਾਥ ਨਾ ਦਿੱਤਾ। ਕਾਂਗਰਸ ਦੇ ਮਰਹੂਮ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਨੇ ਇਹ ਕੇਸ ਦੀ ਜਾਂਚ ਸੀ. ਬੀ. ਆਈ. ਦੇ ਹਵਾਲੇ ਕਰਕੇ ਕਾਂਗਰਸ ਨੂੰ ਸੁਰਖ਼ਰੂ ਕਰ ਦਿੱਤਾ। ਸੀ. ਬੀ. ਆਈ. ਦੀ ਲੰਬੀ ਚੱਲੀ ਪੜਤਾਲ ਤੋਂ ਬਾਅਦ ਕੁਝ ਕੁ ਪੁਲਿਸ ਮੁਲਾਜ਼ਮਾਂ ਨੂੰ ਸਜ਼ਾ ਹੋਈ, ਕੁਝ ਕੁ ਬਚ ਨਿਕਲੇ। ਤਤਕਾਲੀਨ ਸਾਬਕਾ ਐਸ. ਐਸ. ਪੀ. ਅਜੀਤ ਸਿੰਘ ਸੰਧੂ ਆਤਮ ਹੱਤਿਆ ਕਰ ਗਿਆ।

ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਜਿਵੇਂ-ਜਿਵੇਂ ਪੁਰਾਣੀ ਹੁੰਦੀ ਗਈ, ਕੇਸ ਠੰਢੇ ਬਸਤੇ 'ਚ ਪੈਂਦਾ ਚਲਾ ਗਿਆ। ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਨੇ ਬੜੀ ਭੱਜ-ਨੱਠ ਕੀਤੀ ਕਿ ਸ਼ਾਇਦ ਉਨ੍ਹਾਂ ਦੇ ਮਰਹੂਮ ਪਤੀ ਨੂੰ ਨਿਆਂ ਮਿਲ ਸਕੇ ਪਰ ਇਨਸਾਫ਼ ਮਿਲਿਆ ਵੀ ਤਾਂ ਬਹੁਤ ਦੇਰ ਬਾਅਦ। ਕੁਝ ਪੁਲਿਸ ਮੁਲਾਜ਼ਮ ਰੱਬ ਨੂੰ ਪਿਆਰੇ ਹੋ ਗਏ। ਕੁਝ ਜ਼ਮਾਨਤ 'ਤੇ ਬਾਹਰ ਆ ਗਏ। ਕੁਝ ਬਿਮਾਰੀ ਦਾ ਬਹਾਨਾ ਬਣਾ ਕੇ ਅਦਾਲਤ 'ਚ ਕੇਸ ਫਾਈਲ ਕਰਵਾ ਚੁੱਕੇ ਹਨ। 1990 ਦੇ ਦਹਾਕੇ 'ਚ ਖਾੜਕੂਵਾਦ ਦੌਰਾਨ ਪੰਜਾਬ ਪੁਲਿਸ ਦੁਆਰਾ ਸਿੱਖ ਨੌਜਵਾਨਾਂ ਦੇ ਗ਼ੈਰ-ਕਾਨੂੰਨੀ ਕਤਲਾਂ ਦਾ ਪਰਦਾਫਾਸ਼ ਕਰਦਿਆਂ ਉਨ੍ਹਾਂ ਨੇ ਜਾਂਚ ਦਾ ਕਾਰਜ ਆਰੰਭਿਆ ਸੀ, ਕਿ ਅੰਮ੍ਰਿਤਸਰ ਦੇ ਦੁਰਗਿਆਣਾ ਮੰਦਿਰ, ਪੱਟੀ, ਤਰਨ ਤਾਰਨ ਅਤੇ ਮਜੀਠਾ ਦੇ ਸ਼ਮਸ਼ਾਨ ਘਾਟ 'ਚ ਪੰਜਾਬ ਦੀ ਤਤਕਾਲੀਨ ਹਕੂਮਤ ਅਤੇ ਭਾਰਤੀ ਸਟੇਟ ਨੇ ਜਿਹੜੇ 25 ਹਜ਼ਾਰ ਦੇ ਕਰੀਬ ਪੰਜਾਬੀ ਸਿੱਖ ਨੌਜਵਾਨ ਮਾਰ ਖਪਾਏ ਹਨ, ਉਨ੍ਹਾਂ ਦਾ ਹਿਸਾਬ ਦਿੱਤਾ ਜਾਵੇ।




ਜਸਵੰਤ ਸਿੰਘ ਖਾਲੜਾ ਵਲੋਂ ਪੰਜਾਬ 'ਚ 90 ਦੇ ਦਹਾਕੇ 'ਚ ਨਿਭਾਇਆ ਗਿਆ ਰੋਲ ਅੱਜ ਦੀ ਯੁਵਾ ਪੀੜ੍ਹੀ ਨੂੰ ਵੱਡੇ ਪਰਦੇ 'ਤੇ ਦਿਖਾਉਣ ਲਈ ਮੱਧ ਪ੍ਰਦੇਸ਼ ਦੇ ਸਾਗਰ ਸ਼ਹਿਰ 'ਚ ਜਨਮੇ ਖਾਲੜਾ ਫ਼ਿਲਮ ਦੇ ਨਿਰਦੇਸ਼ਕ ਹਨੀ ਤ੍ਰੇਹਨ ਨੇ ਖਾਲੜਾ ਪਰਿਵਾਰ ਤੋਂ ਆਗਿਆ ਲੈ ਕੇ 2022 ਵਿਚ ਫ਼ਿਲਮ ਦਾ ਨਿਰਦੇਸ਼ਨ ਸ਼ੁਰੂ ਕੀਤਾ ਸੀ। 2023 'ਚ ਫ਼ਿਲਮ ਰਿਲੀਜ਼ ਹੋਣੀ ਸੀ ਪਰ ਉਦੋਂ ਤੋਂ ਹੀ ਸੈਂਸਰ ਬੋਰਡ ਵਲੋਂ ਡਰਾਮੇਬਾਜ਼ੀ ਸ਼ੁਰੂ ਕਰਦਿਆਂ ਇਸ ਦੇ ਪ੍ਰਸਾਰਨ ਨੂੰ ਰੋਕਿਆ ਗਿਆ।

ਸੈਂਸਰ ਬੋਰਡ ਨੇ ਪੰਜਾਬ ਦੇ ਇਸ ਸੰਵੇਦਨਸ਼ੀਲ ਵਿਸ਼ੇ 'ਤੇ ਆਧਾਰਿਤ ਫ਼ਿਲਮ 'ਚ 120 ਕਟੌਤੀਆਂ ਦਾ ਸੁਝਾਅ ਦਿੱਤਾ ਸੀ। ਫ਼ਿਲਮ ਨਿਰਦੇਸ਼ਕ ਹਨੀ ਤ੍ਰੇਹਨ ਦਾ ਕਹਿਣਾ ਹੈ ਕਿ ਪਹਿਲਾਂ ਸਾਨੂੰ ਖਾਲੜਾ ਪਰਿਵਾਰ ਦੀਆਂ ਕੁਝ ਸਖ਼ਤ ਸ਼ਰਤਾਂ ਦਾ ਖਿਆਲ ਰੱਖਣਾ ਪਿਆ, ਹੁਣ ਸੈਂਸਰ ਬੋਰਡ ਦੀਆਂ ਕਰਵਾਈਆਂ ਕਰਕੇ ਅਟਕਲਾਂ ਜਾਰੀ ਹਨ। ਇਸ ਵਾਰ ਫ਼ਿਲਮ 7 ਫਰਵਰੀ ਨੂੰ ਰਿਲੀਜ਼ ਹੋਣੀ ਸੀ। ਪਰ ਸੈਂਸਰ ਬੋਰਡ ਨੇ ਰੋਕ ਲਗਾ ਦਿੱਤੀ।

ਸੈਂਸਰ ਬੋਰਡ ਚਾਹੁੰਦਾ ਹੈ ਕਿ 120 ਕਟੌਤੀਆਂ ਕੀਤੀਆਂ ਜਾਣ, ਫ਼ਿਲਮ ਦਾ ਟਾਈਟਲ ਬਦਲਿਆ ਜਾਵੇ, ਮੁੱਖ ਕਿਰਦਾਰ ਦਾ ਨਾਂਅ ਜਸਵੰਤ ਸਿੰਘ ਤੋਂ ਬਦਲ ਕੇ ਕੁਝ ਹੋਰ ਕੀਤਾ ਜਾਵੇ। ਸੈਂਸਰ ਬੋਰਡ ਦੀ ਇਸ ਸ਼ਰਤ ਨੂੰ ਮੁੱਖ ਰੱਖਦਿਆਂ ਫ਼ਿਲਮ ਦਾ ਨਾਂਅ ਬਦਲ ਕੇ 'ਪੰਜਾਬ '95' ਰੱਖ ਦਿੱਤਾ ਗਿਆ ਪਰ ਟੀਮ ਨੂੰ ਕਟੌਤੀਆਂ ਮਨਜ਼ੂਰ ਨਹੀਂ ਸਨ, ਕਿਉਂਕਿ ਮੰਨ ਲਓ ਫ਼ਿਲਮ 120 ਮਿੰਟ ਲੰਬੀ ਹੈ ਅਤੇ ਹਰੇਕ ਕੱਟ 20 ਸਕਿੰਟ ਲੰਬਾ ਹੈ ਤਾਂ ਤੁਸੀਂ ਫ਼ਿਲਮ ਦਾ 1/3 ਹਿੱਸਾ ਹਟਾ ਰਹੇ ਹੋ। ਮਤਲਬ ਕਿ ਤੁਸੀਂ ਅੱਧੀ ਫ਼ਿਲਮ ਨੂੰ ਹਟਾ ਰਹੇ ਹੋ। ਪਹਿਲੀ ਗੱਲ ਤਾਂ ਇਹ ਹੈ ਕਿ ਜੇਕਰ ਖਾਲੜਾ ਪਰਿਵਾਰ ਨੇ ਫ਼ਿਲਮ ਨਿਰਦੇਸ਼ਕ ਨੂੰ ਮਨਜ਼ੂਰੀ ਦਿੱਤੀ ਹੋਈ ਹੈ ਤਾਂ ਸੈਂਸਰ ਬੋਰਡ ਜਸਵੰਤ ਸਿੰਘ ਖਾਲੜਾ ਦੀ ਵਿਰਾਸਤ ਅਤੇ ਉਸ ਦੇ ਪਰਿਵਾਰ ਨਾਲ 120 ਕੱਟਾਂ, ਸਮੇਤ ਫ਼ਿਲਮ ਦੇ ਨਾਂਅ ਅਤੇ ਮੁੱਖ ਕਿਰਦਾਰ ਵਿਚ ਤਬਦੀਲੀ ਦੇ ਨਾਲ-ਨਾਲ ਐਨੀਆਂ ਸਖ਼ਤ ਸ਼ਰਤਾਂ ਸਮੇਤ ਵੀ ਪਾਬੰਦੀ ਲਗਾ ਦੇਵੇ ਤਾਂ ਕੀ ਇਸ ਨੂੰ ਠੀਕ ਕਿਹਾ ਜਾ ਸਕਦਾ ਹੈ? ਇਸ ਤੋਂ ਪਹਿਲਾਂ 13 ਕਟੌਤੀਆਂ ਨਾਲ ਕੰਗਨਾ ਰਣੌਤ ਦੀ 'ਐਮਰਜੈਂਸੀ' ਫ਼ਿਲਮ ਰਿਲੀਜ਼ ਕੀਤੀ ਗਈ ਸੀ। ਕਸ਼ਮੀਰ ਤੇ ਬਣੀ ਫ਼ਿਲਮ 'ਕਸ਼ਮੀਰ ਫਾਈਲ' ਨੂੰ 7 ਮਾਮੂਲੀ ਕੱਟਾਂ ਨਾਲ ਰਿਲੀਜ਼ ਕੀਤਾ ਗਿਆ ਸੀ।

ਪਰ ਖਾਲੜਾ 'ਤੇ ਬਣੀ ਫ਼ਿਲਮ ਨੂੰ ਭਾਰਤੀ ਹਕੂਮਤ ਦੇ ਰਾਜਨੀਤਕ ਦਬਾਅ ਕਾਰਨ 2023 ਦੇ ਟੋਰਾਂਟੋ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ ਤੋਂ ਵੀ ਹਟਵਾ ਦਿੱਤਾ। ਇਸ ਤੋਂ ਇਲਾਵਾ, ਜਨਵਰੀ 2025 ਵਿਚ ਯੂ-ਟਿਊਬ 'ਤੇ ਰਿਲੀਜ਼ ਕੀਤੇ ਗਏ ਫ਼ਿਲਮ ਦੇ ਟ੍ਰੇਲਰ ਨੂੰ ਤੀਹ ਲੱਖ ਤੋਂ ਵੱਧ ਵਿਊਜ਼ ਪ੍ਰਾਪਤ ਹੁੰਦਿਆਂ ਹੀ ਇਸ ਟ੍ਰੇਲਰ ਨੂੰ ਵੀ ਯੂ ਟਿਊਬ ਤੋਂ ਹਟਾ ਦਿੱਤਾ ਗਿਆ। ਅਸਲ 'ਚ ਸੈਂਸਰ ਬੋਰਡ ਉਤੇ ਰਾਜਨੀਤਕ ਦਬਾਅ ਹੈ, ਸੈਂਸਰ ਬੋਰਡ ਚਾਹੁੰਦਾ ਹੈ ਕਿ ਫ਼ਿਲਮ ਵਿਚ ਕੁਝ ਹੋਰ ਬਦਲਾਅ ਕੀਤੇ ਜਾਣ.... ਜਿਵੇਂ ਕਿ ਜਸਵੰਤ ਸਿੰਘ ਖਾਲੜਾ ਦਾ ਨਾਂਅ ਨਾ ਵਰਤਿਆ ਜਾਵੇ, ਫ਼ਿਲਮ ਦਾ ਨਾਂਅ ਖਾਲੜਾ ਦੇ ਨਾਂਅ 'ਤੇ ਨਹੀਂ ਹੋਣਾ ਚਾਹੀਦਾ, ਫ਼ਿਲਮ ਵਿਚ ਚਲਦੇ ਗੁਰਬਾਣੀ ਕੀਰਤਨ ਨੂੰ ਵੀ ਹਟਾਇਆ ਜਾਵੇ, ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲਿਆਂ, ਲਾਵਾਰਸ ਲਾਸ਼ਾਂ ਦੇ ਅੰਕੜੇ ਅਤੇ ਉਨ੍ਹਾਂ ਥਾਵਾਂ ਦੇ ਨਾਂਅ ਜਿੱਥੇ ਇਹ ਘਟਨਾਵਾਂ ਵਾਪਰੀਆਂ, ਪੁਲਿਸ ਅਫ਼ਸਰਾਂ ਦੇ ਨਾਂਅ ਵੀ ਹਟਾਏ ਜਾਣ। ਇਕ ਗੱਲ ਜ਼ਿਕਰਯੋਗ ਹੈ ਕਿ ਸੈਂਸਰ ਬੋਰਡ ਜਿਨ੍ਹਾਂ ਇਤਿਹਾਸਕ ਤੱਥਾਂ 'ਤੇ ਇਤਰਾਜ਼ ਕਰ ਰਿਹਾ ਹੈ ਉਹ ਸਾਰੇ ਹੀ ਸਾਬਿਤ ਹੋ ਚੁੱਕੇ ਹਨ।

ਬੀਬੀ ਪਰਮਜੀਤ ਕੌਰ ਖਾਲੜਾ ਨੇ ਟਵੀਟ ਕਰਦਿਆਂ ਲਿਖਿਆ ਹੈ ਕਿ, ਅਸੀਂ ਫ਼ਿਲਮ ਦੇ ਪ੍ਰੋਡਿਊਸਰ ਨੂੰ ਵੀ ਜਸਵੰਤ ਸਿੰਘ ਖਾਲੜਾ ਅਤੇ ਫ਼ਿਲਮ ਦੀ ਕਹਾਣੀ ਦੇ ਸੱਚ ਨਾਲ ਖੜ੍ਹਨ ਦੀ ਅਪੀਲ ਕਰਦੇ ਹਾਂ। ਅਸੀਂ ਫ਼ਿਲਮ ਨਿਰਦੇਸ਼ਕ ਵਲੋਂ ਕਾਨੂੰਨੀ ਤੱਥਾਂ ਦੀ ਬੁਨਿਆਦ 'ਤੇ ਬਣਾਈ ਇਸ ਫ਼ਿਲਮ ਅਤੇ ਦਿਲਜੀਤ ਦੋਸਾਂਝ ਵਲੋਂ ਨਿਭਾਏ ਖਾਲੜਾ ਦੇ ਕਿਰਦਾਰ ਨਾਲ ਸਹਿਮਤ ਹਾਂ ਅਤੇ ਆਸ ਕਰਦੇ ਹਾਂ ਕਿ ਫ਼ਿਲਮ ਅਸਲ ਰੂਪ ਵਿਚ ਰਿਲੀਜ਼ ਕੀਤੀ ਜਾਵੇਗੀ।

ਫ਼ਿਲਮ ਰਿਲੀਜ਼ ਹੁੰਦੀ ਹੈ ਜਾਂ ਨਹੀਂ ਇਹ ਬਾਅਦ ਦੀ ਗੱਲ ਹੈ ਪਰ ਇਕ ਗੱਲ ਜ਼ਰੂਰ ਪੱਕੀ ਹੈ ਕਿ ਹਰੇਕ ਪੰਜਾਬੀ ਉਸ ਕਿਰਦਾਰ ਨੂੰ ਨੇੜੇ ਤੋਂ ਦੇਖਣ ਲਈ ਉਤਸੁਕ ਹੈ, ਜਿਹੜਾ ਜਸਵੰਤ ਸਿੰਘ ਖਾਲੜਾ ਨੇ ਆਪਣੀ ਜ਼ਿੰਦਗੀ 'ਚ ਉਨ੍ਹਾਂ ਗੁੰਮ ਹੋਏ ਲੋਕਾਂ ਦੀ ਭਾਲ ਕਰਦਿਆਂ ਨਿਭਾਇਆ ਸੀ ਅਤੇ ਉਸ ਨੇ ਕਿਸ ਤਰ੍ਹਾਂ ਦਲੇਰੀ ਦਾ ਪ੍ਰਗਟਾਵਾ ਕਰਦਿਆਂ ਭਾਰਤੀ ਹਕੂਮਤ ਅਤੇ ਪੰਜਾਬ ਪੁਲਿਸ ਦੇ ਕਿਰਦਾਰ ਨੂੰ ਉਜਾਗਰ ਕਰ ਦਿੱਤਾ ਸੀ?

# ਮੋਦੀ ਸਰਕਾਰ ਨੇ ਛਮਾ ਸਵੰਤ ਦਾ ਵੀਜ਼ਾ ਰੋਕਣਾ ਜਮਹੂਰੀਅਤ ਵਿਰੋਧੀ ਕਾਰਵਾਈ

ਨਵੀਂ ਦਿੱਲੀ : ਭਾਰਤੀ ਮੂਲ ਦੀ ਸਿਆਟਲ ਸਿਟੀ ਕੌਂਸਲ ਮੈਂਬਰ ਛਮਾ ਸਾਵੰਤ ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਭਾਰਤ ਫੇਰੀ ਵਾਸਤੇ ਭਾਰਤੀ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਅਮਰੀਕਾ ਦੇ ਵਾਸ਼ਿੰਗਟਨ ਸੂਬੇ ਵਿੱਚ ਜਾਤੀ ਭੇਦਭਾਵ ਨੂੰ ਖਤਮ ਕਰਨ ਲਈ ਇੱਕ ਕਾਨੂੰਨ ਪਾਸ ਕਰਵਾਉਣ ਵਾਲੀ ਸਾਵੰਤ ਨੇ ਕਿਹਾ ਕਿ ਇਸੇ ਕਾਰਨ ਉਸ ਨੂੰ ਭਾਰਤ ਸਰਕਾਰ ਦੀ 'ਵੀਜ਼ਾ ਨਾ ਦੇਣ' ਵਾਲੀ ਸੂਚੀ ਵਿੱਚ ਰੱਖਿਆ ਗਿਆ ਹੈ। ਉਸ ਨੂੰ ਬੀਤੇ ਸਾਲ ਤੋਂ ਤੀਜੀ ਵਾਰ ਵੀਜ਼ਾ ਦੇਣ ਤੋਂ ਨਾਂਹ ਕੀਤੀ ਗਈ ਹੈ।

ਭਾਰਤ ਦੇ ਸਿਆਟਲ ਸਥਿਤ ਕੌਂਸਲਖ਼ਾਨੇ ਦੀ ਇਸ ਕਾਰਵਾਈ ਵਿਰੁੱਧ ਸਾਵੰਤ ਅਤੇ ਉਸ ਦੀ ਸੰਸਥਾ 'ਵਰਕਰਜ਼ ਸਟਰਾਈਕ ਬੈਕ' ਦੇ ਮੈਂਬਰਾਂ ਨੇ ਭਾਰਤੀ ਕੌਂਸਲਖ਼ਾਨੇ ਵਿਖੇ ਧਰਨਾ ਦਿੱਤਾ। ਦੂਜੇ ਪਾਸੇ ਭਾਰਤੀ ਕੌਂਸਲਖ਼ਾਨੇ ਦੇ ਅਧਿਕਾਰੀਆਂ ਨੇ ਵਿਰੋਧ ਪ੍ਰਦਰਸ਼ਨ ਨਾਲ ਸਿੱਝਣ ਲਈ ਸਥਾਨਕ ਪੁਲਸ ਨੂੰ ਬੁਲਾ ਲਿਆ। ਬੀਬੀ ਸਾਵੰਤ ਨੇ 'ਐਕਸ' ਉਤੇ ਪਾਈ ਇਕ ਪੋਸਟ ਵਿੱਚ ਕਿਹਾਮੈਂ ਅਤੇ ਮੇਰੇ ਪਤੀ ਸਿਆਟਲ ਸਥਿਤ ਭਾਰਤੀ ਕੌਂਸਲਖਾਨੇ ਵਿੱਚ ਗਏ ਹਾਂ। ਉਨ੍ਹਾਂ ਮੇਰੀ ਮਾਂ ਦੇ ਬਹੁਤ ਬਿਮਾਰ ਹੋਣ ਕਾਰਨ ਉਨ੍ਹਾ ਨੂੰ ਤਾਂ ਐਮਰਜੈਂਸੀ ਵੀਜ਼ਾ ਦੇ ਦਿੱਤਾ, ਪਰ ਮੇਰਾ ਵੀਜ਼ਾ ਰੱਦ ਕਰ ਦਿੱਤਾ, ਸਾਫ ਕਿਹਾ ਕਿ ਮੇਰਾ ਨਾਂਅ 'ਰੱਦ ਸੂਚੀ' ਵਿੱਚ ਹੈ। ਛਮਾ ਦਾ ਕਹਿਣਾ ਸੀਮੇਰੇ ਸਮਾਜਵਾਦੀ ਸਿਟੀ ਕੌਂਸਲ ਦਫ਼ਤਰ ਨੇ ਮੋਦੀ ਦੇ ਮੁਸਲਿਮ-ਵਿਰੋਧੀ ਗਰੀਬ-ਵਿਰੋਧੀ ਨਾਗਰਿਕਤਾ ਕਾਨੂੰਨ (ਸੀ ਏ ਏ-ਐੱਨ ਆਰ ਸੀ) ਦੀ ਨਿੰਦਾ ਕਰਦੇ ਹੋਏ ਇੱਕ ਮਤਾ ਪਾਸ ਕੀਤਾ। ਅਸੀਂ ਜਾਤੀ ਵਿਤਕਰੇ ਵਿਰੁੱਧ ਵੀ ਇਤਿਹਾਸਕ ਪਾਬੰਦੀ ਲਈ ਜਿੱਤ ਹਾਸਲ ਕੀਤੀ ਸੀ। ਸੀ ਏ ਏ ਦਾ ਭਾਵ ਹੈ, ਭਾਰਤੀ ਸੰਸਦ ਵੱਲੋਂ ਪਾਸ ਕੀਤਾ ਗਿਆ ਨਾਗਰਿਕਤਾ ਸੋਧ ਕਾਨੂੰਨ, 2019 ਅਤੇ ਐੱਨ ਆਰ ਸੀ ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ ਹੈ। ਸਿਆਟਲ ਸਿਟੀ ਕੌਂਸਲ ਨੇ 2023 ਵਿੱਚ ਸਾਵੰਤ ਵੱਲੋਂ ਪੇਸ਼ ਕੀਤੇ ਗਏ ਇੱਕ ਮਤੇ ਦੇ ਅਧਾਰ 'ਤੇ ਸ਼ਹਿਰ ਦੇ ਵਿਤਕਰੇ ਵਿਰੋਧੀ ਕਾਨੂੰਨਾਂ ਵਿੱਚ ਜਾਤੀ ਵਿਤਕਰੇ ਨੂੰ ਸ਼ਾਮਲ ਕੀਤਾ ਸੀ ਅਤੇ ਇਸ ਤਰ੍ਹਾਂ ਸਿਆਟਲ ਜਾਤਪਾਤ 'ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਅਮਰੀਕੀ ਸ਼ਹਿਰ ਬਣ ਗਿਆ ਸੀ ਅਤੇ ਦੱਖਣੀ ਏਸ਼ੀਆ ਤੋਂ ਬਾਹਰ ਅਜਿਹਾ ਕਾਨੂੰਨ ਪਾਸ ਕਰਨ ਵਾਲਾ ਦੁਨੀਆ ਦਾ ਪਹਿਲਾ ਸ਼ਹਿਰ ਬਣ ਗਿਆ।

ਇਸ ਕਾਨੂੰਨ, ਜੋ ਕਿ ਜਾਤ ਦੇ ਆਧਾਰ 'ਤੇ ਵਿਤਕਰੇ ਨੂੰ ਗੈਰ-ਕਾਨੂੰਨੀ ਠਹਿਰਾਉਂਦਾ ਹੈ, ਨੂੰ ਅਮਰੀਕਾ ਵਿੱਚ ਦੱਖਣੀ ਏਸ਼ੀਆਈ ਭਾਈਚਾਰਿਆਂ ਦਾ ਭਾਰੀ ਸਮਰਥਨ ਪ੍ਰਾਪਤ ਹੋਇਆ। ਹਾਲਾਂਕਿ ਇਸ ਅੰਦੋਲਨ ਨੂੰ ਕੁਝ ਭਾਰਤੀਆਂ ਤੇ ਅਮਰੀਕੀਆਂ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ। ਉਨ੍ਹਾਂ ਦੀ ਦਲੀਲ ਸੀ ਕਿ ਅਜਿਹਾ ਕਾਨੂੰਨ ਇੱਕ ਖਾਸ ਭਾਈਚਾਰੇ ਨੂੰ ਬਦਨਾਮ ਕਰਨ ਵਾਲਾ ਹੈ।

ਇਥੇ ਜ਼ਿਕਰਯੋਗ ਹੈ ਕਿ 17 ਅਕਤੂਬਰ 1973 ਨੂੰ ਮੁੰਬਈ ਵਿਚ ਦਰਮਿਆਨੇ ਤਬਕੇ ਦੇ ਪਰਵਾਰ ਵਿੱਚ ਜਨਮ ਲੈਣ ਵਾਲੀ ਛਮਾ ਸਾਵੰਤ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰਕੇ ਉੱਚ ਸਿੱਖਿਆ ਹਾਸਲ ਕਰਨ ਲਈ ਅਮਰੀਕਾ ਚਲੇ ਗਈ ਸੀ, ਜਿੱਥੇ ਉਸ ਨੇ ਨਾਰਥ ਕੈਰੋਲਾਈਨਾ ਸਟੇਟ ਯੂਨੀਵਰਸਿਟੀ ਤੋਂ ਮਾਸਟਰ ਦੀ ਡਿਗਰੀ ਹਾਸਲ ਕੀਤੀ। ਅਮਰੀਕਾ ਵਿਚ ਰਹਿੰਦਿਆਂ ਉਸ ਨੇ ਸਮਾਜੀ ਨਿਆਂ ਤੇ ਮਜ਼ਦੂਰਾਂ ਦੇ ਹੱਕਾਂ ਦੇ ਮੁੱਦਿਆਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਸੋਸ਼ਲਿਸਟ ਅਲਟਰਨੇਟਿਵ ਨਾਂਅ ਦੀ ਜਥੇਬੰਦੀ ਨਾਲ ਕੀਤੀ, ਜਿਹੜੀ ਕਿ ਸਮਾਜਵਾਦੀ ਵਿਚਾਰਧਾਰਾ ਨੂੰ ਬੜ੍ਹਾਵਾ ਦਿੰਦੀ ਹੈ ਅਤੇ ਪੂੰਜੀਵਾਦ ਦੇ ਖ਼ਿਲਾਫ਼ ਸੰਘਰਸ਼ ਕਰਦੀ ਹੈ। 2013 ਵਿੱਚ ਉਹ ਸਿਆਟਲ ਸਿਟੀ ਕੌਂਸਲ ਦੀ ਮੈਂਬਰ ਚੁਣੀ ਗਈ ਸੀ। ਉਸ ਨੇ ਆਪਣੇ ਕਾਰਜਕਾਲ ਦੌਰਾਨ ਘੱਟੋ-ਘੱਟ ਮਜ਼ਦੂਰੀ ਵਧਾਉਣ, ਮਕਾਨ ਕਿਰਾਇਆਂ 'ਤੇ ਕੰਟਰੋਲ ਤੇ ਮਜ਼ਦੂਰਾਂ ਦੇ ਹੱਕਾਂ ਲਈ ਕਈ ਅਹਿਮ ਕਦਮ ਚੁੱਕੇ। 2020 ਵਿੱਚ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਤੇ ਕੌਮੀ ਨਾਗਰਿਕ ਰਜਿਸਟਰ (ਐੱਨ ਆਰ ਸੀ) ਖ਼ਿਲਾਫ਼ ਛਮਾ ਸਾਵੰਤ ਦੀ ਅਗਵਾਈ 'ਚ ਸਿਆਟਲ ਨਗਰ ਕੌਂਸਲ ਵਿੱਚ ਮਤਾ ਪਾਸ ਕੀਤਾ ਗਿਆ। ਅਮਰੀਕਾ 'ਚ ਇਸ ਤਰ੍ਹਾਂ ਦਾ ਇਹ ਪਹਿਲਾ ਕਦਮ ਸੀ। ਇਸ ਮਤੇ ਦੀ ਸੈਂਕੜੇ ਹਿੰਦੂਆਂ, ਮੁਸਲਮਾਨਾਂ, ਇਸਾਈਆਂ ਤੇ ਵੱਖ-ਵੱਖ ਅਮਰੀਕੀ ਮਜ਼ਦੂਰ ਜਥੇਬੰਦੀਆਂ ਨੇ ਹਮਾਇਤ ਕੀਤੀ। ਮੋਦੀ ਸਰਕਾਰ ਇਸ ਤੋਂ ਕਾਫੀ ਨਰਾਜ਼ ਹੋਈ।

# ਕੈਨੇਡਾ ਅਮਰੀਕਾ ਬਿਨ੍ਹਾਂ ਅਰਥਵਿਵਸਥਾ ਨੂੰ ਨੁਕਾਸਨ ਪਹੁੰਚਾਏ ਵੀ ਹੱਲ ਲੱਭ ਸਕਦੇ ਹਨ : ਪ੍ਰੀਮੀਅਰ ਈਬੀ

ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਏਬੀ ਵਾਸ਼ਿੰਗਟਨ, ਡੀ.ਸੀ. ਵਿੱਚ ਹੋਰ ਪ੍ਰੀਮੀਅਰਾਂ ਨਾਲ ਮਿਲਕੇ ਸੰਯੁਕਤ ਰਾਜ ਅਮਰੀਕਾ ਦੇ ਪ੍ਰਧਾਨ ਮੰਤਰੀ ਡੋਨਲਡ ਟ੍ਰੰਪ ਦੇ ਪ੍ਰਸਤਾਵਿਤ ਟੈਰਿਫਸ 'ਤੇ ਗੱਲਬਾਤ ਕਰਨ ਲਈ ਉਥੇ ਮੌਜੂਦ ਹੋਏ ਹਨ।



ਏਬੀ ਨੇ ਕਿਹਾ ਕਿ ਵਾਈਟ ਹਾਊਸ ਵਿੱਚ ਬੁਧਵਾਰ ਦੁਪਹਿਰ ਪ੍ਰਧਾਨ ਮੰਤਰੀ ਟ੍ਰੰਪ ਦੇ ਦਫਤਰ ਦੇ ਨਿਰਦੇਸ਼ਕ ਅਤੇ ਜੇਮਸ ਬਲੇਅਰ, ਟ੍ਰੰਪ ਦੇ ਡਿਪਟੀ ਚੀਫ ਆਫ ਸਟਾਫ ਨਾਲ "ਚੰਗੀ ਅਤੇ ਰਚਨਾਤਮਕ ਗੱਲਬਾਤ" ਹੋਈ।

"ਮੈਂ ਸਮਝਦਾ ਹਾਂ ਕਿ ਇਹ ਸਕਾਰਾਤਮਕ ਸੀ," ਏਬੀ ਨੇ ਕਿਹਾ। "ਇਹ ਇੱਕ ਖੁੱਲ੍ਹੀ ਗੱਲਬਾਤ ਸੀ। ਮਿਸਟਰ ਗੋਰ ਅਤੇ ਮਿਸਟਰ ਬਲੇਅਰ ਨੇ ਪ੍ਰੀਮੀਅਰਾਂ ਨੂੰ ਕਿਹਾ ਕਿ ਟ੍ਰੰਪ ਦੇ ਕਹਿਣਾ ਨੂੰ ਗੰਭੀਰਤਾ ਨਾਲ ਲਓ।

ਏਬੀ ਨੇ ਕਿਹਾ ਕਿ ਪ੍ਰੀਮੀਅਰਾਂ ਨੂੰ ਦੱਸਿਆ ਗਿਆ ਸੀ ਕਿ ਟ੍ਰੰਪ ਨੂੰ ਫੇਂਟਨੀਲ ਦੇ ਅਮਰੀਕਾ ਦੀ ਸਰਹੱਦ 'ਤੇ ਆਉਣ ਦੀ ਚਿੰਤਾ ਹੈ ਅਤੇ ਉਹ ਚਾਹੁੰਦੇ ਹਨ ਕਿ ਸੰਸਾਰ ਅਮਰੀਕਾ ਨੂੰ ਵਪਾਰ ਅਤੇ ਹੋਰ ਸੰਬੰਧਾਂ ਵਿੱਚ ਇਜ਼ਤ ਦੇਵੇ। ਟੈਰਿਫਸ ਦੇ ਮਾਮਲੇ 'ਤੇ, ਏਬੀ ਨੇ ਕਿਹਾ ਕਿ ਟ੍ਰੰਪ ਦੇ ਪ੍ਰਸ਼ਾਸਨ ਦੇ ਕੁਝ ਮੁੱਖ ਸਕ੍ਰੇਟਰੀ ਨੇ ਕਿਹਾ ਕਿ ਉਹ ਪ੍ਰੀਮੀਅਰਾਂ ਨਾਲ ਦੁਬਾਰਾ ਮਿਲ ਸਕਦੇ ਹਨ।

"ਮੇਰੇ ਲਈ ਮੁੱਖ ਗੱਲਾਂ ਜੋ ਮੈਂ ਸਮਝੀਆਂ ਹਨ, ਉਹ ਇਹ ਹਨ ਕਿ ਪ੍ਰੀਮੀਅਰਾਂ ਨੇ ਮੇਜ਼ 'ਤੇ ਇੱਕ ਮੁੱਖ ਸੁਨੇਹਾ ਪੇਸ਼ ਕੀਤਾ,", ਕਨੇਡਾ ਕਦੇ ਵੀ ਅਮਰੀਕਾ ਰਾਜ ਨਹੀਂ ਬਣੇਗਾ, ਪਰ ਅਸੀਂ ਸਾਂਝੀ ਦਿਲਚਸਪੀਆਂ ਵਿੱਚ ਸਹਿਯੋਗ ਕਰਨ ਲਈ ਤਿਆਰ ਹਾਂ।"

ਸਰਹੱਦ 'ਤੇ ਸੁਰੱਖਿਆ ਜਾਂ ਪੈਟ੍ਰੋਲ ਵਧਾਉਣ ਦੇ ਸੰਬੰਧ ਵਿੱਚ, ਏਬੀ ਨੇ ਕਿਹਾ ਕਿ ਪ੍ਰੀਮੀਅਰਾਂ ਨੇ ਇਹ ਅਰਜ਼ ਕੀਤੀ ਕਿ ਜੇ ਅਮਰੀਕੀ ਅਧਿਕਾਰੀਆਂ ਕੋਲ ਸਰਹੱਦ ਜਾਂ ਫੇਂਟਨੀਲ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ ਉਹਨਾਂ ਨੂੰ ਸਾਂਝਾ ਕਰਨ। ਏਬੀ ਨੇ ਕਿਹਾ "ਸਾਡੇ ਕੋਲ ਵੀ ਕਾਨੂੰਨੀ ਕਾਰਵਾਈ ਕਰਨ ਦੇ ਸਾਧਨ ਹਨ, ਜੋ ਕਿ ਸੂਬੇ ਅਤੇ ਖੇਤਰਾਂ ਵਿੱਚ ਲਾਗੂ ਕਰਨ ਲਈ ਅਸੀਂ ਤਿਆਰ ਹਾਂ," ਪਰ ਸਾਨੂੰ ਇਸ ਜਾਣਕਾਰੀ ਦੀ ਲੋੜ ਹੈ ਤਾਂ ਕਿ ਅਸੀਂ ਕਾਰਵਾਈ ਕਰ ਸਕੀਏ।" "ਸਾਰਾ ਮੂਲ ਸੰਮੇਲਨ ਇਸ ਗੱਲ 'ਤੇ ਸੀ ਕਿ ਸਾਰੇ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਇਸ ਗੱਲ ਦੀ ਸਮਝ ਹੈ ਕਿ ਸੰਯੁਕਤ ਰਾਜ ਅਤੇ ਕੈਨੇਡਾ ਦਰਮਿਆਨ ਸੰਬੰਧ ਬਹੁਤ ਜ਼ਰੂਰੀ ਹਨ ਅਤੇ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਇਹ ਵਪਾਰ ਅਤੇ ਟੈਰਿਫਸ ਦੀਆਂ ਗੱਲਾਂ 'ਤੇ ਕੀ ਉਦੇਸ਼ ਹਨ।" "ਇਹ ਸਾਡਾ ਪ੍ਰਸ਼ਨ ਹੈ, ਅਤੇ ਯਕੀਨਨ ਇਹ ਬ੍ਰਿਟਿਸ਼ ਕੋਲੰਬੀਆ ਲਈ ਸਮਝਣ ਦਾ ਇੱਕ ਪ੍ਰਸ਼ਨ ਹੈ ਕਿ ਅਮਰੀਕੀ ਕਿਉਂ ਇਸ ਗੱਲ ਨੂੰ ਕਬੂਲ ਕਰਦੇ ਹਨ ਕਿ ਉਹ ਆਪਣੇ ਆਪ ਨੂੰ ਐਲਮੀਨੀਅਮ ਲਈ 25 ਪ੍ਰਤੀਸ਼ਤ ਜ਼ਿਆਦਾ ਭੁਗਤਾਨ ਕਰਨ ਦੇ ਲਈ ਮੰਨਦੇ ਹਨ, ਜੋ ਉਹ ਕਿਸੇ ਹੋਰ ਥਾਂ ਨਹੀਂ ਪ੍ਰਾਪਤ ਕਰ ਸਕਦੇ।"

ਓਂਟਾਰੀਓ ਦੇ ਪ੍ਰੀਮੀਅਰ ਡੌਗ ਫੋਰਡ ਨੇ ਕਿਹਾ ਹੈ ਕਿ ਕੈਨੇਡਾ ਨੂੰ ਟਰੰਪ ਦੇ ਟੈਰਿਫਸ 'ਤੇ ਹੋਰ ਦਬਾਅ ਪਾਉਣਾ ਚਾਹੀਦਾ ਹੈ, ਪਰ ਏਬੀ ਨੇ ਕਿਹਾ ਕਿ ਉਹ "ਟੀਮ ਕੈਨੇਡਾ" ਦੇ ਸੱਥ ਵਿੱਚ ਸਹਿਯੋਗ ਕਰਦੇ ਹਨ ਅਤੇ ਦੋਵੇਂ ਦੇਸ਼ ਮਿਲ ਕੇ ਇਹ ਮਸਲੇ ਸੂਝ-ਬੂਝ ਨਾਲ ਹੱਲ ਕਰ ਸਕਦੇ ਹਨ ਬਿਨਾਂ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾਏ।

This report was written by Simranjit Singh as part of the Local Journalism Initiative.








WINNIPEG LOCATION
NOW OPEN 9am to 9pm
#3- 1375 McPhillips St.
SABZI MANDI SUPERMARKET
Serving our Community since 2003
Happy Family Day Long Weekend
HOT PRICE JUMBO CAULIFLOWER ਗੋਭੀ 2.49 ea
HOT PRICE FRESH CILANTRO ਧਨੀਆਂ Bunch 2 for 1.29
HOT PRICE ROMA TOMATOES ਰੋਮਾ ਟਮੱਟਰ 79¢ /lb
HOT PRICE GREEN PEPPERS ਹਰੀਆਂ ਸ਼ਿਮਲਾ ਮਿਰਚਾਂ 99¢ /lb
PUNJABI BY NATURE DRY PETHA ਪੰਜਾਬੀ ਬਾਈ ਨੇਚਰ ਪੇਠਾ 400g 3.99 ea
PUNJABI BY NATURE SUJI RUSK ਪੰਜਾਬੀ ਬਾਈ ਨੇਚਰ ਸੂਜੀ ਰੱਸਕ 600g 4.99 ea
IN SHELL ROASTED PEANUTS ਮੂੰਗਫਲੀ Bulk 1.99 /lb
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
AASHIRVAAD MULTIGRAIN FLOUR ਆਸ਼ਿਰਵਾਦ ਮੱਲਟੀਗਰੇਨ ਆਟਾ 10lb 10.99 ea
UNBEATABLE DEAL
ANNAPURNA CHAKKI ATTA ਅਨਾਪੂਰਨਾ ਚੱਕੀ ਆਟਾ 20lb 12.99 ea
CASE LOT SALE
ROMA TOMATOES ਰੋਮਾ ਟਮੱਟਰ 25lb CASE $19 ea
FRESH CAULIFLOWER ਗੋਭੀ 12 pc $26 ea
RUSSET POTATOES ਆਲੂ 5 x 10lb $18 ea
LEHAR GACHAK ਲੇਹਰ ਗੱਚਕ 400g 2.99 ea
RED LABEL TEA ਰੈਡ ਲੇਬਲ ਚਾਹ 1.8kg 22.99 ea
ALMOND OIL ਬਦਾਮ ਤੇਲ 1L 11.99 ea
LONG ENGLISH CUCUMBERS ਖੀਰੇ 2 for 1.49
RUSSET POTATOES ਆਲੂ 10lb 3.99 ea
EXTRA FANCY RED ONIONS ਲਾਲ ਗੰਢੇ 25lb 16.99 ea
PROUDLY CANADIAN • PROUDLY PUNJABI!
FRESH BROCCOLI ਬਰੋਕੋਲੀ 1.29 /lb
LUCAN MANDARIN ORANGES ਲੂਕਨ ਮੈਂਡਰਿਨ ਸੰਗਤਰੇ 1.29 /lb
AMBROSIA APPLES ਐਮਬਰੋਜ਼ੀਆ ਸੇਬ 99¢ /lb
FRESH GINGER ਅੱਦਰਕ 1.59 /lb
FRESH ZUCCHINI ਤੋਰੀ 69¢ /lb
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. February 14, 2025 - Wed. February 19, 2025
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.